ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 37 | 03 October 2018 to 09 October 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





05



■ ਭਾਈਚਾਰਾ

ਐਮੀ ਪੁਰਸਕਾਰ ਜਿੱਤਣ ਵਾਲੀ ਪਹਿਲੀ ਸਿੱਖ ਪੱਤਰਕਾਰ ਬਣੀ ਪ੍ਰਭਜੋਤ ਕੌਰ ਰੰਧਾਵਾ





11

■ ਭਖਦਾ ਮਸਲਾ

ਬਾਦਲਾਂ ਤੋਂ ਨਾਰਾਜ਼ ਅਕਾਲੀਆਂ ਦੀ 'ਸਿਹਤ ਖਰਾਬ' ਹੋਣ ਲੱਗੀ





21

■ ਖਾਸ ਰਿਪੋਰਟ

ਜੇਕਰ ਮੈਂ ਭ੍ਰਿਸ਼ਟਾਚਾਰ ਕਰਾਂ ਤਾਂ ਸੂਲੀ 'ਤੇ ਟੰਗ ਦਿਓ : ਕੇਜਰੀਵਾਲ


*ਪੰਜਾਬ ਪੁਲਿਸ ਦੇ ਦੋ ਝੂਠੇ ਮੁਕਾਬਲਿਆਂ ਦਾ ਸਾਹਮਣੇ ਆਇਆ ਸੱਚ*

## ਦੋ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਪੁਲਸੀਆਂ ਨੂੰ ਉਮਰ ਕੈਦ

**ਮੋਹਾਲੀ/ਬਿਊਰੋ ਨਿਊਜ਼ :**
ਪੰਜਾਬ ਪੁਲਿਸ ਨੇ ਖਾੜਕੂਵਾਦ ਦੌਰਾਨ ਕਿਵੇਂ ਬੇਕਸੂਰ ਸਿੱਖ ਗੱਭਰੂਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਇਆ ਸੀ, ਉਸ ਦਾ ਇਕ ਵਾਰ ਫਿਰ ਪਰਦਾਫਾਸ਼ ਹੋਇਆ ਹੈ। ਪੰਜਾਬ ਦੇ ਮੋਹਾਲੀ ਦੀ ਅਦਾਲਤ ਨੇ ਦੋ ਦਿਨ ਦੋ ਵੱਖ ਵੱਖ ਕਥਿਤ ਪੁਲਿਸ ਮੁਕਾਬਲਿਆਂ ਨੂੰ ਝੂਠੇ ਕਰਾਰ ਦਿੰਦਿਆਂ ਦੋ ਸਿੱਖ ਨੌਜਵਾਨਾਂ ਦੇ ਕਾਤਲ ਪੁਲਸ ਅਫਸਰਾਂ ਨੂੰ 26 ਸਾਲ ਬਾਅਦ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਪਹਿਲੇ ਕੇਸ ਵਿਚ ਲਗਭਗ 26 ਸਾਲ ਪਹਿਲਾਂ ਸਤੰਬਰ 1992 ਵਿਚ ਪੰਜਾਬ ਪੁਲਸ ਵਲੋਂ ਬਿਆਸ ਖੇਤਰ ਦੇ ਇਕ ਨਾਬਾਲਗ ਨੌਜਵਾਨ ਨੂੰ ਪੁਲਸ ਮੁਕਾਬਲੇ ਵਿਚ ਮਾਰਨ ਦੇ ਦੋਸ਼ ਵਿਚ ਸੀਬੀਆਈ. ਅਦਾਲਤ ਨੇ ਉਸ ਵੇਲੇ ਦੇ ਬਿਆਸ ਪੁਲਸ ਸਟੇਸ਼ਨ ਦੇ ਐੱਸਐੱਚਓ. ਰਘੁਬੀਰ ਸਿੰਘ


ਬਾਕੀ ਸਫ਼ਾ 08 'ਤੇ


# ਬਰਗਾੜੀ ਮੋਰਚਾ : ਨਵੇਂ ਰਾਜਸੀ ਬਦਲ ਲਈ ਜ਼ਮੀਨ ਤਿਆਰ

- *7 ਅਕਤੂਬਰ ਨੂੰ ਹੋਣ ਜਾ ਰਿਹਾ ਹੈ ਤਿਕੋਣਾ ਸ਼ਕਤੀ-ਪ੍ਰਦਰਸ਼ਨ*
- *14 ਅਕਤੂਬਰ ਨੂੰ ਮਨਾਈ ਜਾ ਰਹੀ ਹੈ ਬਹਿਬਲ ਕਲਾਂ ਗੋਲੀ ਕਾਂਡ ਦੀ ਬਰਸੀ*
- *ਬਾਦਲ ਦਲ ਤੇ ਮੋਰਚਾ ਸਮਰਥਕਾਂ ਵਿਚ ਟਕਰਾਅ ਦੇ ਹਾਲਾਤ*
- *ਭਗਵਾਂ ਬ੍ਰਿਗੇਡ ਵੀ ਬਰਗਾੜੀ ਮੋਰਚੇ ਦੇ ਵਿਰੋਧ ਵਿਚ ਨਿਤਰਿਆ*



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲਕਲਾਂ ਗੋਲੀਕਾਂਡ ਦਾ ਇਨਸਾਫ ਮੰਗਣ ਸਮੇਤ ਹੋਰ ਪੰਥਕ ਮੰਗਾਂ ਨੂੰ ਲੈ ਕੇ ਸ਼ੁਰੂ ਹੋਇਆ ਬਰਗਾੜੀ ਮੋਰਚਾ ਰਾਜ ਦੀ ਸਿਆਸਤ ਦਾ ਕੇਂਦਰ ਬਿੰਦੂ ਬਣ ਗਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਰਗਾੜੀ ਮੋਰਚੇ 'ਚੋਂ ਤੀਸਰੀ ਪੰਥਕ ਸਿਆਸੀ ਧਿਰ ਉਭਰ ਸਕਦੀ ਹੈ, ਜੋ ਬਾਦਲ ਦਲ, 'ਆਪ' ਅਤੇ ਕਾਂਗਰਸ ਤੋਂ ਨਿਰਾਸ਼ ਹੋ ਚੁੱਕੇ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਚੱਲ ਸਕਦੀ ਹੈ। ਕੁਝ ਸਿਆਸੀ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਪੰਥਕ ਏਕਤਾ ਲਈ ਬੀਤੇ ਵਿਚ ਬਹੁਤੀ ਵਾਰ ਸੁਹਿਰਦ ਨਹੀਂ ਜਾਪਦੇ ਰਹੇ, ਇਸ ਲਈ ਇਹ ਏਕਤਾ ਹੋਣੀ ਅਸੰਭਵ ਹੈ। ਸ਼ਾਇਦ ਉਨ੍ਹਾਂ ਨੂੰ ਇਹ ਭਰਮ ਹੋ ਜਾਂਦਾ ਹੈ ਕਿ ਸੰਗਤਾਂ ਸਿਰਫ ਉਨ੍ਹਾਂ ਦੇ ਨਾਲ ਹੀ ਹਨ।


ਬਾਕੀ ਸਫ਼ਾ 29 'ਤੇ


### ਭਗਵਾਂ ਬ੍ਰਿਗੇਡ ਬਰਗਾੜੀ ਮੋਰਚੇ ਵਿਰੁਧ ਨਿਤਰਿਆ

ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦਾ ਕਾਂਗਰਸ ਵਿਰੋਧ ਰਵਾਇਤ ਮੁਤਾਬਕ ਇਕ ਵਾਰ ਮੁੜ ਪੰਜਾਬ ਦੀਆਂ ਹੱਕੀ ਤੇ ਵਾਜਿਬ ਮੰਗਾਂ ਦੇ ਖਿਲਾਫ ਭੁਗਤਿਆ ਹੈ। ਭਾਜਪਾ ਦੀ ਪੰਜਾਬ ਇਕਾਈ ਨੇ ਬੇਅਦਬੀ ਮਾਮਲੇ 'ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਤਿੱਖਾ ਵਿਰੋਧ ਕੀਤਾ। ਇਸ ਵਿਰੋਧ ਦਾ ਮੂਲ ਕਾਰਨ ਪਾਰਟੀ ਲੀਡਰਾਂ ਦੇ ਖੁਦ ਦੇ ਬਿਆਨਾਂ ਤੋਂ ਹੀ ਸਾਫ ਜਾਹਿਰ ਹੋਇਆ ਕਿ ਉਹ ਜਸਟਿਸ ਰਣਜੀਤ ਸਿੰਘ ਰਿਪੋਰਟ 'ਤੇ ਕੈਪਟਨ ਸਰਕਾਰ ਨੂੰ ਘੇਰਨ ਦਾ ਸਿਆਸੀ ਦਾਅ ਖੇਡ ਰਹੇ ਹਨ। ਭਾਜਪਾ ਦੀ ਚੰਡੀਗੜ੍ਹ ਵਿੱਚ ਹੋਈ ਉਕਤ ਮੀਟਿੰਗ ਵਿਚ ਪਾਸ ਮਤੇ ਵਿਚ ਕਿਹਾ


ਬਾਕੀ ਸਫ਼ਾ 29 'ਤੇ


# ਪੰਜਾਬ ਤੋਂ ਯੂਐਨਓ ਤਕ ਪਈ ਨਕੋਦਰ ਕਾਂਡ ਦੀ ਗੂੰਜ

## ਪੰਜਾਬ ਪੁਲਿਸ ਵੱਲੋਂ ਮਾਰੇ ਗਏ ਬੇਦੋਸ਼ੇ ਨੌਜਵਾਨਾਂ ਦੇ ਮਾਪਿਆਂ ਵੱਲੋਂ ਇਨਸਾਫ ਲਈ ਸੰਯੁਕਤ ਰਾਸ਼ਟਰ ਨੂੰ ਗੁਹਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ 4 ਫਰਵਰੀ, 1986 ਨੂੰ ਵਾਪਰੇ ਨਕੋਦਰ ਕਾਂਡ ਦਾ ਮਾਮਲਾ ਪਿਛਲੇ ਕੁਝ ਸਮੇਂ ਤੋਂ ਮੁੜ ਚਰਚਾ ਵਿਚ ਹੈ। ਤਾਜ਼ਾ ਘਟਨਾਕ੍ਰਮ ਵਿਚ ਪੀੜਤ ਧਿਰ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਤਕ ਇਕ ਖਤ ਰਾਹੀਂ ਪਹੁੰਚ ਕੀਤੀ ਹੈ। ਇਹ ਕਾਂਡ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਵੇਲੇ ਵਾਪਰਿਆ ਸੀ, ਜਿਸ ਵਿਚ ਪੰਜਾਬ ਪੁਲਿਸ ਨੇ ਚਾਰ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਇਹ ਕਾਂਡ ਵੀ ਸੰਨ ੨੦੧੫ ਦੇ ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ ਵਰਗਾ ਹੀ ਸੀ। ਨਕੋਦਰ ਸ਼ਹਿਰ ਵਿਚ 4 ਫਰਵਰੀ, 1986 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਏਆਈਐਸਐਸਐਫ)



ਵੱਲੋਂ ਇਕ ਹਿੰਦੂਵਾਦੀ ਸੰਗਠਨ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕਰਨ ਖਿਲਾਫ ਧਰਨਾ ਦਿੱਤਾ ਗਿਆ ਸੀ, ਜਿਥੇ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ। ਇਸ ਮੌਕੇ ਸ਼ਹੀਦ ਹੋਏ ਸਿੱਖਾਂ ਵਿਚੋਂ ਇਕ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਬਲਦੇਵ ਸਿੰਘ ਅਤੇ ਬਲਦੀਪ ਕੌਰ ਵੱਲੋਂ ਸੰਯੁਕਤ ਰਾਸ਼ਟਰ ਸੰਘ ਦੇ ਮੁਖੀ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਨਕੋਦਰ ਸ਼ਹਿਰ ਵਿਚ 4 ਫਰਵਰੀ, 1986 ਨੂੰ ਪੰਜਾਬ ਪੁਲਿਸ ਦੁਆਰਾ ਸ਼ਾਂਤਮਈ ਧਰਨੇ ਉਤੇ ਗੋਲੀ ਚਲਾਈ ਗਈ ਸੀ। ਪੰਜਾਬ ਪੁਲਿਸ ਅਤੇ ਭਾਰਤੀ ਸੁਰੱਖਿਆ ਬਲਾਂ ਦੁਆਰਾ ਚਾਰ ਸਿੱਖਾਂ ਨੂੰ ਇਕ ਅਣਉਚਿਤ ਅਤੇ ਬੇਲੋੜੀ ਗੋਲੀਬਾਰੀ ਵਿਚ ਮਾਰ ਦਿੱਤਾ ਗਿਆ ਸੀ ਜੋ ਕਿ ਆਪਣੇ


ਬਾਕੀ ਸਫ਼ਾ 29 'ਤੇ


### *ਸਰਕਾਰ ਪੀੜਤ ਪਰਿਵਾਰਾਂ ਤੋਂ ਮੰਗੇ ਮੁਆਫੀ : ਕੰਵਰ ਸੰਧੂ*

**ਚੰਡੀਗੜ੍ਹ/ਬਿਊਰੋ ਨਿਊਜ਼ :** ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ 'ਤੇ ਰਾਜਨੀਤਿਕ ਉਥਲ-ਪੁਥਲ ਹੋਣ ਤੋਂ ਬਾਅਦ, ਇਕ ਹੋਰ ਨਕੋਦਰ ਵਿਖੇ ਸੰਨ 1986 ਵਿਚ ਹੋਈ ਫਾਇਰਿੰਗ ਬਾਰੇ ਜਸਟਿਸ ਗੁਰਨਾਮ ਸਿੰਘ ਕਮਿਸਨ ਦੀ ਜਾਂਚ ਰਿਪੋਰਟ ਦਾ ਮਾਮਲਾ ਗਰਮ ਹੋ ਗਿਆ ਹੈ। ਇਹ ਜਾਂਚ ਰਿਪੋਰਟ ਵੀ ਸ਼੍ਰੋਮਣੀ ਅਕਾਲੀ ਦਲ ਲਈ ਹੀ ਮੁਸ਼ਕਿਲ ਬਣਦੀ ਨਜ਼ਰ ਆ ਰਹੀ ਹੈ। ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਨੇ ਮੰਗ ਕੀਤੀ ਹੈ ਕਿ ਇਸ ਸਬੰਧੀ ਇਕ ਵਿਸ਼ੇਸ ਜਾਂਚ ਟੀਮ ਦਾ ਗਠਨ ਕੀਤਾ ਜਾਵੇ ਅਤੇ ਜਸਟਿਸ ਗੁਰਨਾਮ ਸਿੰਘ ਕਮਿਸਨ ਦੀ ਰਿਪੋਰਟ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿਚ ਐਕਸ਼ਨ ਟੇਕਨ ਰਿਪੋਰਟ ਸਮੇਤ ਪੇਸ਼ ਕੀਤੀ ਜਾਵੇ। 'ਆਪ' ਦੇ ਬੁਲਾਰੇ ਕੰਵਰ ਸੰਧੂ, ਜੋ ਖਰੜ ਤੋਂ ਵਿਧਾਇਕ ਵੀ ਹਨ, ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਸਬੰਧ 'ਚ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਰਕਾਰ ਨਕੋਦਰ ਕਾਂਡ ਦੇ ਪੀੜਤ-ਪਰਿਵਾਰਾਂ ਤੋਂ ਮੁਆਫੀ ਮੰਗੇ ਅਤੇ ਬਣਦਾ ਮੁਆਵਜ਼ਾ ਦਿੱਤਾ ਜਾਵੇ। ਉਨਾਂ ਨੇ ਮਾਰਚ 1987 ਵਿਚ ਇਕ ਅਖਬਾਰ ਦੀ ਰਿਪੋਰਟ ਵੀ ਚਿੱਠੀ ਦੇ ਨਾਲ ਨੱਥੀ ਕੀਤੀ ਹੈ, ਜੋ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਆਫ ਇਨਕੁਆਇਰੀ ਦੇ ਨਤੀਜਿਆਂ 'ਤੇ ਅਧਾਰਿਤ ਹੈ। ਜ਼ਿਕਰਯੋਗ ਹੈ ਕਿ ਕੰਵਰ ਸੰਧੂ 'ਆਪ' ਨਾਲ ਜੁੜਨ ਤੋਂ ਪਹਿਲਾਂ ਪੱਤਰਕਾਰ ਵੀ ਰਹਿ ਚੁੱਕੇ ਹਨ। ਉਨਾਂ ਨੇ 28 ਅਗਸਤ ਨੂੰ ਪੰਜਾਬ ਅਸੰਬਲੀ ਵਿਚ ਬੇਅਦਬੀ ਕਾਂਡ ਉਤੇ ਚਰਚਾ ਦੌਰਾਨ ਸੰਖੇਪ ਵਿਚ ਇਸ ਘਟਨਾ ਦਾ ਜ਼ਿਕਰ ਵੀ ਕੀਤਾ ਸੀ। ਪੰਜਾਬ ਸਰਕਾਰ ਵੱਲੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਕਦੇ ਵੀ ਜਨਤਕ ਨਹੀਂ ਕੀਤੀ ਗਈ ਅਤੇ ਪੀੜਤਾਂ ਦੇ ਪਰਿਵਾਰ 32 ਸਾਲਾਂ ਤੋਂ ਨਿਆਂ ਦੀ ਉਡੀਕ ਕਰ ਰਹੇ ਹਨ।


ਬਾਕੀ ਸਫ਼ਾ 29 'ਤੇ





















SHAHEED BABA DEEP SINGH SPORTS ACADEMY SACRAMENTO
AND CALIFORNIA KABADDI FEDERATION OF USA ANNOUCING
INTERNATIONAL KABADDI CUP
ਇੰਟਰਨੈਸ਼ਨਲ ਕਬੱਡੀ ਕੱਪ 2018
GURDWARA SAHIB BRADSHAW ROAD
Sikh Temple, 7676 Bradshaw Rd. Sacramento CA 95829
2018
Sunday, October 7th, 2018
2018
8 ਗੋਲਡ ਮੈਡਲਾਂ ਨਾਲ ਵਿਸ਼ੇਸ਼ ਸਨਮਾਨ ਕੀਤੇ ਜਾਣਗੇ।
Baljit Sandhu
Teerath Gakhal
Pala Jalalpur
Sandeep Ambian
Dulla
Khushi
Mangi
Sultan
8 Gold Medals will be Awarded
PRIZE FOR OPEN
1st Prize $15,000
2nd Prize $14,000
3rd Prize $11,000
4th Prize $10,000
Charda Punjab Club, Sacrmento
COMMENTARY
TIGHT SECURITY
ਸ਼ਰਤਾਂ ਦੇ ਨਿਯਮ :
Kabaddi Clubs California
Bay Area Sports Club
Center Vally Sports Club
Fateh Sports Club
Shaheed Baba Deep Singh Sports Club
ਪੰਜਾਬ ਮੇਲ
LIVE KABADDI
ਅਜੀਤ
PRIZE FOR UNDER 25
1st Prize $3100
1st Prize $2100
CHICAGO'S PIZZA
PRIZE FOR UNDER 21
1st Prize $2100
1st Prize $1500
Khushi Dirba
Lakha Kothe Jattan
Pala Jalalpur
Dulla Bagga Pind
Pawan Dhillon
Sandeep Surkhpur
Yogi Haryana
Gurpreet Burj Hari
Sethi Harkhowal
Gurlal Ghanour
Sandeep Ludhar
Bana Dhaliwal
Sultan
Mangi Bagga Pind
Ruby Harkhowal
Jatinder Bains
Jesus & Jero
Maninder Kishanpura
Amrit Duggan
Bhoora
Jesse Sahota
Sukha Bhandal
Jagga Randhawa
Saffu Khadoor Sahib
Pamma Jhandeir
Teji Punia
Yadda Surkhpur
Yaad Kotli
Junni Gill
Happy Simply Sahib
Resham Jamarai
Channa Bheta
PLATINUM SPONSORS & WELL WISHERS
Shaheed Baba Deep Singh Sport Academy Sacramento CA
ਲੰਗਰ ਸੇਵਾ ਗਰੁੱਪ
Rupinder Grewal (GTI)
Sardara Kalotia
Bittay Giran
Amrik Khela
Roger Saini
G Khehra
Balkar Lidder
Gope
SHAHEED BABA DEEP SINGH SPORTS ACADEMY MEMBERS
Pargat Sandhu
Gurmit Wraich
Tarlochan Atwal
Davinder Singh
Lakhvir Singh Aujla
Narinder Thandi
Balwinder Sandhu
Pindi Sandhu
Pamma Lidhar
Inder
Happy Aulakh
Ginda Palwan
Bhinda Chahal
Ladda Kahlon
Happy Bariana
Bittu Randhawa
Harry Sangha
Randhir Singh Nijjar
Goldy Lally
Paul Bariana
Sukh Kular
Hardeep Dhindsa
Gurjit Deol
Pardeep Varlana
Kulwinder Singh
Design & Print
QUIK SIGNS
*661-703-8795 *661-900-7357
WWW.QUIKSIGNS.US
FOR MORE INFO : HAPPY BARIANA 916-240-4110, RANDHIR SINGH NIJJAR 916-416-9527

# ਇੰਡੀਅਨ ਓਵਰਸੀਜ਼ ਕਾਂਗਰਸ ਵੱਲੋਂ ਭਾਰਤ ਦੀ ਮੋਦੀ ਸਰਕਾਰ ਦੇ ਰਾਫੇਲ ਸਕੈਂਡਲ ਦੇ ਵਿਰੋਧ 'ਚ ਰੋਸ ਮੁਜ਼ਾਹਰਾ





**ਨਿਊਯਾਰਕ/ਬਿਊਰੋ ਨਿਊਜ਼ :** ਇੰਡੀਅਨ ਓਵਰਸੀਜ਼ ਕਾਂਗਰਸ, ਯੂਐਸਏ ਨੇ ਰਿਫੰਡ ਹਿੱਲ, ਨਿਊਯਾਰਕ ਵਿਚ ਇਕ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਦੌਰਾਨ ਭਾਰਤ ਦੀ ਮੋਦੀ ਸਰਕਾਰ ਦੁਆਰਾ ਸਭ ਤੋਂ ਵੱਡੇ ਰੱਖਿਆ ਘੁਟਾਲੇ ਨੂੰ ਅੰਜ਼ਾਮ ਦਿੰਦਿਆਂ ਰਫਾਲ ਜੰਗੀ ਜਹਾਜ਼ਾਂ ਦੀ ਖਰੀਦ ਵਿਚ ਕੀਤੇ ਗਏ ਭ੍ਰਿਸ਼ਟਾਚਾਰ ਨੂੰ ਉਜਾਗਰ ਕੀਤਾ ਗਿਆ। ਇਸ ਰੋਸ ਮੁਜ਼ਾਹਰੇ ਦੌਰਾਨ ਕਿਹਾ ਗਿਆ ਕਿ ਹਿੰਦੁਸਤਾਨ ਏਰੋਨੋਟਿਕਲ ਲਿਮਟਿਡ ਨੂੰ ਡਾਸੌਟਲ ਐਵੀਏਸ਼ਨ ਦੇ ਸਹਿਭਾਗੀ ਹੋਣਾ ਚਾਹੀਦਾ ਸੀ, ਨਾ ਕਿ ਮੋਦੀ ਦੇ ਮਿੱਤਰ ਅਨਿਲ ਅੰਬਾਨੀ ਨੂੰ, ਜੋ ਇਸ ਘੁਟਾਲੇ ਵਿਚ ਭਾਰਤੀਆਂ ਦੇ ਖ਼ੂਨ-ਪਸੀਨੇ ਦੀ ਕਮਾਈ ਦੇ 30,000 ਕਰੋੜ ਰੁਪਏ ਦੀ ਕਥਿਤ ਕਮਿਸ਼ਨ ਖਾ ਗਿਆ ਹੈ। ਰਾਜ ਸਭਾ ਦੇ ਮੈਂਬਰ ਡਾ. ਅਮੀ ਯਾਜਨੀਕ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਇਸ ਪੂਰੇ ਮਾਮਲੇ ਵਿਚ ਪਾਰਦਰਸ਼ਿਤਾ ਅਤੇ ਜਵਾਬਦੇਹੀ ਦੀ ਘਾਟ ਕਾਰਨ ਗੰਭੀਰ ਅਸੰਤੁਸ਼ਟੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ, "ਜਦੋਂ ਸਾਡੇ ਕਿਸਾਨ ਦੁੱਖ ਝੱਲ ਰਹੇ ਹਨ ਅਤੇ ਉਨ੍ਹਾਂ ਵਿਚੋਂ ਬਹੁਤੇ ਨਿਰਾਸ਼ਾ ਕਾਰਨ ਮੌਤ ਦੀ ਕਗਾਰ 'ਤੇ ਹਨ, ਤਾਂ ਮੋਦੀ ਸਰਕਾਰ ਦਾ ਧਿਆਨ ਸਿਰਫ ਉਨ੍ਹਾਂ ਦੇ ਪੂੰਜੀਵਾਦੀ ਮਿੱਤਰਾਂ ਦੇ ਖਜ਼ਾਨਿਆਂ ਨੂੰ ਵਧਾਉਣ ਵਿਚ ਹੈ। ਦੇਸ਼ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਵਰਤਿਆ ਜਾਣ ਵਾਲਾ ਪੈਸਾ ਲੁੱਟਿਆ ਜਾ ਰਿਹਾ ਹੈ।" ਡਾ. ਯਾਜਨੀਕ ਨੇ ਅੱਗੇ ਕਿਹਾ ਕਿ "ਰੱਖਿਆ ਮੰਤਰੀ, ਨਿਰਮਲਾ ਸੀਤਾਰਾਮਨ ਦੁਆਰਾ ਇਸ ਭ੍ਰਿਸ਼ਟ ਸੌਦੇ ਵਿਚ ਨਿਭਾਈ ਜਾ ਰਹੀ ਭੂਮਿਕਾ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਅਸੀਂ ਇਹ ਵੀ ਚਿੰਤਾ ਕਰਦੇ ਹਾਂ ਕਿ ਉਸ ਨੇ ਰੱਖਿਆ ਮੰਤਰਾਲੇ ਨੂੰ ਇਕ ਕਠਪੁਤਲੀ ਸੰਸਥਾ ਵਿਚ ਤਬਦੀਲ ਕਰ ਦਿੱਤਾ ਹੈ ਜੋ ਕਿਸੇ ਪੂੰਜੀਪਤੀਆਂ ਦੇ ਇਸ਼ਾਰਿਆਂ 'ਤੇ ਨੱਚ ਰਿਹਾ ਹੈ। ਇੰਡੀਅਨ ਓਵਰਸੀਜ਼ ਕਾਂਗਰਸ, ਯੂਐਸਏ ਦੇ ਮੁਖੀ ਮੋਹਿੰਦਰ ਸਿੰਘ ਗਿਲਜਿਅਨ ਨੇ ਕਿਹਾ ਕਿ ਦੇਸ਼ ਦੀ ਰੱਖਿਆ ਪ੍ਰਣਾਲੀ ਕੌਮੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ। ਇਸ ਠੱਗੀ ਦੇ ਸੌਦੇ ਨੂੰ ਸੰਗਠਿਤ ਲੁੱਟ ਬਰਾਬਰ ਕਰਾਰ ਦਿੰਦਿਆਂ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਅਤੇ ਰੱਖਿਆ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ। ਸ਼੍ਰੀ ਗਿਲਜੀਆਂ ਨੇ ਕਿਹਾ ਕਿ ਯੂਪੀਏ ਸਰਕਾਰ ਨੇ ਸੰਨ 2012 ਵਿਚ ਰਾਫੇਲ ਸੌਦੇ ਨੂੰ ਤਜਵੀਜ਼ ਕੀਤਾ ਸੀ। ਉਦੋਂ ਭਾਰਤ ਸਰਕਾਰ ਨੇ ਕੁੱਲ 126 ਰਫ਼ੇਲ ਲੜਾਕੂ ਜਹਾਜ਼ਾਂ ਦੀ ਖਰੀਦ ਲਈ ਡਾਸੌਟਲ ਐਵੀਏਸ਼ਨ ਫਰਾਂਸ ਨਾਲ ਸਹਿਮਤੀ ਪ੍ਰਗਟਾਈ ਸੀ। ਇਸ ਇਕਰਾਰਨਾਮੇ ਨੂੰ ਰੁਪਏ ਦੀ ਕੀਮਤ ਨਾਲ ਤੈਅ ਕੀਤਾ ਗਿਆ ਸੀ। ਹਰੇਕ ਜਹਾਜ਼ ਲਈ 526 ਕਰੋੜ ਰੁਪਏ ਦੀ ਕੀਮਤ ਰੱਖੀ ਗਈ ਸੀ ਸ਼ੁਰੂਆਤ ਵਿਚ 18 ਜਹਾਜ਼ਾਂ ਨੂੰ ਤੁਰੰਤ ਉਡਾਣ ਭਰਨਯੋਗ ਵਾਲੀ ਸਥਿਤੀ ਵਿਚ ਖਰੀਦਣਾ ਸੀ ਅਤੇ ਬਾਕੀ 108 ਭਾਰਤ ਵਿਚ ਨਿਰਮਿਤ ਕਰਨ ਲਈ ਦੋਵੇਂ ਦੇਸ਼ ਸਹਿਮਤ ਹੋਏ ਸਨ। ਭਾਰਤ ਵਿਚ ਤਿਆਰ ਕੀਤੇ ਜਾਣ ਵਾਲੇ ਜਹਾਜ਼ਾਂ ਨੂੰ ਟੈਕਨਾਲੋਜੀ ਸਮਝੌਤੇ ਦੇ ਤਬਾਦਲੇ ਦੇ ਤਹਿਤ ਹਿੰਦੁਸਤਾਨ ਏਅਰੋਨੈਟਿਕਸ ਲਿਮਿਟਡ ਦੇ ਸਹਿਯੋਗ ਨਾਲ ਤਿਆਰ ਕੀਤਾ ਜਾਣਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਅੰਬਾਨੀ ਦੇ ਫਾਇਦੇ ਲਈ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਬਦਲਣ ਨਾਲ ਰੁਜ਼ਗਾਰ ਦੇ ਮੌਕੇ ਗੁਆਚ ਗਏ, ਜਦਕਿ ਪਹਿਲਾਂ ਕਰਨਾਟਕ ਦੇ ਕਿੰਨੇ ਹੀ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦਾ ਲਾਭ ਮਿਲਣਾ ਸੀ। ਇਸ ਮੌਕੇ ਵਿੱਤ ਕਮੇਟੀ ਦੇ ਚੇਅਰਮੈਨ ਸ੍ਰੀ ਰਵੀ ਚੋਪੜਾ, ਉਪ ਪ੍ਰਧਾਨ ਜੌਹਨ ਜੋਸਫ਼, ਪੰਜਾਬ ਚੈਪਟਰ ਦੇ ਚੇਅਰਮੈਨ ਸਤੀਸ਼ ਸ਼ਰਮਾ, ਹਰਿਆਣਾ ਚੈਪਟਰ ਦੇ ਪ੍ਰਧਾਨ ਚਰਨ ਸਿੰਘ ਅਤੇ ਵਿਮੈਨ ਫੋਰਮ ਦੀ ਚੇਅਰਪਰਸਨ ਸ੍ਰੀਮਤੀ ਸ਼ਾਲੂ ਚੋਪੜਾ ਨੇ ਵੀ ਆਪਣੇ ਵਿਚਾਰ ਰੱਖੇ। ਅੰਤ ਵਿਚ ਮਹਾਰਾਸ਼ਟਰ ਚੈਪਟਰ ਦੇ ਦੇਵਿੰਦਰ ਵੋਹਰਾ ਨੇ ਮੁੱਖ ਮਹਿਮਾਨ ਡਾ. ਯਾਜਨੀਕ ਨੂੰ ਸ਼ਾਲ ਪਹਿਨਾ ਕੇ ਸਨਮਾਨਿਤ ਕੀਤਾ।

# ਸਿੱਖ ਭਾਈਚਾਰੇ ਵੱਲੋਂ ਲਾਸ ਏਂਜਲਸ ਕਾਉਂਟੀ ਸ਼ੈਰਿਫ ਜਿਮ ਮੈਕਡੋਨਲ ਦੇ ਹੱਕ 'ਚ ਫੰਡਰੇਜ਼ਿੰਗ ਪ੍ਰੋਗਰਾਮ



**ਲਾਸ ਏਂਜਲਸ/ਹੁਸਨ ਲੜੋਆ ਬੰਗਾ :**
ਲਾਸ ਏਂਜਲਸ ਕਾਉਂਟੀ ਸ਼ੈਰਿਫ ਦੀ ਚੋਣ ਲਈ ਦੂਜੀ ਵਾਰ ਖੜ੍ਹੇ ਹੋਏ ਜਿਮ ਮੈਕਡੋਨਲ ਲਈ ਦੱਖਣੀ ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਵੱਲੋਂ ਫੰਡਰੇਜ਼ਰ ਦਾ ਪ੍ਰਬੰਧ ਕੀਤਾ ਗਿਆ। ਇਹ ਸਮਾਗਮ ਫੰਡਰੇਜ਼ਿੰਗ ਦੇ ਟੀਚੇ ਨਾਲੋਂ 150 ਪ੍ਰਤੀਸ਼ਤ ਤੋਂ ਵੱਧ ਕਰਨ ਵਿਚ ਕਾਮਯਾਬ ਰਿਹਾ, ਹਾਲਾਂ ਕਿ ਸਹੀ ਅੰਕੜੇ ਨਹੀਂ ਦੱਸੇ ਗਏ। ਇਸ ਮੌਕੇ ਮੈਕਡੋਨਲ ਨੇ ਭਾਰਤੀ-ਅਮਰੀਕੀ ਭਾਈਚਾਰੇ ਖਾਸ ਕਰਕੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਵਿਭਾਗ ਵਿਚ ਸ਼ਾਮਲ ਹੋਣ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀ ਪ੍ਰਸੰਸਾ ਕੀਤੀ ਤੇ ਉਸ ਨੇ ਲਾਸ ਏਂਜਲਸ ਲਈ ਕੀਤੇ ਕੰਮਾਂ ਦਾ ਵੀ ਖੁਲਾਸਾ ਕੀਤਾ।

ਇਸ ਮੌਕੇ ਬੀਰ ਈਸ਼ਵਰ ਸਿੰਘ ਗਰੇਵਾਲ, ਸਾਹਿਬ ਸਿੰਘ ਭੁੱਲਰ, ਪਰਮਜੀਤ ਸਿੰਘ ਨਿੱਝਰ, ਨਛੱਤਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਭਸੀਨ, ਡਾਇਮੰਡ ਪੈਲੇਸ ਦੇ ਪਾਲ ਸਿੰਘ ਗੋਤਰਾ ਅਤੇ ਹੋਰਾਂ ਨੇ ਵੀ ਸੰਬੋਧਨ ਕੀਤਾ।

ਬਾਅਦ ਵਿਚ ਮੈਕਡੋਨਲ ਨੇ ਇੱਕ ਖੁੱਲ੍ਹੇ ਸਵਾਲ-ਜਵਾਬ ਵਾਲੇ ਸੈਸ਼ਨ ਦਾ ਆਯੋਜਨ ਕੀਤਾ ਜਿਸ ਵਿਚ ਭਾਈਚਾਰੇ ਦੀ ਸੁਰੱਖਿਆ ਅਤੇ ਸ਼ੈਰਫ਼ ਵਿਭਾਗ ਵਿੱਚ ਸ਼ਾਮਲ ਹੋਣ ਦੇ ਸਵਾਲ ਸ਼ਾਮਲ ਸਨ। ਸਿੱਖ ਆਗੂਆਂ ਨੇ ਕਿਹਾ ਕਿ ਜਿਮ ਮੈਕਡੋਨਲ ਸਾਡੇ ਭਾਈਚਾਰੇ ਲਈ ਹਮੇਸ਼ਾ ਖੜ੍ਹੇ ਰਹੇ ਹਨ। ਗਰੇਵਾਲ ਨੇ ਕਿਹਾ ਕਿ ਜਿੱਥੋਂ ਤੱਕ ਮੈਨੂੰ ਪਤਾ ਹੈ, ਚੀਫ ਮੈਕਡੋਨਲ ਆਪਣੀ ਈਮਾਨਦਾਰੀ ਅਤੇ ਨਿਰਪੱਖਤਾ ਲਈ ਜਾਣੇ ਜਾਂਦੇ ਹਨ। ਉਹ ਮੈਕਡੋਨਲ ਨੂੰ ਨਿੱਜੀ ਤੌਰ 'ਤੇ ਜਾਣਦੇ ਹਨ, ਉਨਾਂ ਦੇ ਅਫਸਰਾਂ ਨਾਲ ਗੂੜ੍ਹੇ ਸਬੰਧ ਹਨ।

ਗੌਰਤਲਬ ਹੈ ਕਿ ਮੈਕਡੋਨਲ ਦੀ ਅਗਵਾਈ ਵਾਲਾ ਲਾਸ ਏਂਜਲਸ ਕਾਉਂਟੀ ਸ਼ੈਰਿਫ ਵਿਭਾਗ ਦੁਨੀਆ ਦਾ ਸਭ ਤੋਂ ਵੱਡਾ ਸ਼ੈਰਿਫ ਵਿਭਾਗ ਹੈ, ਜਿਸ ਵਿੱਚ 10,000 ਤੋਂ ਵੱਧ ਕਰਮਚਾਰੀ ਹਨ ਅਤੇ ਇਸ ਦਾ ਬਜਟ ਵੱਡੇ ਕਾਰਪੋਰੇਸ਼ਨ ਦੇ ਬਜਟ ਦੇ ਬਰਾਬਰ ਹੈ। ਪਹਿਲਾਂ ਮੈਕਡੋਨਲ ਚਾਰ ਸਾਲਾਂ ਲਈ ਇਸ ਵਿਭਾਗ ਦੇ ਮੁਖੀ ਰਹੇ ਹਨ। ਆਪਣੇ ਕਾਰਜਕਾਲ ਵਿਚ ਉਨ੍ਹਾਂ ਲਾਸ ਏਂਜਲਸ ਵਿਚ ਅਪਰਾਧ ਦੀ ਦਰ ਨੂੰ ਕਾਫੀ ਘਟਾਇਆ ਹੈ, ਕੰਪਟਨ ਸ਼ਹਿਰ 'ਚ ਜੁਰਮ ਵਿਚ 40 ਫੀਸਦੀ ਦੀ ਕਮੀ ਆਈ ਹੈ।




# ਕੈਨੇਡੀਅਨ ਹਾਈ ਕਮਿਸ਼ਨਰ ਨੇ ਦਰਬਾਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਿੱਖ ਧਰਮ ਦੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਮਹਿਮਾ ਕੁੱਲ ਦੁਨੀਆ ਵਿਚ ਫੈਲੀ ਹੈ। ਇਸ ਕਰਕੇ ਦੇਸ਼-ਵਿਦੇਸ਼ ਤੋਂ ਭਾਰਤ ਆਉਣ ਵਾਲੀ ਹਰ ਉੱਚ ਸ਼ਖਸੀਅਤ ਇਸ ਮੁਕੱਦਸ ਅਸਥਾਨ ਉਤੇ ਆਪਣਾ ਸੀਸ ਝੁਕਾਉਣ ਵਿਚ ਮਾਣ ਮਹਿਸੂਸ ਕਰਦੀ ਹੈ। ਹਾਲ ਹੀ 'ਚ ਭਾਰਤ ਵਿਚ ਕੈਨੇਡਾ ਦੇ ਹਾਈ ਕਮਿਸ਼ਨਰ ਐੱਚ.ਈ. ਨਾਦਿਰ ਪਟੇਲ ਹਰਿਮੰਦਰ ਸਾਹਿਬ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਦੀ ਪਤਨੀ ਗਰਾਹਮ ਪਟੇਲ ਤੇ ਬੇਟੀ ਵੀ ਨਾਲ ਸਨ।

ਦਰਬਾਰ ਸਾਹਿਬ ਨਤਮਸਤਕ ਹੋਣ ਤੋਂ ਪਹਿਲਾਂ ਉਨ੍ਹਾਂ ਗੁਰੂ ਰਾਮਦਾਸ ਲੰਗਰ ਹਾਲ ਵਿਖੇ ਪ੍ਰਸ਼ਾਦਾ ਛਕਿਆ ਤੇ ਲੰਗਰ ਤਿਆਰ ਕਰਨ ਦੀ ਸੇਵਾ ਵੀ ਕੀਤੀ। ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਸਮੇਂ ਉਨ੍ਹਾਂ ਨੇ ਸੁੰਦਰ ਰੁਮਾਲਾ ਭੇਟ ਕੀਤਾ। ਇਸ ਮਗਰੋਂ ਸੂਚਨਾ ਕੇਂਦਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਦਾ ਹਰਿਮੰਦਰ ਸਾਹਿਬ ਦੇ ਸੁਨਿਹਰੀ ਮਾਡਲ, ਸਿਰੋਪਾਓ ਤੇ ਧਾਰਮਿਕ ਪੁਸਤਕਾਂ ਦੇ ਸੈੱਟ ਨਾਲ ਸਨਮਾਨ ਕੀਤਾ।

ਇਸ ਮੌਕੇ ਸ੍ਰੀ ਪਟੇਲ ਨੇ ਕਿਹਾ ਕਿ ਹਰਿਮੰਦਰ ਸਾਹਿਬ ਆ ਕੇ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤ ਹੋਈ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਭਾਰਤ ਦੇ ਆਪਸ ਵਿਚ ਚੰਗੇ ਸਬੰਧ ਹਨ ਅਤੇ ਦੋਹਾਂ ਦੇਸ਼ਾਂ ਵਿਚ ਕਈ ਸਮਾਨਤਾਵਾਂ ਵੀ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਦੋਵੇਂ ਦੇਸ਼ ਖੇਤੀ ਅਤੇ ਵਿਦਿਅਕ ਖੇਤਰ ਵਿਚ ਇਕ-ਦੂਜੇ ਦੇ ਭਾਈਵਾਲ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਕੈਨੇਡਾ 'ਚ ਪੜ੍ਹਨ ਲਈ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਉਥੇ ਜਾ ਰਹੇ ਹਨ, ਉਥੇ ਕੈਨੇਡਾ ਦੇ ਪਾੜ੍ਹੇ ਵੀ ਵਿਦਿਆ ਪ੍ਰਾਪਤ ਕਰਨ ਲਈ ਭਾਰਤ ਆਉਂਦੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਗਵੰਤ ਸਿੰਘ ਸਿਆਲਕਾ, ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਦਿਲਜੀਤ ਸਿੰਘ ਬੇਦੀ, ਬਲਵਿੰਦਰ ਸਿੰਘ ਜੌੜਾਸਿੰਘਾ, ਨਿੱਜੀ ਸਕੱਤਰ ਜਗਜੀਤ ਸਿੰਘ ਜੱਗੀ ਤੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਵੀ ਹਾਜ਼ਰ ਸਨ।



**ਪਰਿਵਾਰ ਸਮੇਤ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ ਭਾਰਤ ਵਿਚ ਕੈਨੇਡਾ ਦੇ ਹਾਈ ਕਮਿਸ਼ਨਰ ਨਾਦਿਰ ਪਟੇਲ।**

## ਨਿਪੁੰਸਕ ਬਣਾਏ ਜਾਣ ਦੇ ਮਾਮਲੇ ਵਿਚ ਗੁਰਦਾਸ ਦੇਵੇਗਾ ਗਵਾਹੀ

**ਪੰਚਕੂਲਾ/ਬਿਊਰੋ ਨਿਊਜ਼ :** ਡੇਰਾ ਸਿਰਸਾ ਮੁਖੀ ਦੇ ਡੇਰੇ ਵਿਚ ਬਣੇ ਹਸਪਤਾਲ ਵਿਚ 400 ਸਾਧੂਆਂ ਨੂੰ ਨਿਪੁੰਸਕ ਬਣਾਏ ਜਾਣ ਦੇ ਮਾਮਲੇ ਵਿਚ ਪੰਚਕੂਲਾ ਸਥਿਤ ਹਰਿਆਣਾ ਦੀ ਵਿਸ਼ੇਸ਼ ਸੀਬੀਆਈ. ਅਦਾਲਤ ਵਿਚ ਸੁਣਵਾਈ ਹੋਈ। ਇਸ ਦੌਰਾਨ ਰਾਮ ਰਹੀਮ ਤੇ ਮਹਿੰਦਰ ਇੰਸਾਂ ਨੂੰ ਵੀਡੀਓ ਕਾਨਫ਼ਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਬਾਕੀ ਮੁਲਜ਼ਮ ਪੰਕਜ ਗਰਗ ਨਿੱਜੀ ਤੌਰ 'ਤੇ ਪੇਸ਼ ਹੋਏ। ਸੁਣਵਾਈ ਦੌਰਾਨ ਹੰਸਰਾਜ ਨਾਂਅ ਦੇ ਗਵਾਹ ਦੇ ਬਿਆਨ ਦਰਜ ਹੋ ਗਏ। ਬਚਾਅ ਪੱਖ ਦੇ ਵਕੀਲ ਵਲੋਂ ਹੰਸਰਾਜ ਦੀ ਗਵਾਹੀ ਤੋਂ ਬਾਅਦ ਦੂਜੇ ਗਵਾਹ ਦੀ ਗਵਾਹੀ ਲਈ ਅਰਜ਼ੀ ਲਗਾਈ ਸੀ, ਜਿਸ ਨੂੰ ਸੀਬੀਆਈ. ਅਦਾਲਤ ਨੇ ਮਨਜ਼ੂਰੀ ਦੇ ਦਿੱਤੀ। ਹੁਣ ਹੰਸਰਾਜ ਦੀ ਗਵਾਹੀ ਤੋਂ ਬਾਅਦ ਗਵਾਹ ਗੁਰਦਾਸ ਤੂਰ ਦੀ ਗਵਾਹੀ ਹੋਵੇਗੀ। ਮਾਮਲੇ ਦੀ ਅਗਲੀ ਸੁਣਵਾਈ ਅਕਤੂਬਰ ਵਿਚ ਹੀ ਹੋਵੇਗੀ।

## ਪਾਕਿਸਤਾਨੀ ਸੇਬਾਂ 'ਤੇ ਲਿਖੇ ਮਿਲੇ ਭਾਰਤ ਵਿਰੋਧੀ ਨਾਅਰੇ

**ਕੋਟਕਪੂਰਾ/ਬਿਊਰੋ ਨਿਊਜ਼ :** ਸਥਾਨਕ ਮਹਿਤਾ ਚੌਂਕ ਵਿਚ ਫ਼ਲਾਂ ਦੀ ਇੱਕ ਰੇਹੜੀ 'ਤੇ ਦੋ ਸੇਬ ਮਿਲੇ ਹਨ, ਜਿਨ੍ਹਾਂ ਉਪਰ ਪਾਕਿਸਤਾਨ ਦੇ ਹਮਾਇਤ ਅਤੇ ਹਿੰਦੁਸਤਾਨ ਖ਼ਿਲਾਫ਼ ਸਕੈੱਚ ਪੈਨ ਨਾਲ ਨਾਅਰੇ ਲਿਖੇ ਹੋਏ ਹਨ। ਆੜ੍ਹਤੀਏ ਮੁਤਾਬਕ ਸੇਬ ਦੀ ਇਹ ਖੇਪ ਜੰਮੂ-ਕਸ਼ਮੀਰ ਤੋਂ ਆਈ ਹੈ। ਫ਼ਰੀਦਕੋਟ ਪੁਲੀਸ ਨੂੰ ਇਸ ਸਬੰਧ ਵਿਚ ਸ਼ਿਕਾਇਤ ਮਿਲੀ ਹੈ, ਜਿਸ 'ਤੇ ਜ਼ਿਲ੍ਹਾ ਪੁਲੀਸ ਦੇ ਐੱਸਪੀ (ਜਾਂਚ) ਸੇਵਾ ਸਿੰਘ ਮੱਲੀ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਇਸ ਬਾਰੇ ਫਿਲਹਾਲ ਕੁਝ ਵੀ ਕਹਿਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਮਾਮਲਾ ਗੰਭੀਰ ਹੈ, ਜਿਸ ਦੀ ਜਾਂਚ ਤੁਰੰਤ ਸ਼ੁਰੂ ਕਰ ਦਿੱਤੀ ਗਈ ਹੈ। ਆਲ ਇੰਡੀਆ ਹਿੰਦੂ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਰੇਸ਼ ਕੁਮਾਰ ਸਹਿਗਲ ਨੇ ਰੇਹੜੀ ਤੋਂ ਇਹ ਸੇਬ ਖਰੀਦ ਕਰਕੇ ਪੁਲੀਸ ਨੂੰ ਦਿੱਤੇ ਅਤੇ ਉਸ ਦੀ ਸ਼ਿਕਾਇਤ 'ਤੇ ਪੁਲੀਸ ਜਾਂਚ ਕਰ ਰਹੀ ਹੈ।

## ਸ਼ਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖ਼ਲੇ ਤੋਂ ਪਾਬੰਦੀ ਹਟੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਫੈਸਲਾ ਦਿੰਦਿਆਂ ਕੇਰਲਾ ਦੇ ਸ਼ਬਰੀਮਾਲਾ ਮੰਦਰ ਵਿੱਚ 10 ਸਾਲ ਦੀਆਂ ਲੜਕੀਆਂ ਤੋਂ ਲੈ ਕੇ 50 ਸਾਲ ਦੀਆਂ ਔਰਤਾਂ ਦੇ ਦਾਖਲੇ ਉੱਤੇ ਲਾਈ ਰੋਕ ਨੂੰ ਹਟਾ ਦਿੱਤਾ ਹੈ। ਅਦਾਲਤ ਨੇ ਕਿਹਾ ਹੈ ਕਿ ਸਦੀਆਂ ਪੁਰਾਣੀ ਇਹ ਹਿੰਦੂ ਪਰੰਪਰਾ ਗੈਰਕਾਨੂੰਨੀ ਤੇ ਗੈਰਸੰਵਿਧਾਨਕ ਹੈ।

# ਦਲ ਖਾਲਸਾ ਵੱਲੋਂ ਨਵੰਬਰ-84 ਦੇ ਸਿੱਖ ਕਤਲੇਆਮ ਦਾ ਇਨਸਾਫ ਕਰਨ ਬਾਰੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੂੰ ਪੱਤਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਦਲ ਖਾਲਸਾ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੂੰ ਇਕ ਪੱਤਰ ਲਿਖ ਕੇ ਨਵੰਬਰ-1984 ਵਿਚ ਦਿੱਲੀ ਤੇ ਹੋਰਨਾਂ ਥਾਵਾਂ ਉਤੇ ਹੋਏ ਸਿੱਖ ਕਤਲੇਆਮ ਦੇ ਮਾਮਲੇ ਵਿਚ ਇਨਸਾਫ ਦਿਵਾਉਣ ਦੀ ਮੰਗ ਕੀਤੀ ਹੈ। ਸ੍ਰੀ ਐਂਟੋਨੀਓ ਗੁਟੇਰੇਜ਼ ਦੇ ਭਾਰਤ ਦੌਰੇ ਤੋਂ ਪਹਿਲਾਂ ਇਹ ਯਾਦ ਪੱਤਰ ਭੇਜ ਕੇ ਨਵੰਬਰ-1984 ਦੀ ਸਿੱਖ ਨਸਲਕੁਸ਼ੀ ਦੀ ਅੰਤਰਰਾਸ਼ਟਰੀ ਪੱਧਰ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ। ਦਲ ਖਾਲਸਾ ਦੇ ਪ੍ਰਧਾਨ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਸ੍ਰੀ ਐਂਟੋਨੀਓ ਗੁਟੇਰੇਜ਼ ਦੇ ਸ੍ਰੀ ਹਰਿਮੰਦਰ ਸਾਹਿਬ ਆਉਣ ਦੇ ਪ੍ਰੋਗਰਾਮ ਦਾ ਸਵਾਗਤ ਕਰਦਿਆਂ ਭੇਜੇ ਗਏ ਇਸ ਯਾਦ-ਪੱਤਰ ਵਿਚ ਕਿਹਾ ਕਿ ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਨਵੰਬਰ-1984 ਦੇ ਨਸਲਕੁਸ਼ੀ ਲਈ ਜ਼ਿੰਮੇਵਾਰਾਂ ਵਿਰੁੱਧ ਕਾਰਵਾਈ ਅਤੇ ਪੀੜਤਾਂ ਲਈ ਇਨਸਾਫ਼ ਲਈ ਸੰਯੁਕਤ ਰਾਸ਼ਟਰ ਤੋਂ ਮੰਗ ਕਰ ਰਹੇ ਹਨ ਪਰ ਸੰਯੁਕਤ ਰਾਸ਼ਟਰ ਵੱਲੋਂ ਇਨਸਾਫ਼ ਲਈ ਅੱਗੇ ਨਾ ਆਉਣਾ ਅਫਸੋਸ ਵਾਲੀ ਗੱਲ ਹੈ। ਪੱਤਰ ਵਿਚ ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਵਿੱਚ ਸਿੱਖਾਂ, ਕਸ਼ਮੀਰੀਆਂ, ਤਾਮਿਲਾਂ, ਨਾਗਿਆਂ ਅਤੇ ਦਲਿਤ ਭਾਈਚਾਰੇ ਦੇ ਮਨੁੱਖੀ ਹੱਕਾਂ ਨੂੰ ਸਰਕਾਰੀ ਤਾਕਤ ਰਾਹੀਂ ਸਖਤੀ ਨਾਲ ਦਬਾਇਆ ਗਿਆ ਹੈ ਅਤੇ ਇਹ ਸਿਲਸਿਲਾ ਹੁਣ ਵੀ ਜਾਰੀ ਹੈ। ਉਨ੍ਹਾਂ ਮਹਿਮਾਨ ਆਗੂ ਤੋਂ ਉਮੀਦ ਪ੍ਰਗਟਾਈ ਹੈ ਕਿ ਉਹ ਇਸ ਦੌਰੇ ਦੌਰਾਨ ਭਾਰਤ ਵਿੱਚ ਰਹਿੰਦੇ ਘੱਟ ਗਿਣਤੀ ਭਾਈਚਾਰਿਆਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਨਗੇ ਅਤੇ ਉਨ੍ਹਾਂ ਦੀ ਮੌਜੂਦਾ ਸਥਿਤੀ ਦਾ ਅਧਿਐਨ ਕਰਨਗੇ। ਦਲ ਖਾਲਸਾ ਦੇ ਆਗੂ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦਾ ਭਾਰਤ ਦੌਰਾ ਬਹੁਤ ਅਹਿਮ ਅਤੇ ਮਹੱਤਵਪੂਰਣ ਸਮੇਂ 'ਤੇ ਹੈ। ਉਹ ਸੰਸਥਾ ਦੇ ਪਹਿਲੇ ਅਜਿਹੇ ਸਕੱਤਰ ਜਨਰਲ ਹਨ, ਜੋ ਸ੍ਰੀ ਹਰਿਮੰਦਰ ਸਾਹਿਬ ਨਤਮਤਸਕ ਹੋਣ ਆ ਰਹੇ ਹਨ। ਉਨ੍ਹਾਂ ਕਿਹਾ ਕਿ ਯੂਐੱਨਓ ਵੱਲੋਂ ਭਾਰਤ ਨੂੰ ਘੱਟ ਗਿਣਤੀਆਂ ਦੇ ਹੱਕਾਂ ਨੂੰ ਦਬਾਉਣ ਵਾਸਤੇ ਜਵਾਬਦੇਹ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਵਿਚ ਡਰ ਅਤੇ ਦਬਾਅ ਦਾ ਮਾਹੌਲ ਬਣਿਆ ਹੋਇਆ ਹੈ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਪੰਜਾਬੀ ਗਾਇਕ ਕੁਨਾਲ ਦੇ ਦੋ ਗਾਣੇ ਇਸੇ ਹਫ਼ਤੇ ਹੋਣਗੇ ਰਲੀਜ਼




**ਮੁੰਬਈ/ਬਿਊਰੋ ਨਿਊਜ਼ :**
ਪੰਜਾਬੀ ਗਾਇਕ ਕੁਨਾਲ ਦੇ ਦੋ ਗਾਣੇ ਇਸੇ ਹਫ਼ਤੇ ਮੁੰਬਈ ਵਿਚ ਰਲੀਜ਼ ਹੋ ਰਹੇ ਹਨ। "ਫਿਰ ਉਹੀ ਜਿੰਦਗੀ" ਤੇ "ਵੇ ਸੱਜਣਾ" ਦੇ ਮੁਖੜੇ ਵਾਲੇ ਇਹ ਗਾਣੇ ਰੋਮਾਂਟਿਕ ਤੇ ਗੰਭੀਰ ਹਨ ਜਿਨ੍ਹਾਂ ਨੂੰ ਗਾਇਕ ਕੁਨਾਲ ਨੇ ਦਿਲ ਦੀਆਂ ਗਹਿਰਾਈਆਂ ਤੋਂ ਗਾਇਆ ਹੈ। ਇਹ ਪਰਿਵਾਰਕ ਗਾਣੇ ਹਨ। ਇਨ੍ਹਾਂ ਗਾਣਿਆਂ ਦੀ ਪੇਸ਼ਕਾਰੀ ਪੀ.ਕੇ. ਮਿਊਜ਼ਿਕ ਫੈਕਟਰੀ ਤੇ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਵੱਲੋਂ ਕੀਤੀ ਜਾ ਰਹੀ ਹੈ। ਸੰਜੇ ਮਠਾਰੂ ਵੱਲੋਂ ਲਿਖੇ ਇਹ ਗਾਣੇ ਬਹੁਤ ਜਲਦੀ ਯੂ-ਟਿਊਬ ਅਤੇ ਟੀਵੀ ਉਪਰ ਦੇਖਣ-ਸੁਣਨ ਨੂੰ ਮਿਲਣਗੇ। ਗਾਣਿਆਂ ਦੀ ਵੀਡੀਓਗਰਾਫ਼ੀ ਵੀ ਸੰਜੇ ਮਠਾਰੂ ਨੇ ਕੀਤੀ ਹੈ। ਮਾਹੀ ਢਿਲੋਂ, ਅਵੇਜੀਤ ਅਤਰੀ, ਅਰਪਿਤ ਸੋਨੀ, ਪ੍ਰੀਤੀ ਤੇ ਭਾਵਿਆ ਆਦਿ ਕਲਾਕਾਰਾਂ ਦੀ ਅਦਾਕਾਰੀ ਨੇ ਗਾਣਿਆਂ ਦੇ ਫਿਲਮਆਂਕਣ ਨੂੰ ਚਾਰ ਚੰਨ ਲਾਏ ਹਨ। ਪੂਰੀ ਟੀਮ ਨੂੰ ਉਮੀਦ ਹੈ ਕਿ ਸਰੋਤੇ ਇਨ੍ਹਾਂ ਗਾਣਿਆਂ ਪ੍ਰਤੀ ਭਰਪੂਰ ਹੁੰਗਾਰਾ ਭਰਨਗੇ।

# ਐਮੀ ਪੁਰਸਕਾਰ ਜਿੱਤਣ ਵਾਲੀ ਪਹਿਲੀ ਸਿੱਖ ਪੱਤਰਕਾਰ ਬਣੀ ਪ੍ਰਭਜੋਤ ਕੌਰ ਰੰਧਾਵਾ

**ਸੇਂਟ ਲੂਈਸ/ਬਿਊਰੋ ਨਿਊਜ਼ :**
ਇਸ ਵਾਰ ਖੋਜੀ ਪੱਤਰਕਾਰਿਤਾ ਵਿਚ ਐਮੀ ਐਵਾਰਡ ਜਿੱਤਣ ਵਾਲੀ ਪੰਜਾਬੀ ਮੂਲ ਦੀ ਅਮਰੀਕਨ ਪੱਤਰਕਾਰ ਪ੍ਰਭਜੋਤ ਕੌਰ (ਪੀ.ਜੇ.) ਰੰਧਾਵਾ ਇਸ ਵੱਕਾਰੀ ਐਵਾਰਡ ਨੂੰ ਹਾਸਲ ਕਰਨ ਵਾਲੀ ਪਹਿਲੀ ਸਿੱਖ ਪੱਤਰਕਾਰ ਬਣੀ ਹੈ। ਪੀਜੇ ਰੰਧਾਵਾ ਨੂੰ ਖੋਜੀ ਪੱਤਰਕਾਰੀ ਦੇ ਖੇਤਰ ਵਿਚ ਇਸ ਸਾਲ ਦਾ ਵਕਾਰੀ ਐਮੀ ਐਵਾਰਡ ਮਿਲਿਆ ਹੈ। ਲੰਘੀ 22 ਸਤੰਬਰ ਨੂੰ ਅਮਰੀਕਾ ਦਾ ਇਹ ਐਵਾਰਡ ਖੋਜੀ ਰਿਪੋਰਟਿੰਗ ਦੀ ਕੈਟਾਗਰੀ ਵਿਚ ਪ੍ਰਭਜੋਤ (ਪੀ.ਜੇ.) ਕੌਰ ਰੰਧਾਵਾ ਨੂੰ ਉਨ੍ਹਾਂ ਦੀ ਵੱਖ-ਵੱਖ ਰੋਗਾਂ ਵਿਚ ਮਨੁੱਖਾਂ ਦੁਆਰਾ ਵਰਤੋਂ ਵਿਚ ਲਿਆਂਦੀਆਂ ਜਾ ਰਹੀਆਂ ਘਾਤਕ ਕਿਸਮ ਦਵਾਈਆਂ ਬਾਰੇ ਪ੍ਰਕਾਸ਼ਿਤ ਇਕ ਸਨਸਨੀਖੇਜ਼ ਅਤੇ ਖੋਜ ਭਰਪੂਰ ਰਿਪੋਰਟ ਕਾਰਨ ਮਿਲਿਆ ਹੈ। ਇਸ ਤੋਂ ਪਹਿਲਾਂ ਉਸ ਨੇ ਰਾਜਨੀਤਿਕ ਰਿਪੋਰਟਿੰਗ ਲਈ ਸੰਨ 2013 ਵਿਚ ਵਰਲਡ ਸਿੱਖ ਐਵਾਰਡ ਵੀ ਪ੍ਰਾਪਤ ਕੀਤਾ ਹੈ। ਉਂਝ ਉਹ ਇਸ ਤੋਂ ਪਹਿਲਾਂ ਵੀ ਚਾਰ ਵਾਰ ਐਮੀ ਐਵਾਰਡ ਲਈ ਨਾਮਜ਼ਦ ਹੋ ਚੁੱਕੀ ਹੈ ਅਤੇ ਸੰਨ 2018 ਵਿਚ ਉਸ ਦਾ ਨਾਮ ਮਿਸੌਰੀ ਬ੍ਰੌਡਕਾਸਟਸ ਐਵਾਰਡ ਲਈ ਵੀ ਨਾਮਜ਼ਦ ਕੀਤਾ ਗਿਆ ਸੀ। ਪੀਜੇ. ਕੌਰ ਦੀ ਖੋਜ-ਖਬਰ ਨੇ ਅਮਰੀਕਾ ਦੇ ਸਿਹਤ ਵਿਭਾਗ ਅਤੇ ਰਾਜ ਦੇ ਫਾਰਮੇਸੀ ਬੋਰਡ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਸਨ, ਜੋ ਕਿ ਰਿਪੋਰਟ ਮੁਤਾਬਕ ਵੱਡੇ ਵਪਾਰਕ ਘਰਾਣਿਆਂ ਦੇ ਦਬਾਅ ਹੇਠ ਆ ਕੇ ਆਮ ਲੋਕਾਂ ਲਈ ਮਾਰੂ ਦਵਾਈਆਂ ਦੀ ਨਿਗਰਾਨੀ ਕਰਨ ਲਈ ਕੋਈ ਕਾਰਵਾਈ



ਨਹੀਂ ਕਰ ਰਹੇ ਸਨ। ਇਹ ਮਾਮਲਾ ਸਿੱਧਾ ਆਮ ਜਨਤਾ ਦੀ ਸਿਹਤ ਸੁਰੱਖਿਆ ਨਾਲ ਜੁੜਿਆ ਹੋਣ ਕਰਕੇ ਬਹੁਤ ਹੀ ਅਹਿਮ ਮੰਨਿਆ ਗਿਆ। ਪ੍ਰਭਜੋਤ ਕੌਰ ਨੇ ਦਰਸ਼ਕਾਂ ਨਾਲ ਖਚਾਖਚ ਭਰੇ ਮਾਈਕਰੋਸੌਫਟ ਹਾਲ ਵਿਚ ਇਹ ਐਵਾਰਡ ਮਿਲਣ ਦੇ ਮੌਕੇ 'ਤੇ ਕਿਹਾ ਕਿ ਉਹ ਜਿੱਥੇ ਜਿਊਰੀ ਮੈਂਬਰਾਂ ਦਾ ਸ਼ੁਕਰੀਆ ਅਦਾ ਕਰਦੀ ਹੈ, ਉਥੇ ਨਾਲ ਹੀ ਆਪਣੀ ਜ਼ਿੰਦਗੀ ਵਿਚ ਆਏ ਹਰ ਉਸ ਸ਼ਖਸ ਦਾ ਵੀ ਇਸ ਐਵਾਰਡ ਨੂੰ ਪ੍ਰਾਪਤ ਕਰਨ ਵਿਚ ਯੋਗਦਾਨ ਮੰਨਦੀ ਹੈ, ਜਿਸ ਨੇ ਉਸ ਨੂੰ ਅਜਿਹਾ ਪ੍ਰਾਪਤ ਕਰਨ ਦੇ ਕਾਬਲ ਬਣਾਇਆ।

ਇਹ ਐਵਾਰਡ ਮਿਲਣ ਉਤੇ ਉਨ੍ਹਾਂ ਕਿਹਾ ਕਿ, "ਮੈਨੂੰ ਬਤੌਰ ਪੱਤਰਕਾਰ ਇਸ ਤੋਂ ਵੀ ਵੱਧ ਇੱਕ ਸਿੱਖ ਹੋਣ ਦੇ ਨਾਤੇ ਅਜਿਹੇ ਮਾਮਲਿਆਂ ਨੂੰ ਉਜਾਗਰ ਕਰਨ ਦੀ ਆਪਣੀ ਜ਼ਿੰਮੇਵਾਰੀ ਬਣਦੀ ਲਗਦੀ ਹੈ ਕਿ ਜਿੱਥੇ ਲੋਕ ਹਿੱਤਾਂ ਦਾ ਘਾਣ ਸਿਰਫ ਲਾਭ ਕਮਾਉਣ ਲਈ ਹੀ ਕੀਤਾ ਜਾ ਰਿਹਾ ਹੋਵੇ। ਮੈਂ ਮੰਨਦੀ ਹਾਂ ਕਿ ਕੁਝ ਲੋਕਾਂ ਵੱਲੋਂ ਆਪਣੇ ਫਾਇਦੇ ਲਈ ਦੂਜੇ ਬਹੁਤ ਸਾਰੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੇ ਵਰਤਾਰੇ ਨੂੰ ਰੋਕਣਾ ਜਾਂ ਖਤਮ ਕਰਨ ਵਿਚ ਯੋਗਦਾਨ ਪਾਉਣਾ ਮੇਰਾ ਫਰਜ਼ ਵੀ ਹੈ। ਮੇਰੇ ਸਿੱਖ ਧਰਮ ਵਿਚ ਅਟੁੱਟ ਵਿਸ਼ਵਾਸ ਨੇ ਅਜਿਹੇ ਹੀ ਇਕ ਗੈਰ-ਮਨੁੱਖੀ ਕਾਰੇ ਨੂੰ ਬੇਨਕਾਬ ਕਰਨ ਵਿਚ ਮੇਰਾ ਹੌਸਲਾ ਵਧਾਇਆ। ਸਿੱਖ ਫਲਸਫਾ ਸਮਾਜ ਦੇ ਹਰ ਕੋਨੇ ਵਿਚੋਂ ਹਨੇਰਾ ਦੂਰ ਕਰਨ ਲਈ ਰੌਸ਼ਨੀ ਦਿਖਾਉਂਦਾ ਹੈ। ਮੈਂ ਚਾਹੁੰਦੀ ਹਾਂ ਕਿ ਲੋਕ ਮੇਰਾ ਲਿਖਿਆ ਅਜਿਹਾ ਕੁਝ ਪੜ੍ਹਨ ਜੋ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਫਾਇੰਦੇਮੰਦ ਹੋ ਸਕੇ।"

ਗੌਰਤਲਬ ਹੈ ਕਿ ਪ੍ਰਭਜੋਤ ਕੌਰ ਨੇ ਇਸ ਸਮੇਂ ਏਐਸਡੀਕੇ ਨਿਊਜ਼ ਵਿਚ ਸੀਨੀਅਰ ਪੱਤਰਕਾਰ ਵਜੋਂ ਸੇਵਾ ਨਿਭਾ ਰਹੀ ਹੈ। ਉਸ ਨੇ ਸੰਨ 2013 ਤੋਂ ਲੈ ਕੇ 2015 ਤੱਕ ਸਾਊਥ ਕੈਰੋਲੀਨਾ ਦੇ ਡਬਲਿਊਆਈਐਸ ਟੀਵੀ ਵਿਚ ਵੀ ਪੱਤਰਕਾਰ ਵਜੋਂ ਸੇਵਾਵਾਂ ਦਿੱਤੀਆਂ ਸਨ। ਇਸ ਤੋਂ ਪਹਿਲਾਂ ਉਸ ਨੇ ਸੰਨ 2011 ਤੋਂ 20 13 ਦਰਮਿਆਨ ਕੋਟਾ ਟੈਰੋਟਰੀ ਨਿਊਜ਼ ਵਿਚ ਬਤੌਰ ਐਂਕਰ ਤੇ ਰਿਪੋਰਟਰ ਕਾਫ਼ੀ ਨਾਮਣਾ ਖੱਟਿਆ ਸੀ। ਪੀਜੇ ਰੰਧਾਵਾ ਨੇ ਡੇਅ-ਪੌਲ ਯੂਨੀਵਰਸਿਟੀ ਸ਼ਿਕਾਗੋ ਤੋਂ ਜਰਨਲਇਜ਼ਮ ਦੀ ਡਿਗਰੀ ਪ੍ਰਾਪਤ ਕੀਤੀ ਹੈ।

## ਨਿਊਜਰਸੀ 'ਚ ਵੋਟਰ ਰਜਿਸਟਰੇਸ਼ਨ ਅਰਜ਼ੀ ਪੰਜਾਬੀ ਵਿਚ ਸ਼ੁਰੂ

**ਨਿਊਜਰਸੀ/ਰਾਜ ਗੋਗਨਾ :**
ਅਮਰੀਕਾ ਵਿਚ ਵਸਦੇ ਪੰਜਾਬੀ ਭਾਈਚਾਰੇ ਲਈ ਖੁਸ਼ੀ ਦੀ ਗੱਲ ਹੈ ਕਿ ਨਿਊਜਰਸੀ ਵਿਚ ਵੋਟਰ ਰਜਿਸਟਰੇਸ਼ਨ ਦਾ ਸਰਕਾਰੀ ਫਾਰਮ ਪੰਜਾਬੀ ਵਿਚ ਛਪਿਆ ਵੀ ਮਿਲੇਗਾ। ਹੁਣ ਕੋਈ ਵੀ ਅਰਜ਼ੀਕਰਤਾ ਪੰਜਾਬੀ ਵਾਲਾ ਫਾਰਮ ਲੈ ਕੇ ਆਪਣੀ ਵੋਟ ਰਜਿਸਟਰਡ ਕਰਵਾ ਸਕਦਾ ਹੈ।

ਗੌਰਤਲਬ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਉਤੇ ਜਿਸ ਮਾਂ ਬੋਲੀ ਨੂੰ ਬਣਦਾ ਸਤਿਕਾਰ ਦਿਵਾਉਣ ਲਈ, ਪਿਛਲੇ 65 ਸਾਲਾਂ ਤੋਂ ਮੋਰਚੇ ਲਾਉਣੇ ਪੈ ਰਹੇ ਹਨ, ਮੁਜਾਹਰੇ ਕਰਨੇ ਪੈ ਰਹੇ ਹਨ, ਉਸ ਪਿਆਰੀ ਬੋਲੀ ਨੂੰ ਦੁਨੀਆ ਭਰ ਦੇ ਦੇਸ਼ਾਂ 'ਚ ਵੱਡਾ ਮਾਣ ਸਤਿਕਾਰ ਮਿਲ ਰਿਹਾ ਹੈ। ਕੈਨੇਡਾ ਵਿਚ ਪਹਿਲਾਂ ਹੀ ਪੰਜਾਬੀ ਬੋਲੀ ਨੂੰ ਕਾਨੂੰਨੀ ਮਾਨਤਾ ਮਿਲੀ ਹੋਈ ਹੈ। ਹੁਣ ਅਮਰੀਕਾ ਦੇ ਨਿਊਜਰਸੀ ਵਿਚ ਹੋਈ ਇਸ ਸੱਜਰੀ ਪਹਿਲ ਨੇ ਇਥੇ ਵਸਦੇ ਪੰਜਾਬੀਆਂ ਨੂੰ ਵੱਡੀ ਸਹੂਲਤ ਦਿੱਤੀ ਹੈ।

CIS CALIFORNIA IMMIGRATION SERVICES
(Registered & Bonded)
FAMILY IMMIGRATION
GREEN CARD PETITION
CITIZENSHIP
OCI CARD / INDIAN PASSPORT
BUSINESS / VISITOR VISA
STUDENT VISA
RELIGIOUS VISA
U.K. VISA
CANADA VISA & P.R.





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਬਾਦਲਾਂ ਦੀਆਂ ਬੱਸਾਂ ਨੂੰ ਬਰੇਕਾਂ ਲਾ ਦੇਵੇਗੀ ਨਵੀਂ ਟਰਾਂਸਪੋਰਟ ਨੀਤੀ

**ਬਠਿੰਡਾ/ਬਿਊਰੋ ਨਿਊਜ਼:**
ਬਾਦਲ ਪਰਿਵਾਰ ਦੀਆਂ ਪੰਜਾਬ ਵਿਚ ਚੱਲਦੀਆਂ ਬੱਸਾਂ ਦੇ ਲੰਮੇ ਰੂਟ ਹੁਣ ਸੁੰਗੜ ਜਾਣ ਦੀ ਸੰਭਾਵਨਾ ਹੈ। ਕੈਪਟਨ ਸਰਕਾਰ ਦੀ ਨਵੀਂ ਟਰਾਂਸਪੋਰਟ ਨੀਤੀ ਨੂੰ ਲੈ ਕੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਅਕਤੂਬਰ ਵਿਚ ਪੇਸ਼ੀ ਤੋਂ ਪਹਿਲਾਂ ਟਰਾਂਸਪੋਰਟ ਮਹਿਕਮਾ ਮੀਟਿੰਗਾਂ ਕਰ ਰਿਹਾ ਹੈ। ਸਭ ਤੋਂ ਵੱਡੀ ਸਿਰਦਰਦੀ ਬਾਦਲਾਂ ਦੀਆਂ ਬੱਸਾਂ ਨੂੰ ਭੁੰਜੇ ਲਾਹੁਣ ਦੀ ਹੈ। ਅਕਾਲੀ ਰਾਜ ਦੌਰਾਨ ਬਾਦਲਾਂ ਦੇ ਬੱਸ ਰੂਟਾਂ 'ਚ ਕ੍ਰਿਸ਼ਮਈ ਵਾਧਾ ਹੋਇਆ ਸੀ। ਜਿਵੇਂ ਜਿਵੇਂ ਵੱਡਿਆਂ ਦੇ ਬੱਸ ਰੂਟ ਫੈਲਦੇ ਗਏ, ਜਨਤਕ ਟਰਾਂਸਪੋਰਟ ਦੀ ਕਮਾਈ ਸੁੰਗੜਦੀ ਗਈ। ਸੁਪਰੀਮ ਕੋਰਟ ਤੇ ਹਾਈ ਕੋਰਟ ਤੋਂ ਗ਼ੈਰਕਾਨੂੰਨੀ ਪਰਮਿਟਾਂ ਖ਼ਿਲਾਫ਼ ਫ਼ੈਸਲੇ ਵੀ ਆ ਗਏ। ਕੈਪਟਨ ਸਰਕਾਰ ਦੀ ਨਵੀਂ ਟਰਾਂਸਪੋਰਟ ਨੀਤੀ ਡੇਢ ਵਰੇ ਤੋਂ ਕਿਸੇ ਤਣ-ਪੱਤਣ ਨਹੀਂ ਲੱਗ ਰਹੀ। ਜਦੋਂ ਹੁਣ ਹਾਈ ਕੋਰਟ 'ਚ ਅਗਲੀ ਪੇਸ਼ੀ ਹੈ ਤਾਂ ਉਸ ਤੋਂ ਪਹਿਲਾਂ ਟਰਾਂਸਪੋਰਟ ਮਹਿਕਮਾ ਵੱਡਿਆਂ ਗੱਲ ਕਿਸੇ ਸਿਰੇ ਲਾਉਣ ਦੇ ਆਹਰ ਵਿਚ ਹੈ।



ਇਸ ਸਬੰਧੀ ਹਾਲ ਵਿਚ ਹੀ ਪ੍ਰਮੁੱਖ ਟਰਾਂਸਪੋਰਟ ਸਕੱਤਰ ਨੇ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਹੈ ਜਿਸ 'ਚ ਫ਼ੈਸਲਾ ਹੋਇਆ ਹੈ ਕਿ ਜੋ ਨਵੇਂ ਸਾਂਝੇ ਟਾਈਮ ਟੇਬਲ ਬਣਨਗੇ, ਉਨ੍ਹਾਂ ਵਿਚ ਗ਼ੈਰਕਾਨੂੰਨੀ ਤੌਰ 'ਤੇ ਵਧਾਏ ਬੱਸ ਰੂਟਾਂ ਤੇ ਪਰਮਿਟਾਂ ਨੂੰ ਆਊਟ ਕੀਤਾ ਜਾਣਾ ਹੈ ਜਿਸ ਤੋਂ ਸਾਫ਼ ਹੈ ਕਿ ਔਰਬਿਟ ਤੇ ਡੱਬਵਾਲੀ ਬੱਸ ਕੰਪਨੀ ਦੇ ਕਰੀਬ 50 ਫ਼ੀਸਦੀ ਲੰਬਾਈ ਵਾਲੇ ਰੂਟ ਉੱਡ ਜਾਣਗੇ। ਪੰਜਾਬ ਭਰ 'ਚ ਰਿਜਨਲ ਟਰਾਂਸਪੋਰਟ ਅਥਾਰਿਟੀਜ਼ ਨੇ ਗ਼ੈਰਕਾਨੂੰਨੀ ਐਲਾਨੇ ਕਰੀਬ 7531 ਪਰਮਿਟਾਂ ਨੂੰ ਕੈਂਸਲ ਕਰਨ ਲਈ ਨੋਟਿਸ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਜੋ ਕਰੀਬ 100 ਬੱਸ ਕੰਪਨੀਆਂ ਦੇ ਹਨ। ਹੁਣ ਤੱਕ ਪ੍ਰਕਿਰਿਆ ਕੀੜੀ ਚਾਲ ਚੱਲਦੀ ਰਹੀ ਹੈ। ਹਾਈ ਕੋਰਟ ਦੇ ਡੰਡੇ ਕਰਕੇ ਟਰਾਂਸਪੋਰਟ ਅਫ਼ਸਰਾਂ ਹੁਣ ਅੱਗੇ ਵਧੇ ਹਨ। ਟਰਾਂਸਪੋਰਟ ਵਿਭਾਗ ਨੇ ਕਰੀਬ 684 ਪਰਮਿਟ ਕੈਂਸਲ ਕਰਨੇ ਹਨ ਜਿਨ੍ਹਾਂ 'ਤੇ ਰੂਟ ਪਰਮਿਟਾਂ 'ਚ 1840 ਵਾਧੇ ਹੋਏ ਹਨ ਜਿਨ੍ਹਾਂ ਵਿਚ 50 ਫ਼ੀਸਦੀ ਵਾਧੇ ਇਕੱਲੇ ਬਾਦਲ ਪਰਿਵਾਰ ਦੀਆਂ ਬੱਸ ਕੰਪਨੀਆਂ ਦੇ ਹਨ। ਰਿਜਨਲ ਟਰਾਂਸਪੋਰਟ ਅਥਾਰਿਟੀ ਪਟਿਆਲਾ ਨੇ 26 ਸਤੰਬਰ ਨੂੰ ਪੀ.ਆਰ.ਟੀ.ਸੀ ਅਤੇ ਪੰਜਾਬ ਰੋਡਵੇਜ਼ ਦੇ 9 ਡਿਪੂਆਂ ਦੇ ਜਨਰਲ ਮੈਨੇਜਰਾਂ ਨੂੰ ਪੱਤਰ ਲਿਖਿਆ ਹੈ ਕਿ ਜੋ ਨਵੇਂ ਸਾਂਝੇ ਟਾਈਮ ਟੇਬਲ ਬਣਨੇ ਹਨ, ਉਨ੍ਹਾਂ ਵਿਚ ਸਿਰਫ਼ ਉਨ੍ਹਾਂ ਪਰਮਿਟਾਂ ਨੂੰ ਹੀ ਜਗ੍ਹਾ ਦਿੱਤੀ ਜਾਵੇ ਜਿਨ੍ਹਾਂ ਦੀ ਐਕਸਟੈਂਸ਼ਨ ਇੱਕ ਵਾਰ ਤੋਂ ਵੱਧ (24 ਕਿਲੋਮੀਟਰ) ਨਾ ਹੋਈ ਹੋਵੇ। ਟਰਾਂਸਪੋਰਟ ਵਿਭਾਗ ਨੇ ਨਵੇਂ ਸਾਂਝੇ ਟਾਈਮ ਟੇਬਲ ਬਣਾਉਣ ਦੇ ਅਧਿਕਾਰ ਪੀਆਰਟੀਸੀ ਦੇ ਟਾਈਮ ਟੇਬਲ ਇੰਸਪੈਕਟਰ ਨੂੰ ਦੇ ਦਿੱਤੇ ਹਨ। ਟਾਈਮ ਟੇਬਲ ਇੰਸਪੈਕਟਰ ਸਮਾਂ ਸੂਚੀ ਫਰੇਮ ਕਰੇਗਾ ਅਤੇ ਟਰਾਂਸਪੋਰਟ ਵਿਭਾਗ ਉਸ

**ਬਾਕੀ ਸਫ਼ਾ 28 'ਤੇ**

# ਅਖੌਤੀ ਕਵੀ ਸੁਰਜੀਤ ਗੱਗ ਖ਼ਿਲਾਫ਼ ਕੇਸ ਦਰਜ

## *ਪਹਿਲਾਂ ਗੁਰੂਆਂ-ਪੀਰਾਂ ਖਿਲਾਫ ਭੱਦੀ ਸ਼ਬਦਾਵਲੀ ਵਰਤਣ 'ਤੇ ਹੋਈ ਮਾਰਕੁੱਟ*

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :**
ਸਿੱਖ ਧਰਮ ਦੇ ਵਿਰੋਧੀ ਨਕਲੀ ਕਾਮਰੇਡਾਂ ਦੀ ਫੂਕ ਵਿਚ ਆ ਕੇ ਸਿੱਖ ਗੁਰੂਆਂ ਅਤੇ ਪੰਜਾਬ ਬਾਰੇ ਕੱਚ-ਘਰੜ ਜਿਹੀ ਤੁਕਬੰਦੀ ਕਰਨ ਵਾਲੇ ਸੁਰਜੀਤ ਗੱਗ ਨੂੰ ਸਿੱਖ ਨੌਜਵਾਨਾਂ ਦੁਆਰਾ ਸੋਧਾ ਲਾਉਣ ਤੋਂ ਬਾਅਦ ਉਸ ਦਾ ਇਕ ਵਾਰ ਫਿਰ ਕਾਨੂੰਨੀ ਤੌਰ ਉਤੇ ਵੀ ਮੱਕੂ ਠੱਪਿਆ ਗਿਆ ਹੈ। ਇੱਥੇ ਸਿੱਖ ਜਥੇਬੰਦੀਆਂ ਨੇ ਡੀਐੱਸਪੀ ਰਮਿੰਦਰ ਸਿੰਘ ਕਾਹਲੋਂ ਨਾਲ ਮੁਲਾਕਾਤ ਕੀਤੀ ਤੇ ਕਵੀ ਸੁਰਜੀਤ ਗੱਗ 'ਤੇ ਮਾਹੌਲ ਖ਼ਰਾਬ ਕਰਨ ਦੀਆਂ ਕੋਸ਼ਿਸ਼ਾਂ ਦਾ ਦੋਸ਼ ਲਾਇਆ। ਇਸ ਮਗਰੋਂ ਸੁਰਜੀਤ ਗੱਗ ਖ਼ਿਲਾਫ਼ ਥਾਣਾ ਆਨੰਦਪੁਰ ਸਾਹਿਬ ਵਿਖੇ ਧਾਰਾ 295-ਏ ਤਹਿਤ ਕੇਸ ਦਰਜ ਹੋ ਗਿਆ ਹੈ। ਉਧਰ, ਗੱਗ 'ਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਵੀ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਕਾਫ਼ੀ ਸਮੇਂ ਤੋਂ ਕਵੀ ਸੁਰਜੀਤ ਗੱਗ ਸਿੱਖ ਧਰਮ ਖ਼ਿਲਾਫ਼, ਗੁਰੂ ਨਾਨਕ ਦੇਵ ਜੀ ਖ਼ਿਲਾਫ਼ ਤੇ ਹੋਰ ਧਰਮਾਂ ਖ਼ਿਲਾਫ਼ ਆਪਣੀਆਂ ਕਵਿਤਾਵਾਂ ਲਿਖ ਕੇ ਫੇਸਬੁੱਕ ਤੇ ਹੋਰ ਸੋਸ਼ਲ ਸਾਈਟਾਂ 'ਤੇ ਕੂੜ ਪ੍ਰਚਾਰ ਕਰਦਾ ਆ ਰਿਹਾ ਹੈ, ਜਿਸ ਕਾਰਨ ਸਿੱਖ ਭਾਈਚਾਰੇ ਵਿਚ ਰੋਸ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਪੁਲੀਸ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਕਾਰਵਾਈ ਕੀਤੀ ਜਾਵੇ।

ਇਸ ਸਬੰਧੀ ਡੀਐੱਸਪੀ ਰਮਿੰਦਰ ਸਿੰਘ ਕਾਹਲੋਂ ਨੇ ਕਿਹਾ ਕਿ ਮਾਹੌਲ ਖ਼ਰਾਬ ਕਰਨ ਵੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਗੱਗ ਖ਼ਿਲਾਫ਼ ਸ਼ਿਕਾਇਤ ਦਿੱਤੀ ਗਈ ਹੈ ਤੇ ਬਣਦੀ


**ਹਸਪਤਾਲ ਵਿਚ ਜ਼ੇਰੇ ਇਲਾਜ ਸੁਰਜੀਤ ਗੱਗ**

ਕਾਰਵਾਈ ਕੀਤੀ ਜਾਵੇਗੀ। ਇਸ ਮਗਰੋਂ ਗੱਗ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ। ਇਸ ਮੌਕੇ ਤਖ਼ਤ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ, ਸੰਦੀਪ ਸਿੰਘ ਕਲੌਤਾ, ਬਾਬਾ ਸਰਬਜੀਤ ਸਿੰਘ, ਸੁਰਿੰਦਰ ਕੌਰ, ਐਡਵੋਕੇਟ ਹਰਦੇਵ ਸਿੰਘ, ਜਸਵੀਰ ਸਿੰਘ ਤੇ ਮਨਜਿੰਦਰ ਸਿੰਘ ਬਰਾੜ ਹਾਜ਼ਰ ਸਨ। ਮਾਰਕੁੱਟ ਦੀ ਘਟਨਾ ਵੇਲੇ ਗੱਗ ਸ੍ਰੀ ਆਨੰਦਪੁਰ ਸਾਹਿਬ-ਨੰਗਲ ਮਾਰਗ 'ਤੇ ਸਥਿਤ ਚਰਨਗੰਗਾ ਪੁਲ ਦੇ ਨਜ਼ਦੀਕ ਦੁਕਾਨ 'ਤੇ ਖੜ੍ਹਾ ਸੀ। ਹਮਲੇ ਦੌਰਾਨ ਸੁਰਜੀਤ ਗੱਗ ਦੇ ਮੱਥੇ 'ਤੇ ਸੱਟ ਲੱਗੀ ਹੈ ਤੇ ਉਸ ਨੂੰ ਭਾਈ ਜੈਤਾ ਜੀ ਸਿਵਲ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ ਹੈ।

ਐੱਸਐੱਚਓ ਸਤੀਸ਼ ਕੁਮਾਰ ਤੇ ਜਾਂਚ ਅਧਿਕਾਰੀ ਏਐੱਸਆਈ ਸੋਹਣ ਸਿੰਘ ਨੇ ਦੱਸਿਆ ਕਿ ਸੁਰਜੀਤ ਗੱਗ ਵੱਲੋਂ ਦਿੱਤੇ ਬਿਆਨਾਂ ਅਨੁਸਾਰ ਉਹ ਪੁਲ 'ਤੇ ਖੜ੍ਹਾ ਸੀ ਕਿ ਪਿੰਡ ਦੇ ਇੱਕ ਨੌਜੁਆਨ ਅਤੇ ਉਸ ਦੇ ਸਾਥੀ ਮੋਟਰਸਾਈਕਲ 'ਤੇ ਆਏ ਤੇ ਉਸ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਹ ਭੱਜ ਕੇ ਬੱਸ ਅੱਡੇ 'ਤੇ ਪੁੱਜਿਆ ਪਰ ਉਹ ਨੌਜਵਾਨ ਉੱਥੇ ਵੀ ਆ ਗਏ। ਇਸ ਦੌਰਾਨ ਗੱਗ ਦੇ ਸਿਰ 'ਤੇ ਸੱਟ ਲੱਗ ਗਈ। ਉਹ ਜ਼ਖ਼ਮੀ ਹਾਲਤ ਵਿਚ ਇੱਥੇ ਪੁਲੀਸ ਚੌਕੀ 'ਚ ਪੁੱਜਿਆ। ਪੁਲੀਸ ਨੇ ਉਸ ਨੂੰ ਭਾਈ ਜੈਤਾ ਜੀ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਹੈ।

ਜ਼ਿਕਰਯੋਗ ਹੈ ਕਿ ਸੁਰਜੀਤ ਗੱਗ ਵੱਲੋਂ ਆਪਣੀ ਗੱਗਬਾਣੀ ਨਾਮ ਦੀ ਰਚਨਾ 'ਚ ਗੁਰੂ ਨਾਨਕ ਦੇਵ ਜੀ ਬਾਰੇ ਕੀਤੀਆਂ ਟਿੱਪਣੀਆਂ ਕਰ ਕੇ ਉਸ ਖ਼ਿਲਾਫ਼ ਕੇਸ ਦਰਜ ਹੋਇਆ ਸੀ ਤੇ ਉਹ ਜੇਲ੍ਹ ਦੀ ਹਵਾ ਵੀ ਖਾ ਚੁੱਕਾ ਹੈ। ਹਾਲ ਹੀ ਵਿਚ ਵੀ ਉਸ ਦੁਆਰਾ ਆਪਣੀ ਫੇਸਬੁੱਕ ਉਤੇ ਗੁਰੂਆਂ-ਪੀਰਾਂ ਤੇ ਪੰਜਾਬ ਦੀ ਧਰਤੀ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੇ ਜਾਣ ਦੀ ਖਬਰ ਵੀ ਹੈ।

ਸੁਰਜੀਤ ਗੱਗ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਪੁਲੀਸ ਨੇ ਯਾਦਵ ਸਿੰਘ ਯਾਦੀ ਵਾਸੀ ਪਿੰਡ ਝਿੰਜੜੀ ਤੇ ਇਕ ਅਣਪਛਾਤੇ ਖ਼ਿਲਾਫ਼ ਆਈਪੀਸੀ ਦੀ ਧਾਰਾ 341,323,34 ਤਹਿਤ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਧਰ, ਭਾਈ ਜੈਤਾ ਜੀ ਸਿਵਲ ਹਸਪਤਾਲ ਵਿਚ ਜ਼ੇਰੇ ਇਲਾਜ ਸੁਰਜੀਤ ਗੱਗ ਨੇ ਪੰਜਾਬ ਸਰਕਾਰ ਤੋਂ ਸੁਰੱਖਿਆ ਦੀ ਮੰਗ ਕੀਤੀ। ਗੱਗ ਨੇ ਕਿਹਾ ਕਿ ਉਹ ਪਹਿਲਾਂ ਵੀ ਸਥਾਨਕ ਪੁਲੀਸ ਨੂੰ ਸ਼ਿਕਾਇਤ ਦੇ ਚੁੱਕਿਆ ਹੈ ਪਰ ਕੋਈ ਕਾਰਵਾਈ ਨਹੀਂ ਹੋਈ ਹੈ। ਇਸ ਲਈ ਉਸ ਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ। ਗੱਗ ਨੇ ਕਿਹਾ ਕਿ ਪੁਲੀਸ ਉਸ ਉੱਤੇ ਦਬਾਅ ਬਣਾ ਰਹੀ ਹੈ ਕਿ ਉਹ ਉਨ੍ਹਾਂ ਨਾਲ ਚੱਲੇ ਤਾਂ ਜੋ ਉਸ ਦੇ ਰਹਿੰਦੇ ਬਿਆਨਾਂ ਨੂੰ ਕਲਮਬੰਦ ਕੀਤਾ ਜਾ ਸਕੇ।



# ਸਰਦਾਰਨੀ ਅਜੀਤ ਕੌਰ ਧਾਲੀਵਾਲ ਦਾ ਸਦੀਵੀ ਵਿਛੋੜਾ

### *ਅੰਤਿਮ ਸੰਸਕਾਰ 6 ਅਕਤੂਬਰ ਨੂੰ*

**ਮੈਡਿਸਟੋ/ਬਿਊਰੋ ਨਿਊਜ਼ :**
ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਟੁੱਟ ਵਿਸ਼ਵਾਸ਼ ਅਤੇ ਧਾਰਮਿਕ ਖਿਆਲਾਂ ਦੇ ਧਾਰਨੀ ਸਰਦਾਰਨੀ ਅਜੀਤ ਕੌਰ ਦਾ ਜਨਮ 5 ਜੂਨ 1940 ਨੂੰ ਮੇਜਰ ਕਰਤਾਰ ਸਿੰਘ ਅਤੇ ਕਰਤਾਰ ਕੌਰ ਦੇ ਘਰ ਚੱਕ ਨੰ. 273, ਲਾਇਲਪੁਰ, ਹੁਣ



ਪਾਕਿਸਤਾਨ ਵਿਚ ਹੋਇਆ। ਬਟਵਾਰੇ ਪਿਛੋਂ ਪਰਿਵਾਰ ਮੁੱਲਾਂਪੁਰ ਦਾਖਾ (ਬਾੜੇਵਾਲ) ਪੰਜਾਬ ਵਿਚ ਆ ਵਸਿਆ। ਉਨ੍ਹਾਂ ਨੇ ਲੁਧਿਆਣਾ ਤੋਂ ਉਚ ਸਿੱਖਿਆ ਪ੍ਰਾਪਤ ਕੀਤੀ। ਉਨ੍ਹਾਂ ਦਾ ਵਿਆਹ ਸੰਨ 1959 ਵਿਚ ਪ੍ਰਿੰਸੀਪਲ ਜਗਜੀਤ ਸਿੰਘ ਧਾਲੀਵਾਲ ਨਾਲ ਹੋਇਆ। ਉਨ੍ਹਾਂ ਦੇ ਦੋ ਧੀਆਂ ਅਤੇ ਇਕ ਪੁੱਤਰ ਨੇ ਜਨਮ ਲਿਆ। ਉਪਰੰਤ ਹਸਦਿਆਂ-ਖੇਡਦਿਆਂ, ਜਿੰਦਗੀ ਦਾ ਆਨੰਦ ਮਾਣਦਿਆਂ ਉਹ ਅਚਾਨਕ 28 ਸਤੰਬਰ 2018 ਨੂੰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਅਲਵਿਦਾ ਕਹਿਣ ਲਈ ਅੰਤਿਮ ਸੰਸਕਾਰ 6 ਅਕਤੂਬਰ, 2018 ਦਿਨ ਸ਼ਨੀਵਾਰ ਨੂੰ ਸਵੇਰੇ 11:00 ਵਜੇ Lakewood Memorial Park, 900 Santa Fe Ave. Hughson, CA 95326 ਵਿਖੇ ਹੋਵੇਗਾ। ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਮੈਡਿਸਟੋ 5748 E Hatch Rd. Hughson. CA 95326 ਵਿਖੇ ਹੋਵੇਗੀ। ਉਹ ਆਪਣੇ ਪਿੱਛੇ ਪਤੀ ਸਮੇਤ ਪੁੱਤਰ ਸ੍ਰੀ ਮਨਧੀਰ ਸਿੰਘ ਧਾਲੀਵਾਲ, ਨੂੰਹ ਨਵਕਿਰਨ ਕੌਰ, ਸੁਖਵਿੰਦਰ ਕੌਰ-ਵਿਕਰਮਜੀਤ ਸਿੰਘ ਧੀ-ਜਵਾਈ, ਰੁਪਿੰਦਰ ਕੌਰ-ਨਰਿੰਦਰ ਪਾਲ ਸਿੰਘ ਧੀ-ਜਵਾਈ, ਹਰਸੁਮੀਤ ਧਾਲੀਵਾਲ, ਗੁਰਜੋਤ ਮੱਟੂ, ਦਿਲਨੂਰ ਧਾਲੀਵਾਲ, ਸਾਹਿਬ ਧਾਲੀਵਾਲ ਪੋਤੇ ਅਤੇ ਜੈਸਲੀਨ ਧਾਲੀਵਾਲ ਪੜਪੋਤੀ ਛੱਡ ਗਏ ਹਨ।

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕੰਮਕਾਜ ਸ਼ੁਰੂ

### *ਪੈਰਿਸ ਵਿਚ ਹੋਇਆ ਪਹਿਲਾ ਇਤਿਹਾਸਕ ਸੈਸ਼ਨ*



**ਫਰੀਮਾਂਟ/ਹੁਸਨ ਲੜੋਆ ਬੰਗਾ :** ਫਰਾਂਸ ਦੇ ਪੈਰਿਸ ਵਿਖੇ ਵਰਲਡ ਸਿੱਖ ਪਾਰਲੀਮੈਂਟ ਦਾ ਪਹਿਲਾ ਉਦਘਾਟਨੀ ਇਜਲਾਸ ਹੋਇਆ ਹੈ। ਪੈਰਿਸ ਇਜਲਾਸ ਦੌਰਾਨ ਦੁਨੀਆ ਦੇ ਪੰਜ ਖਿੱਤਿਆਂ ਦੇ ਵੱਖ-ਵੱਖ ਦੇਸ਼ਾਂ, ਜਿਨ੍ਹਾਂ ਵਿਚ ਯੂਐਸਏ, ਇੰਗਲੈਂਡ, ਕੈਨੇਡਾ, ਫਰਾਂਸ, ਸਪੇਨ, ਹਾਲੈਂਡ, ਜਰਮਨੀ, ਨਿਊਜ਼ੀਲੈਂਡ ਅਤੇ ਆਸਟਰੇਲੀਆ ਤੋਂ ਨਾਮਜ਼ਦ ਡੈਲੀਗੇਟਾਂ ਨੇ ਹਿੱਸਾ ਲਿਆ। 24 ਘੰਟੇ ਚੱਲੇ ਇਜਲਾਸ ਦੀ ਸ਼ੁਰੂਆਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਪੰਚ-ਪ੍ਰਧਾਨੀ ਪ੍ਰਥਾ ਤਹਿਤ ਪੰਜ ਸਿੰਘਾਂ ਦੀ ਅਗਵਾਈ ਵਿਚ ਹੋਈ। ਭਾਰਤ ਤੋਂ ਐਡਵੋਕੇਟ ਅਮਰ ਸਿੰਘ ਚਾਹਲ ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਧਰਮ ਪਿਤਾ ਗੁਰਚਰਨ ਸਿੰਘ ਅਤੇ ਯੂਕੇ. ਤੋਂ ਭਾਈ ਗੁਰਨਾਮ ਸਿੰਘ ਸਪੈਸ਼ਲ ਆਬਜ਼ਰਵਰ ਦੇ ਰੂਪ ਵਿਚ ਸ਼ਾਮਲ ਹੋਏ। ਇਸ ਤੋਂ ਇਲਾਵਾ ਦੇਸ਼ਾਂ ਤੇ ਵਿਦੇਸ਼ਾਂ ਤੋਂ ਹੋਰ ਵੀ ਆਬਜ਼ਰਵਰ ਮੌਜੂਦ ਸਨ। ਇਸ ਮੌਕੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਪਾਰਲੀਮੈਂਟ ਮੈਬਰਾਂ ਨੂੰ ਭੇਜਿਆ ਹੋਇਆ ਸੰਦੇਸ਼ ਬਾਪੂ ਗੁਰਚਰਨ ਸਿੰਘ ਵੱਲੋਂ ਪੜ੍ਹਿਆ ਗਿਆ ਜਿਸ ਵਿਚ ਛੋਟੀਆਂ-ਛੋਟੀਆਂ ਪੁਲਾਂਘਾ ਪੁੱਟਦਿਆਂ ਆਪਣੀ ਮੰਜ਼ਿਲ ਵੱਲ ਮਜ਼ਬੂਤੀ ਨਾਲ ਵਧਣ ਦੀ ਪ੍ਰੇਰਨਾ ਦਿੱਤੀ ਗਈ। ਵਰਲਡ ਸਿੱਖ ਪਾਰਲੀਮੈਂਟ ਦੇ ਇਜਲਾਸ ਵਿਚ ਇਸ ਦੇ ਢਾਂਚੇ ਨੂੰ ਇਕ ਲੰਬੀ ਵਿਚਾਰ ਤੋਂ ਬਾਅਦ ਪ੍ਰਵਾਨ ਕੀਤਾ ਗਿਆ। ਇਸ ਤੋਂ ਇਲਾਵਾ ਸੁਪਰੀਮ ਐਗਜ਼ੈਕਟਿਵ ਕੌਂਸਲ ਦੇ ਵਿਦੇਸ਼ਾਂ ਵਿਚਲੇ ਨੁਮਾਇੰਦਿਆਂ ਦਾ ਐਲਾਨ ਵੀ ਕੀਤਾ ਗਿਆ ਜੋ ਕਿ ਅਲੱਗ-ਅਲੱਗ ਦੇਸ਼ਾਂ ਤੋਂ ਹਨ। ਪਾਰਲੀਮੈਂਟ ਅਧੀਨ ਵੱਖ-ਵੱਖ ਮੁੱਦਿਆਂ ਨਾਲ ਸਬੰਧਤ 10 ਕੌਂਸਲਾਂ ਦੇ ਮੈਂਬਰਾਂ ਦੀ ਵੀ ਨਿਯੁਕਤੀ ਕੀਤੀ ਗਈ। ਪਾਰਲੀਮੈਂਟ ਦੇ ਸਲਾਹਕਾਰ ਬੋਰਡ ਦਾ ਭਵਿੱਖ ਵਿਚ ਗਠਨ ਕਰਨ ਦਾ ਫੈਸਲਾ ਕੀਤਾ ਗਿਆ ਜਿਨ੍ਹਾਂ ਵਿਚ ਵੱਖ-ਵੱਖ ਵਿਸ਼ਿਆਂ ਦੇ ਮਾਹਰ ਗੁਰਸਿੱਖ ਪਾਰਲੀਮੈਂਟ ਦਾ ਕੰਮਕਾਜ ਚਲਾਉਣ ਲਈ ਆਪਣੇ ਵਿਚਾਰ ਦੇ ਸਕਣਗੇ। ਪੰਜਾਬ ਅੰਦਰ ਵਰਲਡ ਸਿੱਖ ਪਾਰਲੀਮੈਂਟ ਦੇ ਮੈਬਰਾਂ ਦੀ ਨਿਯੁਕਤੀ ਲਈ ਹੋਰ ਹੰਭਲਾ ਮਾਰਨ ਦਾ ਵੀ ਪ੍ਰਣ ਕੀਤਾ ਗਿਆ।

ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਵੱਲੋਂ ਪੰਥਕ ਮੁੱਦਿਆਂ ਉਤੇ ਵਿਚਾਰਾਂ ਤੋਂ ਬਾਅਦ ਵੱਖ-ਵੱਖ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਸਿੱਖਾਂ ਨੂੰ ਸਵੈ ਨਿਰਣੇ ਦੇ ਹੱਕ ਵਿਚ, ਭਾਰਤ ਸਰਕਾਰ ਵੱਲੋਂ ਸਿੱਖਾਂ ਦੀ ਨਸਲਕੁਸ਼ੀ ਬਾਬਤ, ਹਿੰਦੂਤਵੀ ਫਾਸ਼ੀਵਾਦ ਦੇ ਵਿਰੁੱਧ ਅਤੇ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਮਤੇ ਇਜਲਾਸ ਵਿੱਚ ਪਾਸ ਕੀਤੇ ਗਏ। ਪੈਰਿਸ ਦੇ ਗੁਰਦੁਆਰਾ ਸਾਹਿਬ ਬੋਬੀਨੀ ਵਿਚ ਦੀਵਾਨ ਸਜਿਆ ਜਿਸ ਵਿਚ ਦੇਸ਼-ਵਿਦੇਸ਼ ਤੋਂ ਬੁਲਾਰਿਆਂ ਨੇ ਪੰਥਕ ਮਸਲਿਆਂ ਉੱਤੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪੰਜਾਬ ਤੋਂ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਭੇਜਿਆ ਗਿਆ ਸੁਨੇਹਾ ਵੀ ਪੜ੍ਹਿਆ ਗਿਆ। ਸਵੈ ਨਿਰਣੇ ਦੇ ਹੱਕ ਸਬੰਧੀ ਮਤੇ ਸੰਗਤਾਂ ਸਨਮੁਖ ਪ੍ਰਵਾਨਗੀ ਲਈ ਰੱਖੇ ਗਏ ਤੇ ਸਾਰੇ ਬੁਲਾਰਿਆਂ ਨੇ ਆਪਣੇ ਵਿਚਾਰ ਸੰਗਤਾਂ ਅੱਗੇ ਰੱਖੇ। ਸੰਗਤਾਂ ਦੀ ਪ੍ਰਵਾਨਗੀ ਲਈ ਮਤੇ ਪੜ੍ਹੇ ਗਏ ਜਿਨ੍ਹਾਂ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕੀਤਾ।

ਮਤਾ ਨੰਬਰ ਇੱਕ ਵਿਚ ਕਿਹਾ ਗਿਆ ਕਿ ਵਰਲਡ ਸਿੱਖ ਪਾਰਲੀਮੈਂਟ ਅਨੁਸਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਬਰਗਾੜੀ, ਬਹਿਬਲ ਕਲਾਂ ਤੇ ਕੋਟਕਪੂਰੇ ਵਿੱਚ ਸ਼ਾਂਤਮਈ ਰੋਸ ਕਰ ਰਹੀਆਂ ਸੰਗਤਾਂ ਉੱਤੇ ਗੋਲੀ ਚਲਾ ਕੇ ਸ਼ਹੀਦ ਕੀਤੇ ਸਿੰਘਾਂ ਦਾ ਇਨਸਾਫ ਸਰਕਾਰ ਤੋਂ ਲੈਣ ਦੀ ਬਜਾਏ ਖਾਲਸਾ ਪੰਥ ਇੱਕ ਨਿਸ਼ਾਨ ਸਾਹਿਬ ਥੱਲੇ ਇਕੱਤਰ ਹੋ ਕੇ ਖਾਲਸਈ ਰਵਾਇਤਾਂ ਅਨੁਸਾਰ ਆਪਣੇ ਹੱਕ ਲੈਣ ਲਈ ਠੋਸ ਪ੍ਰੋਗਰਾਮ ਉਲੀਕੇ। ਵਰਲਡ ਸਿੱਖ ਪਾਰਲੀਮੈਂਟ ਦੇਸ਼ਾਂ ਵਿਦੇਸ਼ਾਂ ਵਿੱਚ ਇੱਕ ਮੁਹਿੰਮ ਚਲਾਏਗੀ ਤਾਂ ਕਿ ਬੇਅਦਬੀ ਅਤੇ ਸ਼ਹੀਦਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾ ਸਕੇ।

ਮਤਾ ਨੰਬਰ ਦੋ ਵਿਚ ਕਿਹਾ ਗਿਆ ਕਿ ਵਰਲਡ ਸਿੱਖ ਪਾਰਲੀਮੈਂਟ ਦੇਸ਼ ਵਿਦੇਸ਼ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਤੇ ਆਮ ਸੰਗਤਾਂ ਨੂੰ ਬੇਨਤੀ ਕਰਦੀ ਹੈ ਕਿ ਉਹ ਗੁਰੂ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਗੁਰੂ ਘਰਾਂ ਵਿੱਚ ਸੁਰੱਖਿਆ ਦੇ ਮਜ਼ਬੂਤ ਪ੍ਰਬੰਧ ਕਰਨ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਬੇਅਦਬੀਆਂ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ। ਬੇਨਤੀ ਹੈ ਕਿ ਜਦੋਂ ਨਵੇਂ ਸਰੂਪ ਸੰਗਤਾਂ ਜਾਂ ਗੁਰਦੁਆਰਿਆਂ ਨੂੰ ਦਿੱਤੇ ਜਾਣ ਤਾਂ ਉਹਨਾਂ ਦਾ ਇੱਕ ਲਿਖਤੀ ਰਿਕਾਰਡ ਬਣਾਇਆ ਜਾਵੇ।

ਮਤਾ ਨੰਬਰ ਤਿੰਨ ਵਿਚ ਸਿੰਘ ਸਾਹਿਬ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਅਦਬੀਆਂ ਦੀਆ ਘਟਨਾਵਾਂ ਦੇ ਤਿੰਨ ਸਾਲ ਹੋਣ 'ਤੇ ਸਾਰੀ ਦੁਨੀਆ ਦੀਆਂ ਗੁਰਦੁਆਰਾ ਕਮੇਟੀਆਂ ਨੂੰ

ਬਾਕੀ ਸਫ਼ਾ 28 'ਤੇ

# ਆਰਗਨ ਨੈਸ਼ਨਲ ਲੈਬਾਰਟਰੀ 'ਚ ਸਿੱਖ ਧਰਮ ਅਤੇ ਸੱਭਿਆਚਾਰ ਬਾਰੇ ਸੈਮੀਨਾਰ





**ਸ਼ਿਕਾਗੋ/ਬਿਊਰੋ ਨਿਊਜ਼ :**
ਸ਼ਿਕਾਗੋ ਦੇ ਲੀਮੋਂਟ ਵਿਚ ਵਿਸ਼ਵ ਪ੍ਰਸਿੱਧ ਮਸ਼ਹੂਰ ਆਰਗਨ ਨੈਸ਼ਨਲ ਲੈਬੋਰੇਟਰੀ ਦੇ ਹਾਲ ਵਿਚ ਸਿੱਖ ਧਰਮ ਅਤੇ ਸੱਭਿਆਚਾਰ ਸਬੰਧੀ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ। ਆਰਗਨ ਅਲੂਮਨੀ ਐਸੋਸੀਏਸ਼ਨ ਦੁਆਰਾ ਆਪਣੀ ਮਾਸਿਕ ਮੀਟਿੰਗ ਮੌਕੇ ਕਰਵਾਏ ਗਏ ਇਸ ਸੈਮੀਨਾਰ ਵਿਚ ਰਾਜਿੰਦਰ ਸਿੰਘ ਮਾਗੋ ਦੁਆਰਾ ਸਿੱਖ ਸਮਾਜ ਤੇ ਧਰਮ ਬਾਰੇ ਦਿੱਤੀ ਗਈ ਜਾਣਕਾਰੀ ਨੂੰ ਹਾਜ਼ਰੀਨ ਨੇ ਬਹੁਤ ਹੀ ਉਤਸੁਕਤਾ ਨਾਲ ਸੁਣਿਆ। ਰਾਜਿੰਦਰ ਸਿੰਘ ਮਾਗੋ ਵੱਲੋਂ ਇਸ ਮੌਕੇ ਸਿੱਖ-ਅਮਰੀਕਨ ਭਾਈਚਾਰੇ ਅਤੇ ਉਨ੍ਹਾਂ ਦੇ ਸਭਿਆਚਾਰ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਨੇ ਕਿਹਾ ਕਿ ਇਹ ਸੈਮੀਨਾਰ ਤੁਹਾਨੂੰ ਤੁਹਾਡੇ ਸਾਥੀਆਂ ਅਤੇ ਗੁਆਂਢੀਆਂ ਬਾਰੇ ਜਾਣਨ ਦਾ ਮੌਕਾ ਦਿੰਦਾ ਹੈ। ਇਸ ਮੌਕੇ ਦੱਸਿਆ ਗਿਆ ਕਿ ਸਿੱਖ ਕੌਣ ਹਨ, ਉਨ੍ਹਾਂ ਦਾ ਜਨਮ, ਇਤਿਹਾਸ, ਸੱਭਿਆਚਾਰ, ਸੰਸਾਰ ਅਤੇ ਮਨੁੱਖਤਾ ਲਈ ਉਨ੍ਹਾਂ ਦਾ ਯੋਗਦਾਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਕੀ ਹਨ। ਸਿੱਖਾਂ ਦੇ ਧਾਰਮਿਕ ਵਿਸ਼ਵਾਸ, ਜਿਵੇਂ ਕਿ ਉਹ ਆਪਣੇ ਕੇਸਾਂ ਨੂੰ ਕਿਉਂ ਨਹੀਂ ਕੱਟਦੇ, ਉਹ ਪੱਗ ਕਿਉਂ ਬੰਨ੍ਹਦੇ ਹਨ ਅਤੇ ਕਿਰਪਾਨ ਪਹਿਨਦੇ ਹਨ, ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਇਕ ਟੇਬਲ ਉਤੇ ਸਿੱਖ ਧਾਰਮਿਕ ਲੇਖਾਂ ਦੀਆਂ ਪੁਸਤਕਾਂ ਅਤੇ ਸਿੱਖੀ ਦੇ ਚਿੰਨ੍ਹਾਂ ਨੂੰ ਪ੍ਰਦਰਸ਼ਿਤ

ਬਾਕੀ ਸਫ਼ਾ 29 'ਤੇ

### *ਮਿਲ ਕੇ ਸੰਘਰਸ਼ ਕਰਾਂਗੇ ਤਾਂ ਵਾਹਿਗੁਰੂ ਜੀ ਫਤਿਹ ਬਖਸ਼ਣਗੇ*

# ਅਕਾਲੀ ਦਲ ਅੰਮ੍ਰਿਤਸਰ (ਯੂਕੇ) ਵੱਲੋਂ ਬਰਗਾੜੀ ਮੋਰਚੇ 'ਤੇ ਡਟਣ ਦੀ ਅਪੀਲ

**ਲੰਡਨ/ਬਿਊਰੋ ਨਿਊਜ਼ :** "ਜਦੋਂ ਕਿਸੇ ਸਿੱਖ ਸਖਸ਼ੀਅਤ ਦੀ ਅਕਾਲ ਤਖ਼ਤ ਸਾਹਿਬ ਸਮੇਤ ਕਿਸੇ ਵੀ ਤਖ਼ਤ 'ਤੇ ਜਥੇਦਾਰ ਵਜੋਂ ਨਿਯੁਕਤੀ ਹੋ ਜਾਂਦੀ ਹੈ, ਫਿਰ ਉਹ ਆਪਣੀ ਨਿਯੁਕਤੀ ਤੋਂ ਪਹਿਲਾਂ ਵਾਲੀ ਪਾਰਟੀ, ਸੰਪਰਦਾ ਜਾਂ ਜਥੇ ਦੇ ਹੀ ਜਥੇਦਾਰ ਨਹੀਂ ਰਹਿ ਜਾਂਦੇ ਬਲਕਿ ਸਮੁੱਚੀ ਕੌਮ ਦੇ ਜਥੇਦਾਰ ਬਣ ਜਾਂਦੇ ਹਨ। ਉਨ੍ਹਾਂ ਦੀ ਬਿਨਾ ਕਿਸੇ ਪੱਖਪਾਤ ਤੋਂ ਸਮੁੱਚੀ ਕੌਮ ਦੀ ਅਗਵਾਈ ਕਰਨ ਦੀ ਜੁੰਮੇਵਾਰੀ ਬਣ ਜਾਂਦੀ ਹੈ। ਜਥੇਦਾਰ ਸਾਹਿਬ ਜੇ ਕਿਸੇ ਕਾਰਨ ਜਨਤਕ ਤੌਰ 'ਤੇ ਵਿਚਰ ਕੇ ਆਪਣੀ ਜੁੰਮੇਵਾਰੀ ਨਾ ਨਿਭਾ ਸਕਦੇ ਹੋਣ ਤਾਂ ਕਾਰਜਕਾਰੀ ਜਥੇਦਾਰ ਸਾਹਿਬ ਇਹ ਜੁੰਮੇਵਾਰੀ ਨਿਭਾਉਂਦੇ ਹਨ। ਕੋਈ ਵੀ ਵਿਅਕਤੀ ਜਾਂ ਸੰਸਥਾ ਪੰਥਕ ਪਰੰਪਰਾਵਾਂ ਨੂੰ ਵਿਸਾਰ ਕੇ ਪਰੌਕਸੀ ਵੋਟ ਰਾਹੀਂ ਜਥੇਦਾਰ ਸਾਹਿਬ ਦੇ ਅਧਿਕਾਰ ਨੂੰ ਨਹੀਂ ਵਰਤ ਸਕਦੀ। ਜੇ ਕੋਈ ਅਜੇਹਾ ਕਰਨ ਦਾ ਯਤਨ ਕਰਦਾ ਹੈ,ਤਾਂ ਫਿਰ ਬਾਦਲ ਪਰਿਵਾਰ ਉੱਪਰ ਲਾਏ ਜਾ ਰਹੇ ਦੋਸ਼ ਉਨ੍ਹਾਂ ਉੱਪਰ ਲੱਗਣੇ ਵੀ ਸੁਭਾਵਕ ਹੀ ਹਨ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਦਲ ਅੰਮ੍ਰਿਤਸਰ (ਯੂਕੇ) ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸਕੱਤਰ ਜਨਰਲ ਸੂਬਾ ਸਿੰਘ ਲਿੱਤਰਾਂ, ਜਨ. ਸਕੱਤਰ ਕੁਲਵੰਤ ਸਿੰਘ ਮੁਠੱਡਾ, ਔਰਗੇਨਾਈਜ਼ਰ ਮਨਜੀਤ ਸਿੰਘ ਸਮਰਾ, ਪ੍ਰਧਾਨ ਯੂਥ ਵਿੰਗ ਸਤਿੰਦਰ ਸਿੰਘ ਮੰਗੂਵਾਲ, ਸੀਨੀ. ਮੀਤ ਪ੍ਰਧਾਨ ਅਵਤਾਰ ਸਿੰਘ ਖੰਡਾ, ਮੀਤ ਪ੍ਰਧਾਨ ਜਸਵੰਤ ਸਿੰਘ ਮਾਂਗਟ, ਗੁਰਿੰਦਰ ਸਿੰਘ ਗੁਰੀ, ਅਜੈਪਾਲ ਸਿੰਘ ਨਾਗੋਕੇ ਜੁਆਇੰਟ ਜਨ. ਸਕੱਤਰਾਂ

ਬਾਕੀ ਸਫ਼ਾ 28 'ਤੇ

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਦੋ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ ਪੁਲਸੀਆਂ ਨੂੰ ਉਮਰ ਕੈਦ

*ਸ.ਫਾ ਇਕ ਦੀ ਬਾਕੀ*

ਨਿਵਾਸੀ ਗੜ੍ਹਸ਼ੰਕਰ (ਹੁਸ਼ਿਆਰਪੁਰ) ਤੇ ਇਕ ਹੈੱਡ ਕਾਂਸਟੇਬਲ ਦਾਰਾ ਸਿੰਘ ਨੂੰ ਧਾਰਾ 302 ਵਿਚ ਉਮਰ ਕੈਦ, ਧਾਰਾ 364 ਵਿਚ 10 ਸਾਲ ਕੈਦ ਅਤੇ ਧਾਰਾ 218 ਵਿਚ ਦੋ ਸਾਲ ਕੈਦ ਦੀ ਸਜਾ ਸੁਣਾਈ ਹੈ। ਸੀਬੀਆਈ. ਕੋਰਟ ਦੇ ਐਡੀਸ਼ਨਲ ਸੈਸ਼ਨ ਜੱਜ ਨਿਰਭਉ ਸਿੰਘ ਗਿੱਲ ਦੀ ਸੀਬੀਆਈ. ਅਦਾਲਤ ਨੇ ਫ਼ੈਸਲਾ ਸੁਣਾਉਂਦਿਆਂ ਬਿਆਸ ਥਾਣੇ ਦੇ ਪੁਲਿਸ ਅਫ਼ਸਰ ਰਘਬੀਰ ਸਿੰਘ ਅਤੇ ਦਾਰਾ ਸਿੰਘ ਨੂੰ ਇੱਕ ਨੌਜਵਾਨ ਨੂੰ ਘਰੋਂ ਚੁੱਕ ਕੇ ਅਤੇ ਉਸ 'ਤੇ ਤਸ਼ੱਦਦ ਕਰਨ ਉਪਰੰਤ ਉਸ ਦਾ ਫ਼ਰਜ਼ੀ ਮੁਕਾਬਲਾ ਬਣਾ ਕੇ ਮਾਰਨ ਦਾ ਦੋਸ਼ੀ ਮੰਨਦਿਆਂ ਇਹ ਸਜ਼ਾ ਸੁਣਾਈ ਹੈ। ਇਸ ਫੈਸਲੇ ਵਿਚ ਤਿੰਨ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਹੈ ਜਦੋਂਕਿ ਤਿੰਨ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਕੇਸ ਦੀ ਸ਼ਿਕਾਇਤਕਰਤਾ ਅਤੇ ਸ਼ਹੀਦ ਨੌਜਵਾਨ ਦੀ ਮਾਂ ਬਲਵਿੰਦਰ ਕੌਰ ਨਿਵਾਸੀ ਪਿੰਡ ਪੱਲਾ (ਅੰਮ੍ਰਿਤਸਰ) ਵੱਲੋਂ ਵਕੀਲ ਐਡਵੋਕੇਟ ਸਤਨਾਮ ਸਿੰਘ ਬੈਂਸ ਨੇ ਦੱਸਿਆ ਕਿ 14 ਸਤੰਬਰ 1992 ਨੂੰ ਲਗਭਗ 15 ਸਾਲ ਦੇ ਹਰਪਾਲ ਸਿੰਘ ਨੂੰ ਬਿਆਸ ਪੁਲਸ ਨੇ ਘਰ 'ਚੋਂ ਚੁੱਕ ਲਿਆ ਸੀ। ਉਸ ਤੋਂ ਬਾਅਦ 17 ਅਤੇ 18 ਸਤੰਬਰ ਦੀ ਦਰਮਿਆਨੀ ਰਾਤ ਨੂੰ ਉਸ ਨੂੰ ਨਿੱਝਰ ਪਿੰਡ ਵਿਚ ਹੋਏ ਪੁਲਸ ਮੁਕਾਬਲੇ ਵਿਚ ਮਰਿਆ ਹੋਇਆ ਵਿਖਾ ਦਿੱਤਾ ਗਿਆ। ਪੁਲਸ ਨੇ ਉਸ ਦੀ ਲਾਸ਼ ਤਕ ਪਰਿਵਾਰ ਨੂੰ ਨਹੀਂ ਦਿੱਤੀ ਅਤੇ ਉਸ ਨੂੰ ਅਣਪਛਾਤਾ ਐਲਾਨ ਕਰ ਕੇ ਸਸਕਾਰ ਕਰ ਦਿੱਤਾ। ਆਪਣੇ ਇਕਲੌਤੇ ਪੁੱਤਰ ਦੀ ਭਾਲ ਵਿਚ ਭਟਕਦੀ ਹੋਈ ਉਸ ਦੀ ਵਿਧਵਾ ਮਾਤਾ ਬਲਵਿੰਦਰ ਕੌਰ ਨੇ ਪਤਾ ਲਗਾਉਣਾ ਸ਼ੁਰੂ ਕੀਤਾ। ਉਨ੍ਹੀਂ ਦਿਨੀਂ ਵੱਡੀ ਗਿਣਤੀ ਵਿਚ ਲਾਸ਼ਾਂ ਪੁਲਸ ਨੇ ਅਣਪਛਾਤੀਆਂ ਐਲਾਨ ਕੇ ਸਸਕਾਰ ਕਰ ਦਿੱਤੇ ਸਨ। ਇਹ ਮਾਮਲਾ ਸੁਪਰੀਮ ਕੋਰਟ ਤਕ ਗਿਆ ਤਾਂ ਸੁਪਰੀਮ ਕੋਰਟ ਨੇ ਸੰਨ 1996 ਵਿਚ ਕੇਸ ਦੀ ਜਾਂਚ ਸੀਬੀਆਈ. ਨੂੰ ਸੌਂਪ ਦਿੱਤੀ ਸੀ। ਸੀਬੀਆਈ. ਨੇ ਇਸ ਸਬੰਧੀ ਆਈਪੀਸੀ. ਦੀ ਧਾਰਾ 302, 364, 218, 34 ਅਤੇ 120ਬੀ ਦੇ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਇਸ ਕੇਸ 'ਚ ਕੁੱਲ 8 ਲੋਕਾਂ ਨੂੰ ਮੁਲਜ਼ਮ ਅਤੇ ਕੁੱਲ 21 ਲੋਕਾਂ ਨੂੰ ਗਵਾਹ ਬਣਾਇਆ ਗਿਆ ਸੀ। ਉਪਰੰਤ 10 ਅਗਸਤ 1999 ਨੂੰ ਸੀਬੀਆਈ. ਅਦਾਲਤ ਵਲੋਂ ਮੁਲਜ਼ਮਾਂ ਖਿਲਾਫ ਦੋਸ਼ ਤੈਅ ਕੀਤੇ ਗਏ ਸਨ। ਕਰੀਬ 20 ਸਾਲ ਬਾਅਦ ਹੁਣ ਅਦਾਲਤ ਨੇ ਇਹ ਫੈਸਲਾ ਸੁਣਾਇਆ।

ਹਰਪਾਲ ਸਿੰਘ ਆਪਣੀ ਮਾਂ ਦਾ ਇਕਲੌਤਾ ਪੁੱਤਰ ਸੀ ਤੇ ਮਾਂ ਬਲਵਿੰਦਰ ਕੌਰ ਇਨਸਾਫ਼ ਲਈ ਸੰਨ 1992 ਤੋਂ ਹੀ ਲੜਾਈ ਲੜ ਰਹੀ ਸੀ। ਐਡਵੋਕੇਟ ਬੈਂਸ ਮੁਤਾਬਿਕ ਪੰਜਾਬ 'ਚ ਪੁਲਿਸ ਵਲੋਂ ਅਣਪਛਾਤੀਆਂ ਲਾਸ਼ਾਂ ਦੱਸ ਕੇ ਸਸਕਾਰ ਕਰਨ ਦਾ ਮਾਮਲਾ ਜਸਵੰਤ ਸਿੰਘ ਖਾਲੜਾ ਵਲੋਂ ਚੁੱਕਿਆ ਗਿਆ ਸੀ, ਇਹ ਮਾਮਲਾ ਵੀ ਉਸ ਸਮੇਂ ਸੁਰਖੀਆਂ 'ਚ ਰਿਹਾ ਸੀ।

ਅਦਾਲਤ ਵਿਚ ਸਰਕਾਰੀ ਵਕੀਲ ਵਜੋਂ ਕੇਸ ਦੀ ਪੈਰਵਾਈ ਗੁਰਵਿੰਦਰਜੀਤ ਸਿੰਘ ਮੁਤਾਬਕ ਪੁਲਸ ਨੇ ਸਟੋਰੀ ਬਣਾਈ ਸੀ ਕਿ 17 ਅਤੇ 18 ਸਤੰਬਰ 1992 ਦੀ ਰਾਤ ਨੂੰ ਪੁਲਸ ਪਾਰਟੀ ਗਸ਼ਤ 'ਤੇ ਸੀ। ਪਿੰਡ ਨਿੱਝਰ ਦੇ ਨਜ਼ਦੀਕ ਇਕ ਮੋਟਰਸਾਈਕਲ 'ਤੇ ਦੋ ਨੌਜਵਾਨ ਆ ਰਹੇ ਸਨ ਜਿਨ੍ਹਾਂ ਨੇ ਪੁਲਸ ਨੂੰ ਵੇਖਦੇ ਹੀ ਫਾਇਰਿੰਗ ਸ਼ੁਰੂ ਕਰ ਦਿੱਤੀ ਸੀ। ਪੁਲਸ ਵਲੋਂ ਕੀਤੀ ਗਈ ਜਵਾਬੀ ਫਾਇਰਿੰਗ ਵਿਚ ਇਕ ਦੀ ਮੌਤ ਹੋ ਗਈ ਸੀ ਜਦੋਂਕਿ ਦੂਜਾ ਫਰਾਰ ਹੋ ਗਿਆ ਸੀ। ਕਰੀਬ 16 ਦਿਨਾਂ ਬਾਅਦ ਦੂਜੇ ਫਰਾਰ ਨੌਜਵਾਨ ਹਰਜੀਤ ਸਿੰਘ ਨੂੰ ਕਿਸੇ ਹੋਰ ਮੁਕਾਬਲੇ 'ਚ ਮਾਰਿਆ ਗਿਆ ਦਿਖਾ ਦਿੱਤਾ ਗਿਆ। ਪੁਲਿਸ ਦੀ ਕਹਾਣੀ ਮੁਤਾਬਿਕ ਮੁਕਾਬਲੇ ਦੌਰਾਨ 217 ਗੋਲੀਆਂ ਚੱਲੀਆਂ ਸਨ ਤੇ ਹਰਪਾਲ ਸਿੰਘ ਕੋਲੋਂ ਏਕੇ. 47 ਰਾਈਫਲ ਬਰਾਮਦ ਹੋਈ ਸੀ। ਉਧਰ ਪੋਸਟਮਾਰਟਮ ਦੀ ਰਿਪੋਰਟ ਮੁਤਾਬਿਕ ਹਰਪਾਲ ਸਿੰਘ ਦੇ ਸਿਰ 'ਚ 3 ਮੀਟਰ ਦੀ ਦੂਰੀ ਤੋਂ ਦੋ ਗੋਲੀਆਂ ਵੱਜੀਆਂ ਸਨ। ਇਥੇ ਹੀ ਬਸ ਨਹੀਂ, ਇਸ ਮੁਕਾਬਲੇ 'ਚ ਨਾ ਤਾਂ ਪੁਲਿਸ ਦੀ ਗੱਡੀ 'ਤੇ ਕੋਈ ਗੋਲੀ ਲੱਗੀ ਸੀ ਤੇ ਨਾ ਹੀ ਕੋਈ ਪੁਲਿਸ ਕਰਮਚਾਰੀ ਹੀ ਜ਼ਖ਼ਮੀ ਹੋਇਆ ਸੀ। ਪੁਲਿਸ ਦਾ ਕਹਿਣਾ ਸੀ ਕਿ ਇਸ ਮੁਕਾਬਲੇ ਦੌਰਾਨ ਸੀਆਰਪੀਐਫ਼. ਦੀ ਇਕ ਟੁਕੜੀ ਵੀ ਉਨ੍ਹਾਂ ਦੇ ਨਾਲ ਸੀ, ਜਦਕਿ ਸੀਆਰਪੀਐਫ਼. ਨੂੰ ਇਸ ਮਾਮਲੇ 'ਚ ਗਵਾਹ ਹੀ ਨਹੀਂ ਬਣਾਇਆ ਗਿਆ। ਇਸ ਤੋਂ ਇਲਾਵਾ ਪੁਲਿਸ ਕੋਲ ਇਸ ਮੁਕਾਬਲੇ ਸਬੰਧੀ ਨਾ ਤਾਂ ਕੋਈ ਰਿਕਾਰਡ ਸੀ ਤੇ ਨਾ ਹੀ ਪੁਲਿਸ ਥਾਣੇ ਦੇ ਮਾਲਖ਼ਾਨੇ 'ਚ ਉਸ ਮੁਕਾਬਲੇ ਦੌਰਾਨ ਚੱਲੇ ਅਸਲ੍ਹੇ ਦਾ ਕੋਈ ਰਿਕਾਰਡ ਮੌਜੂਦ ਸੀ। ਪੁਲਸ ਅਦਾਲਤ ਵਿਚ ਚੱਲੀ ਕਾਰਵਾਈ ਦੌਰਾਨ ਉਸ ਸਮੇਂ ਮੁਕਾਬਲੇ ਦੌਰਾਨ ਚੱਲੇ ਹੋਏ ਕਾਰਤੂਸ ਤਕ ਦਾ ਰਿਕਾਰਡ ਪੇਸ਼ ਨਹੀਂ ਕਰ ਸਕੀ। ਨਾ ਹੀ ਮੁਕਾਬਲੇ ਦੌਰਾਂਨ ਪੰਜਾਬ ਪੁਲਿਸ ਦਾ ਸਾਥ ਦੇਣ ਵਾਲੀ ਸੀਆਰਪੀਐਫ ਦੀ ਟੁਕੜੀ ਦਾ ਪਤਾ ਲੱਗਿਆ। ਤਮਾਮ ਸਬੂਤਾਂ ਤੋਂ ਜ਼ਾਹਰ ਸੀ ਕਿ ਉਕਤ ਪੁਲਿਸ ਮੁਕਾਬਲਾ ਫਰਜ਼ੀ ਸੀ।

ਜਿਨ੍ਹਾਂ ਤਿੰਨ ਮੁਲਜ਼ਮਾਂ ਨੂੰ ਕੇਸ ਵਿਚੋਂ ਬਰੀ ਕੀਤਾ ਗਿਆ ਹੈ, ਉਨ੍ਹਾਂ ਵਿਚ ਜਸਵੀਰ ਸਿੰਘ, ਨਿਰਮਲਜੀਤ ਸਿੰਘ ਅਤੇ ਪਰਮਜੀਤ ਸਿੰਘ ਦੇ ਨਾਮ ਸ਼ਾਮਲ ਹਨ।

ਇਸ ਕੇਸ ਦੇ ਤਿੰਨ ਹੋਰ ਮੁਲਜ਼ਮਾਂ ਪੁਲਸ ਦੇ ਸਬ-ਇੰਸਪੈਕਟਰ ਰਾਮ ਲੁਭਾਇਆ, ਹੈੱਡ ਕਾਂਸਟੇਬਲ ਹੀਰਾ ਸਿੰਘ ਅਤੇ ਕਾਂਸਟੇਬਲ ਸਵਿੰਦਰਪਾਲ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਦੂਜੇ ਕੇਸ ਵਿਚ ਸੀਬੀਆਈ ਦੀ ਵਿਸ਼ੇਸ਼ ਅਦਾਲਤ ਦੇ ਜੱਜ ਹਰਜੀਤ ਸਿੰਘ ਨੇ ਸੰਨ 1992 ਵਿਚ 22 ਸਾਲਾ ਸਿੱਖ ਨੌਜਵਾਨ ਹਰਜੀਤ ਸਿੰਘ ਗੋਰਾ ਨੂੰ ਝੂਠਾ ਪੁਲਸ ਮੁਕਾਬਲਾ ਬਣਾ ਕੇ ਮੁਕਾਉਣ ਦੇ ਦੋਸ਼ੀ ਸਾਬਕਾ ਪੁਲਸ ਇੰਸਪੈਕਟਰ ਗਿਆਨ ਸਿੰਘ ਅਤੇ ਸਾਬਕਾ ਏ.ਐਸ. ਆਈ ਨਰਿੰਦਰ ਸਿੰਘ ਮੱਲ੍ਹੀ ਨੂੰ ਭਾਰਤੀ ਸਜਾਵਲੀ ਦੀ ਧਾਰਾ-364 'ਚ ਉਮਰ ਕੈਦ ਦੀ ਸਜ਼ਾ ਅਤੇ 1 ਲੱਖ ਰਪਏ ਹਰਜੀਤ ਸਿੰਘ ਦੇ ਪਰਿਵਾਰ ਨੂੰ ਦੇਣ ਦਾ ਫੈਸਲਾ ਸੁਣਾਇਆ ਹੈ।

ਨੌਜਵਾਨ ਦੇ ਪਰਿਵਾਰ ਵਲੋਂ ਵਕੀਲ ਸਰਦਾਰ ਸਤਨਾਮ ਸਿੰਘ ਬੈਂਸ ਨੇ ਦੱਸਿਆ ਕਿ 11 ਨਵੰਬਰ 1992 ਨੂੰ ਦਬੁਰਜੀ ਚੌਕੀ ਤਰਨਤਾਰਨ ਦਾ ਥਾਣੇਦਾਰ ਨਰਿੰਦਰ ਸਿੰਘ ਮੱਲ੍ਹੀ ਪੁਲਸ ਦੀ ਧਾੜ ਸਮੇਤ ਹਰਜੀਤ ਸਿੰਘ ਗੋਰਾ ਦੇ ਘਰ ਤੜਕੇ 4 ਵਜੇ ਆ ਪਹੁੰਚਿਆ ਅਤੇ ਹਰਜੀਤ ਸਿੰਘ ਤੇ ਉਸਦੇ ਪਿਤਾ ਬਲਵੀਰ ਸਿੰਘ ਦੀਆਂ ਅੱਖਾਂ ਉੱਤੇ ਪੱਟੀਆਂ ਬੰਨ੍ਹ ਕੇ ਘਰੋਂ ਚੁੱਕ ਲਿਆ। ਫੇਰ ਪਿਉ-ਪੁੱਤ ਦੋਹਾਂ ਨੂੰ ਵਿਜੇ ਨਗਰ ਥਾਣੇ 'ਚ ਤੈਨਾਤ ਇੰਸਪੈਕਟਰ ਗਿਆਨ ਸਿੰਘ ਕੋਲ ਲੈ ਗਿਆ।ਪੁਲਸ ਨੇ ਪਿਤਾ ਬਲਵੀਰ ਸਿੰਘ ਨੂੰ 22 ਦਿਨ ਤਸੀਹੇ ਦੇਣ ਮਗਰੋਂ ਛੱਡ ਦਿੱਤਾ ਪਰ ਹਰਜੀਤ ਸਿੰਘ ਨੂੰ ਨਾ ਛੱਡਿਆ। ਇਸ ਮਗਰੋਂ ਹਰਜੀਤ ਸਿੰਘ ਦਾ ਕੋਈ ਥਹੁ-ਪਤਾ ਨਾ ਲੱਗਾ।22 ਸਾਲਾ ਹਰਜੀਤ ਸਿੰਘ ਗੋਰਾ ਸ੍ਰੀ ਦਰਬਾਰ ਸਾਹਿਬ ਵਿਖੇ ਰਾਜ ਮਿਸਤਰੀ ਦਾ ਕੰਮ ਕਰਦਾ ਸੀ। ਉਸ ਦੇ ਵਿਆਹ ਨੂੰ ਹਾਲੇ ਸਾਲ ਹੀ ਹੋਇਆ ਸੀ ਜਦੋਂ ਪੁਲਸ ਨੇ ਉਸ ਨੂੰ ਮਾਰ ਦਿੱਤਾ। ਹਰਜੀਤ ਸਿੰਘ ਦੇ ਭਰਾ ਕੁਲਦੀਪ ਸਿੰਘ ਕਾਲੇ ਨੂੰ ਵੀ ਪੁਲਸ ਮੁਕਾਬਲੇ ਵਿੱਚ ਮਾਰਨ ਦਾ ਪਰਚਾ ਪੁਲਸ ਨੇ ਸੁਲਤਾਨਵਿੰਡ ਥਾਣੇ ਵਿੱਚ ਦਰਜ ਕੀਤਾ ਹੋਇਆ ਹੈ। ਪਰਿਵਾਰ ਨੇ ਇਸ ਮੁਕਾਬਲੇ ਦੀ ਜਾਂਚ ਲਈ ਵੀ ਮੰਗ ਕੀਤੀ ਹੈ।

### ਸ਼ਬੋ-ਲੌਸ ਪੋਸੀਟਸ ਕਮਿਊਨਿਟੀ ਕਾਲਜ ਟਰੱਸਟੀ ਦੀ ਚੋਣ

## ਸਿੱਖ ਭਾਈਚਾਰੇ ਦੇ ਹਰਪਾਲ ਸਿੰਘ ਮਾਨ ਦੀ ਮਜ਼ਬੂਤ ਦਾਅਵੇਦਾਰੀ

**ਯੂਨੀਅਨ ਸਿਟੀ/ਬਿਊਰੋ ਨਿਊਜ਼** : 6 ਨਵੰਬਰ 2018 ਨੂੰ ਹੋਣ ਜਾ ਰਹੀ ਸ਼ਬੋ ਲੌਸ ਪੋਸੀਟਸ ਕਮਿਊਨਿਟੀ ਕਾਲਜ ਟਰੱਸਟੀ ਦੀ ਚੋਣ ਲਈ ਸਿੱਖ ਭਾਈਚਾਰੇ ਨਾਲ ਸਬੰਧਤ ਹਰਪਾਲ ਸਿੰਘ ਮਾਨ ਤਕੜੇ ਉਮੀਦਵਾਰ ਵੱਜੋਂ ਸਾਹਮਣੇ ਆਏ ਹਨ। ਪਿਛਲੇ 18 ਸਾਲਾਂ ਤੋਂ ਯੂਨੀਅਨ ਸਿਟੀ ਵਿਚ ਰਹਿ ਰਹੇ ਸ. ਮਾਨ ਪਿਛਲੇ ਇਕ ਦਹਾਕੇ ਤੋਂ ਸਮੂਹ ਭਾਈਚਾਰੇ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਇੰਜੀਨੀਅਰ ਵਿਚ ਡਿਗਰੀ ਹਾਸਲ ਸ. ਮਾਨ 7 ਸਾਲ ਯੂਨੀਅਨ ਸਿਟੀ ਪਲਾਨਿੰਗ ਕਮਿਸ਼ਨਰ ਵੀ ਰਹੇ ਹਨ। ਉਨ੍ਹਾਂ ਕੈਲੀਫੋਰਨੀਆ ਡੈਮੋਕ੍ਰੇਟਿਕ ਪਾਰਟੀ ਦੇ ਲੈਜੀਸਲੇਸ਼ਨ ਮੈਂਬਰ ਵਜੋਂ ਵੀ ਸੇਵਾ ਨਿਭਾਈ। ਦੋ ਬੱਚਿਆ ਦੇ ਪਿਤਾ ਸ. ਹਰਪਾਲ ਸਿੰਘ ਮਾਨ ਨੇ ਇਕ ਗੈਰ-ਰਸਮੀ ਮੁਲਾਕਾਤ ਵਿਚ ਦੱਸਿਆ ਕਿ ਉਹ ਪ੍ਰਾਈਵੇਟ ਸਿੱਖਿਆ ਦੇ ਖੇਤਰ ਵਿਚ ਵਿਦਿਆਰਥੀਆਂ ਦੀ ਪਹੁੰਚ ਅਤੇ ਸਫ਼ਲਤਾ ਵਾਸਤੇ ਸਥਾਨਕ ਸਕੂਲਾਂ, ਕਾਲਜਾਂ ਤੇ ਸਿੱਖਿਆਂ ਸੰਸਥਾਵਾਂ ਦੀ ਗੁਣਵੱਤਾ ਉਤੇ ਵਿਸ਼ਵਾਸ ਰੱਖਦੇ ਹਨ। ਇਸ ਲਈ ਸਮਾਜਿਕ ਸਰੋਤਾਂ ਤੋਂ ਫੰਡ ਯਕੀਨੀ ਬਣਾਉਣਾ ਹੋਵੇਗਾ। ਉਨ੍ਹਾਂ ਦਾ ਪਬਲਿਕ ਸਕੂਲ ਅਤੇ ਕਾਲਜ ਸਿੱਖਿਆ ਨੂੰ ਮਿਆਰੀ ਬਣਾਉਣਾ ਪਹਿਲਾ ਮਕਸਦ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਾਡੇ ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦਿਆਂ ਭਾਈਚਾਰੇ ਦੇ ਕਾਲਜਾਂ ਵਿਚ ਜ਼ਰੂਰੀ ਸਾਧਨਾਂ ਦੀ ਸਿਖਲਾਈ ਦੇਣੀ ਚਾਹੀਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਹੀ ਭਾਈਚਾਰਾ ਮਜ਼ਬੂਤ ਅਤੇ ਤਰੱਕੀ ਕਰ ਸਕਦਾ ਹੈ। ਸ. ਹਰਪਾਲ ਸਿੰਘ ਮਾਨ ਦੀ ਨੂੰ ਇਸ ਚੋਣ ਵਿਚ ਬਹੁਤ ਸਾਰੀਆਂ ਉੱਘੀਆਂ ਸ਼ਖਸੀਅਤਾਂ ਦ; ਸਮਰਥਨ ਹਾਸਲ ਹੈ, ਜਿਨ੍ਹਾਂ ਵਿਚ ਕਾਂਗਰਸਮੈਨ ਐਰਿਕ ਸਾਲਵੈਲ, ਅਲੈਕਸ



ਗਲਾਰਡੋ ਰੋਕਰ (ਵਾਈਸ ਚੇਅਰ ਕੈਲੀਫੋਰਨੀਆ ਡੈਮੋਕ੍ਰੇਟਿਕ ਪਾਰਟੀ), ਫੀਓਨਾ ਮਾ ਬੋਏ (ਮੈਂਬਰ), ਕਰੋਲ ਦੁਤਰਾ-ਵਰਨਕੀ (ਮੇਅਰ ਯੂਨੀਅਨ ਸਿਟੀ), ਲੋਰਿਨ ਐਲਿਸ (ਵਾਈਸ ਮੇਅਰ ਯੂਨੀਅਨ ਸਿਟੀ), ਮਾਰਕ ਗਰੀਨ (ਸਾਬਕਾ ਮੇਅਰ ਯੂਨੀਅਨ ਸਿਟੀ), ਟਰੇਸਾ ਕੌਕਸ (ਓਹਲੋਨੇ ਕਾਲਜ ਟਰੱਸਟੀ) ਸ਼ਾਮਲ ਹਨ। ਇਸੇ ਤਰ੍ਹਾਂ ਨਿਊ ਹੈਵਨ ਸਕੂਲ ਡਿਸਟ੍ਰਿਕਟ ਦੇ ਲਿੰਡਾ ਕਨਲਾਸ, ਸਰਬਜੀਤ ਚੀਮਾ, ਸ਼ਰਨ ਕੌਰ, ਜੈਫ਼ ਵਾਂਗ, ਮਾਇਕਲ ਰਿਚੇ(ਸਾਬਕਾ ਟਰੱਸਟੀ), ਜੈਰੁਡ ਗਰੈਗਰੀਓ(ਸਾਬਕਾ ਟਰੱਸਟੀ), ਯੂਨੀਅਨ ਸਿਟੀ ਕੌਂਸਲ ਮੈਂਬਰਾਂ ਵਿਚੋਂ ਗੈਰੀ ਸਿੰਘ, ਪੈਟ ਗੈਕਸੋਕਸ, ਐਮਲੀ ਡੰਕਨ, ਜਿੰਮ ਨਵਾਰੋ (ਸਾਬਕਾ ਮੈਂਬਰ), ਮੈਨੀ ਫਰਨਾਂਡੇਜ਼ (ਸਾਬਕਾ ਮੈਂਬਰ) ਅਤੇ ਰੇਅ ਗੋਜ਼ਾਲਸ, ਲੀ ਗੁਈਓ, ਹੈਰਿਸ ਮੋਜਾਡੇਡੀ, ਜੈਨੇਲੇ ਸਿੰਘ, ਸਕਾਟ ਸਾਕਾਕੀਹਾਰਾ, ਕਸ਼ਮੀਰ ਸਿੰਘ ਸ਼ਾਹੀ, ਅੱਨ ਯਪ, ਚਾਰਲਸ ਕੱਨੇਡੀ, ਦਲੀਪ ਸ਼ਰਮਾ, ਜੈਮੀ ਪਟੀਨੋ ਤੇ ਗਲੇਨ ਨਾਟੇ (ਸਾਰੇ ਯੂਨੀਅਨ ਸਿਟੀ ਕਮਿਸ਼ਨਰ) ਨੇ ਵੀ ਉਨ੍ਹਾਂ ਦੀ ਹਮਾਇਤ ਕੀਤੀ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035




Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

# ਗੁਰਦੁਆਰਾ ਸਾਹਿਬ ਫਰੀਮਾਂਟ

## ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ ਵਿਚ

# ਮਹਾਨ ਸ਼ਹੀਦੀ ਸਮਾਗਮ

**07 ਅਕਤੂਬਰ 2018 ਦਿਨ ਐਤਵਾਰ**






ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ

**05 ਅਕਤੂਬਰ 2018 ਦਿਨ ਸ਼ੁੱਕਰਵਾਰ**

ਭੋਗ ਸ੍ਰੀਅਖੰਡ ਪਾਠ ਸਾਹਿਬ

**07 ਅਕਤੂਬਰ 2018 ਦਿਨ ਐਤਵਾਰ**

ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿਚ ਰਾਗੀ, ਢਾਡੀ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ।



ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ

7 ਅਕਤੂਬਰ 2018 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਵਿਖੇ ਕੌਮ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਜਾਵੇਗਾ। ਇਤਿਹਾਸ ਦੀ ਗਵਾਹੀ ਮੁਤਾਬਕ ਜਦ ਵੀ ਕਿਸੇ ਹਾਕਮ ਵਲੋਂ ਜ਼ੁਲਮ ਦੀ ਇੰਤਹਾ ਹੋਈ, ਫਿਰ ਉਸ ਜ਼ੁਲਮ ਨੂੰ ਠੱਲ੍ਹਣ ਲਈ ਸਮੇਂ-ਸਮੇਂ ਕੌਮੀ ਸੂਰਬੀਰ-ਯੋਧੇ ਜਨਮ ਲੈਂਦੇ ਰਹੇ ਅਤੇ ਕੌਮੀ ਸਵੈਮਾਨ ਨੂੰ ਕਾਇਮ ਰੱਖਦਿਆਂ ਹੋਇਆਂ ਸ਼ਹਾਦਤਾਂ ਦੇ ਜਾਮ ਪੀਂਦੇ ਰਹੇ। ਜੂਨ -1984 ਨੂੰ ਹਿੰਦੋਸਤਾਨੀ ਫੌਜ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕੀਤਾ। ਉਸ ਹਮਲੇ ਦੇ ਇਕ ਵੱਡੇ ਦੋਸ਼ੀ ਅਰੁਣ ਕੁਮਾਰ ਵੈਦਿਆ ਨੂੰ, ਉਸ ਦੇ ਪਾਪਾਂ ਦੀ ਸਜ਼ਾ ਭੁਗਤਾ ਕੇ ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮਣ ਵਾਲੇ ਅਮਰ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਆਓ ਪਰਿਵਾਰਾਂ ਸਮੇਤ ਵੱਧ ਚੜ੍ਹ ਕੇ ਹਾਜ਼ਰੀਆਂ ਭਰੀਏ ਜੀ।

*ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਗੁਰਦੇਵ ਸਿੰਘ ਦੇ ਪਰਿਵਾਰ ਵਲੋਂ ਹੋਵੇਗੀ।*

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

# ਗੁਰਦੁਆਰਾ ਸਾਹਿਬ, ਫਰੀਮਾਂਟ ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮਾਂਟ ਕੈਲੀਫੋਰਨੀਆ-94536, ਫੋਨ 510-715-6799

# ਤਿੰਨ ਸਿੰਘ ਸਾਹਿਬਾਨਾਂ ਵੱਲੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਬਾਈਕਾਟ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :**
ਪੰਜਾਬ ਦੀ ਸਿੱਖ ਰਾਜਨੀਤੀ ਵਿਚ ਤਖਤ ਸਾਹਿਬਾਨਾਂ ਅਤੇ ਜਥੇਦਾਰਾਂ ਦਾ ਅਹਿਮ ਰੋਲ ਰਹਿੰਦਾ ਹੈ। ਜਾਪ ਰਿਹਾ ਹੈ ਕਿ ਬਾਦਲਕਿਆਂ ਦਾ ਇਥੋਂ ਵੀ ਬਿਸਤਰਾ ਗੋਲ ਹੋਣ ਜਾ ਰਿਹਾ ਹੈ। ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਬਾਦਲਾਂ ਦਾ ਹੱਥਠੋਕਾ ਬਣੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸੱਦੀ ਕਿਸੇ ਵੀ ਬੈਠਕ ਵਿਚ ਨਾ ਜਾਣ ਦਾ ਫ਼ੈਸਲਾ ਲਿਆ ਹੈ। ਜ਼ਿਕਰਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿੱਚ ਸਿੱਖ ਸੰਗਤ ਦੇ ਰੋਹ ਦਾ ਸ਼ਿਕਾਰ ਹੋਏ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਪਹਿਲਾਂ ਹੀ ਅਲੱਗ-ਥਲੱਗ ਹੋ ਗਏ ਹਨ। ਜਾਣਕਾਰੀ ਮੁਤਾਬਕ ਹੁਣ ਬਾਕੀ ਤਖ਼ਤਾਂ ਦੇ ਜਥੇਦਾਰਾਂ ਨੇ ਉਨ੍ਹਾਂ ਵੱਲੋਂ ਬੁਲਾਈ ਜਾਣ ਵਾਲੀ ਕਿਸੇ ਵੀ ਬੈਠਕ 'ਚ ਨਾ ਜਾਣ ਦਾ ਐਲਾਨ ਕੀਤਾ ਹੈ। ਇਸ ਤਰ੍ਹਾਂ ਗਿਆਨੀ ਗੁਰਬਚਨ ਸਿੰਘ 'ਤੇ ਅਹੁਦਾ ਛੱਡਣ ਦਾ ਦਬਾਅ ਵੀ ਹੁਣ ਲਗਾਤਾਰ



ਵਧਦਾ ਜਾ ਰਿਹਾ ਹੈ। ਉਨ੍ਹਾਂ ਤੋਂ ਅਸਤੀਫ਼ੇ ਦੀ ਮੰਗ ਗਰਮਖਿਆਲੀ ਜਥੇਬੰਦੀਆਂ ਵੱਲੋਂ ਕਾਫੀ ਸਮੇਂ ਤੋਂ ਹੀ ਕੀਤੀ ਜਾ ਰਹੀ ਹੈ।
ਵੇਰਵਿਆਂ ਮੁਤਾਬਕ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਗਿਆਨੀ ਗੁਰਬਚਨ ਸਿੰਘ ਵੱਲੋਂ ਸੱਦੀ ਕਿਸੇ ਵੀ ਬੈਠਕ ਵਿੱਚ ਨਾ ਜਾਣ ਦਾ ਫ਼ੈਸਲਾ ਲਿਆ ਹੈ। ਹਾਲਾਂਕਿ ਜਥੇਦਾਰ ਇਸ ਮਾਮਲੇ ਵਿੱਚ ਖੁੱਲ੍ਹੇਆਮ ਕੁਝ ਵੀ ਨਹੀਂ ਕਹਿ ਰਹੇ ਪਰ ਇਕ ਤਖ਼ਤ ਦੇ ਜਥੇਦਾਰ ਨੇ ਪੁਸ਼ਟੀ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਉਨ੍ਹਾਂ ਬਕਾਇਦਾ ਤੌਰ 'ਤੇ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਦੋਂ ਪੰਜ ਸਿੰਘ ਸਹਿਬਾਨ ਦੀ ਬੈਠਕ ਲਈ ਕੋਈ ਸੁਨੇਹਾ ਆਵੇਗਾ, ਉਸ ਵੇਲੇ ਹੀ ਉਹ ਜਾਣ ਜਾਂ ਨਾ ਜਾਣ ਬਾਰੇ ਫ਼ੈਸਲਾ ਕਰਨਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਇਸ ਬਾਰੇ ਫਿਲਹਾਲ ਕੋਈ ਟਿੱਪਣੀ ਨਹੀਂ ਕੀਤੀ ਹੈ।

# ਯੂਬਾ ਸਿਟੀ ਵਿਚ ਬਣੇਗਾ ਗੁਰੂ ਗ੍ਰੰਥ ਸਾਹਿਬ ਭਵਨ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇੱਕ ਬਿਆਨ ਰਾਹੀਂ ਦੱਸਿਆ ਕਿ ਅਮਰੀਕਾ ਵਾਸੀ ਸਿੱਖ ਦੀਦਾਰ ਸਿੰਘ ਬੈਂਸ ਵੱਲੋਂ ਯੂਬਾ ਸਿਟੀ ਵਿਚ ਬੀਤੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਨੂੰ ਜ਼ਮੀਨ ਦਿੱਤੀ ਗਈ ਸੀ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਭਵਨ ਬਣਾਉਣ ਦਾ



ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਭਵਨ ਤੋਂ ਅਮਰੀਕਾ ਦੇ ਸਾਰੇ ਗੁਰਦੁਆਰਿਆਂ ਨੂੰ ਲੋੜ ਅਨੁਸਾਰ ਪਾਵਨ ਸਰੂਪ ਪਹੁੰਚਾਏ ਜਾਣਗੇ ਅਤੇ ਇਸ ਤੋਂ ਇਲਾਵਾ ਹਰ ਐਤਵਾਰ ਗੁਰਮਤਿ ਦੀਆਂ ਕਲਾਸਾਂ ਲਾਉਣ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਧਾਰਮਿਕ ਸਾਹਿਤ ਮੁਫ਼ਤ ਵੰਡਿਆ ਜਾਵੇਗਾ।
ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕੀਤਾ ਗਿਆ ਹੈ। ਕਮੇਟੀ ਦੀ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੇ ਇਸ ਸਾਲ ਹੋਣ ਵਾਲੇ ਖ਼ਾਲਸਾਈ ਖੇਡ ਉਤਸਵ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਮਗਰੋਂ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਲਏ ਗਏ ਹੋਰ ਫ਼ੈਸਲਿਆਂ ਬਾਰੇ ਦੱਸਿਆ ਕਿ ਗੁਰੂ ਨਾਨਕ ਦੇਵ ਦੇ ਅਗਲੇ ਸਾਲ ਆ ਰਹੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਆਰੰਭਤਾ ਇਸ ਸਾਲ ਹੀ 22-23 ਨਵੰਬਰ ਨੂੰ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 22-23 ਨਵੰਬਰ ਦੇ ਆਰੰਭਤਾ ਸਮਾਗਮਾਂ 'ਚ ਸ਼ਾਮਲ ਹੋਣ ਲਈ ਭਾਰਤ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਹੋਰ ਪ੍ਰਮੁੱਖ ਹਸਤੀਆਂ ਨੂੰ ਸੱਦਾ ਦਿੱਤਾ ਜਾਵੇਗਾ। ਉਨ੍ਹਾਂ

ਬਾਕੀ ਸਫ਼ਾ 28 'ਤੇ

# ਜਬਰ-ਜਨਾਹ ਦੇ ਦੋਸ਼ਾਂ 'ਚ ਘਿਰਿਆ ਪੰਜਾਬ ਪੁਲਿਸ ਦਾ ਏਆਈਜੀ ਉਪਲ ਫਰਾਰ

## *ਗ੍ਰਿਫਤਾਰੀ ਲਈ ਪੁਲਿਸ ਟੀਮਾਂ ਦੀ ਛਾਪੇਮਾਰੀ ਜਾਰੀ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਵਧੀਕ ਇੰਸਪੈਕਟਰ ਜਨਰਲ (ਏਆਈਜੀ) ਰਣਧੀਰ ਸਿੰਘ ਉਪਲ ਖਿਲਾਫ ਜਬਰ-ਜਨਾਹ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਦੀਆਂ ਟੀਮਾਂ ਉਪਲ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀਆਂ ਹਨ। ਫਿਲਹਾਲ ਏਆਈਜੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ ਅਤੇ ਪੁਲਿਸ ਨੇ ਹਵਾਈ ਅੱਡਿਆਂ 'ਤੇ ਵੀ ਮੁਲਜ਼ਮ ਸਬੰਧੀ ਜਾਣਕਾਰੀ ਭੇਜੀ ਹੈ, ਕਿਉਂਕਿ ਪੁਲਿਸ ਨੂੰ ਸ਼ੱਕ ਹੈ ਕਿ ਮੁਲਜ਼ਮ ਗ੍ਰਿਫਤਾਰੀ ਤੋਂ ਬਚਣ ਲਈ ਵਿਦੇਸ਼ ਭੱਜ ਸਕਦਾ ਹੈ।



ਅੰਮ੍ਰਿਤਸਰ ਦੇ ਇਕ ਕਾਲਜ ਵਿਚ ਵਕਾਲਤ ਦੀ ਪੜ੍ਹਾਈ ਕਰ ਰਹੀ ੨੮ ਸਾਲਾ ਲੜਕੀ ਦੀ ਸ਼ਿਕਾਇਤ 'ਤੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ 'ਤੇ ਏਆਈਜੀ (ਕਰਾਈਮ) ਰਣਧੀਰ ਸਿੰਘ ਉਪਲ ਖਿਲਾਫ ਸਬੰਧਤ ਮਾਮਲਾ ਆਈਪੀਸੀ ਦੀ ਧਾਰਾ 376 (ਜਬਰ ਜਨਾਹ) , 376-ਡੀ (ਇਕ ਤੋਂ ਜ਼ਿਆਦਾ ਲੋਕਾਂ ਵਲੋਂ ਜਬਰ ਜਨਾਹ), 354 (ਅਪਰਾਧਿਕ ਸੋਚ ਨਾਲ ਔਰਤ ਨੂੰ ਸਰੀਰਕ ਜਾਂ ਮਾਨਸਿਕ ਤੌਰ 'ਤੇ ਪ੍ਰੇਸਾਨ ਕਰਨਾ ), 354-ਸੀ (ਔਰਤ ਨੂੰ ਗਲਤ ਹਾਲਤ ਵਿਚ ਦੇਖਣਾ ਜਾਂ ਉਸ ਦੇ ਚਿੱਤਰ ਲੈਣਾ), 506 (ਧਮਕਾਉਣਾ), 498 (ਵਿਆਹੁਤਾ ਔਰਤ ਨੂੰ ਅਪਰਾਧ ਦੀ ਨਜ਼ਰ ਨਾਲ ਬਹਿਲਾ ਕੇ ਗਲਤ ਕੰਮ ਕਰਨਾ) ਸਮੇਤ ਆਰਮਜ਼ ਐਕਟ ਅਤੇ ਇਨਫਰਮੇਸ਼ਨ ਟੈਕਨਾਲੌਜੀ ਐਕਟ 2000 ਅਧੀਨ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿਚ ਪੀੜਤ ਔਰਤ ਦੀ ਇਕ ਵੀਡੀਓ ਵੀ ਸਾਹਮਣੇ ਆਈ ਸੀ, ਜਿਸ ਵਿਚ ਉਸ ਨੇ ਏਆਈਜੀ ਖਿਲਾਫ ਉਸ ਨੂੰ ਧਮਕਾਉਣ ਅਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਲਗਾਏ ਸਨ। ਔਰਤ ਨੇ ਕਿਹਾ ਸੀ ਕਿ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਉਪਲ ਤੋਂ ਖਤਰਾ ਹੈ ਅਤੇ ਜੇਕਰ ਉਸ ਨੂੰ ਕੁਝ ਹੋ ਜਾਂਦਾ ਹੈ ਤਾਂ ਉਸ ਦਾ ਜ਼ਿੰਮੇਵਾਰ ਉਪਲ ਹੀ ਹੋਵੇਗਾ। ਪੀੜਤ ਲੜਕੀ ਨੇ ਜਲੰਧਰ ਵਿਚ ਇਕ ਪ੍ਰੈਸ ਕਾਨਫਰੰਸ ਵੀ ਕੀਤੀ ਸੀ ਜਿਸ ਵਿਚ ਉਸ ਨੇ ਪੰਜਾਬ ਸਰਕਾਰ ਤੋਂ ਇਨਸਾਫ ਦੀ ਮੰਗ ਕਰਦੇ ਹੋਏ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ ਕਿਹਾ ਸੀ। ਉਪਲ ਦੀ ਗ੍ਰਿਫਤਾਰੀ ਲਈ ਚੰਡੀਗੜ੍ਹ ਵਿਚ ਪੈਂਦੇ ਉਨ੍ਹਾਂ ਦੇ ਦਫਤਰ ਅਤੇ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਘਰ 'ਤੇ ਪੁਲਿਸ ਛਾਪੇਮਾਰੀ ਕਰ ਚੁੱਕੀ ਹੈ ਪਰ ਪੁਲਿਸ ਦੇ ਹੱਥ ਕੁਝ ਨਹੀ ਲੱਗਿਆ। ਪੁਲਿਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਹੈ ਜਿਸ ਦੀ ਹੈਡ ਵਧੀਕ ਪੁਲਿਸ ਕਮਿਸ਼ਨਰ ਹੈਡਕੁਆਰਟਰ ਰਿਚਾ ਅਗਨੀਹੋਤਰੀ ਨੂੰ ਬਣਾਇਆ ਗਿਆ ਹੈ। ਪੁਲਿਸ ਮੁਤਾਬਕ ਪੀੜਤ ਦੇ ਬਿਆਨ ਦਰਜ ਕਰਨ ਤੋਂ ਬਾਅਦ ਉਸ ਦਾ ਮੈਡੀਕਲ ਕਰਵਾਇਆ ਜਾਵੇਗਾ। ਇਸ ਮਾਮਲੇ ਵਿਚ ਪੁਲਿਸ ਨੇ ਉਪਲ ਦੇ ਦੋ ਦੋਸਤਾਂ ਦੇ ਨਾਮ ਵੀ ਦਰਜ ਕੀਤੇ ਹਨ ਜਿਨ੍ਹਾਂ ਵਿਚ ਜਸਕਰਨ ਸਿੰਘ

ਬਾਕੀ ਸਫ਼ਾ 28 'ਤੇ




# ਬਾਦਲਾਂ ਤੋਂ ਨਾਰਾਜ਼ ਅਕਾਲੀਆਂ ਦੀ 'ਸਿਹਤ ਖਰਾਬ' ਹੋਣ ਲੱਗੀ

- ਸੁਖਬੀਰ ਬਾਦਲ ਦੀ ਪ੍ਰਧਾਨਗੀ ਨੂੰ ਖਤਰਾ
- ਸੀਨੀਅਰ ਨੇਤਾ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ, ਅਮਰਪਾਲ ਸਿੰਘ ਬੋਨੀ, ਰਤਨ ਸਿੰਘ ਅਜਨਾਲਾ, ਤੋਤਾ ਸਿੰਘ ਬਾਗੀ ਮੂਡ 'ਚ
- ਸੁਖਬੀਰ ਤੇ ਮਜੀਠੀਆ ਦੀ ਹਿਟਲਰਸ਼ਾਹੀ ਤੋਂ ਪੁਰਾਣੇ ਅਕਾਲੀ ਔਖੇ



ਜਲੰਧਰ/ਬਿਊਰੋ ਨਿਊਜ਼ : ਬਾਦਲ ਦਲ ਵਿਚ ਫਿਲਹਾਲ "ਢਕੀ ਰਿੱਝਣ" ਵਾਲਾ ਕੰਮ ਜਾਰੀ ਹੈ। ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸੇ ਤੋਂ ਬਾਅਦ ਇਕ ਹੋਰ ਟਕਸਾਲੀ ਆਗੂ ਬਲਦੇਵ ਸਿੰਘ ਮਾਖਾ ਦੀ ਸਿਹਤ ਅਚਾਨਕ "ਨਾ-ਸਾਜ਼" ਹੋਣ ਕਰਕੇ ਉਹ ਅਸਤੀਫਾ ਦੇ ਗਏ ਹਨ। ਬਾਦਲ ਦਲ ਦੇ ਅੰਦਰੋਂ ਸ਼ੁਰੂ ਹੋਈਆਂ ਬਗਾਵਤੀ ਸੁਰਾਂ ਪਿਛਲੇ ਕਾਫ਼ੀ ਸਮੇਂ ਤੋਂ ਸੀਨੀਅਰ ਆਗੂਆਂ ਅੰਦਰ ਵਧ ਰਹੀ ਨਾਰਾਜ਼ਗੀ ਦੀਆਂ ਪ੍ਰਤੀਕ ਹਨ। ਪ੍ਰਧਾਨ ਬਣਨ ਤੋਂ ਬਾਅਦ ਸੁਖਬੀਰ ਵੱਲੋਂ ਪਾਰਟੀ ਨੂੰ ਆਧੁਨਿਕੀਕਰਨ ਦੇ ਨਾਮ ਉੱਤੇ ਸੀਈਓ ਵਾਂਗ ਚਲਾਉਣ ਦੀ ਕਾਰਜਪ੍ਰਣਾਲੀ ਦਹਾਕਿਆਂ ਤੋਂ ਅਕਾਲੀ ਦਲ ਦੀਆਂ ਮੋਹਰਲੀਆਂ ਸਫ਼ਾਂ ਵਿਚ ਰਹੇ ਆਗੂਆਂ ਨੂੰ ਪ੍ਰੇਸ਼ਾਨ ਕਰਦੀ ਆ ਰਹੀ ਸੀ। ਮੁੱਖ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਦੇ 2007 ਤੋਂ ਬਾਅਦ ਦੇ ਦਸ ਸਾਲਾ ਰਾਜ ਦੌਰਾਨ ਮੰਤਰੀ ਮੰਡਲ ਅਤੇ ਪਾਰਟੀ ਦੇ ਇਰਦ ਗਿਰਦ ਬੁਣਿਆ ਗਿਆ ਪਰਿਵਾਰਕ ਘੇਰਾ ਵਿਰੋਧੀਆਂ ਦੇ ਨਿਸ਼ਾਨੇ ਉੱਤੇ ਰਿਹਾ। ਬਾਦਲ ਦਲ, ਸਰਕਾਰ, ਅਕਾਲ ਤਖ਼ਤ ਦੇ ਜਥੇਦਾਰ ਦੇ ਫ਼ੈਸਲਿਆਂ ਅਤੇ ਸ਼੍ਰੋਮਣੀ ਕਮੇਟੀ ਵਰਗੀਆਂ ਵੱਡੀਆਂ ਸੰਸਥਾਵਾਂ ਉੱਤੇ ਕਬਜ਼ੇ ਨਾਲ ਬਾਦਲ ਪਰਿਵਾਰ ਸਿੱਖ ਸਿਆਸਤ ਵਿਚ ਸਭ ਤੋਂ ਸ਼ਕਤੀਸ਼ਾਲੀ ਪਰਿਵਾਰ ਵਜੋਂ ਵਿਚਰਨ ਲੱਗ ਪਿਆ। ਬਾਦਲ ਦਲ ਵਿੱਚ ਅੰਦਰੂਨੀ ਸੰਕਟ ਪਹਿਲਾਂ ਵੀ ਬਹੁਤ ਆਏ, ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਬਾਦਲ ਦਲ ਸੰਕਟ ਵਿਚੋਂ ਨਿਕਲਦਾ ਦਿਖਾਈ ਨਹੀਂ ਦੇ ਰਿਹਾ। ਆਉਣ ਵਾਲੇ ਦਿਨ ਅਕਾਲੀ ਦਲ ਲਈ ਬੇਹੱਦ ਚੁਣੌਤੀ ਪੂਰਨ ਮੰਨੇ ਜਾ ਰਹੇ ਹਨ। ਅਕਾਲੀ ਦਲ ਦੇ ਅੰਦਰ ਹੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਬਦਲਣ ਦੀ ਮੰਗ ਉੱਠ ਰਹੀ ਹੈ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਵੀ ਨਵੰਬਰ ਮਹੀਨੇ ਵਿੱਚ ਹੋਣੀ ਹੈ। ਇਨ੍ਹਾਂ ਦੋਹਾਂ ਵੱਡੀਆਂ ਤੇ ਵੱਡੀ ਸਿੱਖ ਸੰਸਥਾਵਾਂ 'ਤੇ ਬਾਦਲਾਂ ਦੀ ਮਨਮਰਜ਼ੀ ਚੱਲਣ ਦੇ ਆਸਾਰ ਘਟਦੇ ਜਾ ਰਹੇ ਹਨ। ਵਿਧਾਨ ਸਭਾ ਚੋਣਾਂ ਵਿੱਚ ਨਮੋਸ਼ੀਜਨਕ ਹਾਰ ਮਗਰੋਂ ਅਕਾਲੀ ਨੇਤਾਵਾਂ ਨੇ ਮੀਟਿੰਗਾਂ ਵਿੱਚ ਤਾਂ ਸ਼ੁਰ ਤਿੱਖੀ ਕੀਤੀ ਸੀ, ਪਰ ਖੁੱਲ੍ਹੀ ਬਗ਼ਾਵਤ ਦੇ ਲੱਛਣ ਹੁਣ ਦਿਸਣ ਲੱਗੇ ਹਨ। ਉਧਰ ਲੋਕਾਂ ਵਿੱਚ ਇਹ ਪ੍ਰਭਾਵ ਹੈ ਕਿ ਜ਼ਿਆਦਾਤਰ ਅਕਾਲੀ ਆਗੂਆਂ ਦੀ ਕਾਂਗਰਸ ਸਰਕਾਰ ਨਾਲ ਅੰਦਰਖਾਤੇ ਗੰਢਤੁਪ ਹੈ।

ਢੀਂਡਸਾ ਤੇ ਮਾਝੇ ਦੇ ਜਥੇਦਾਰਾਂ ਦੀਆਂ ਬਾਗੀ ਸੁਰਾਂ : ਸੁਖਦੇਵ ਸਿੰਘ ਢੀਂਡਸਾ ਵੱਲੋਂ ਪਾਰਟੀ ਦੇ ਸਕੱਤਰ ਜਨਰਲ ਅਤੇ ਕੋਰ ਕਮੇਟੀ ਤੋਂ ਦਿੱਤੇ ਅਸਤੀਫ਼ੇ ਨਾਲ ਹਲਚਲ ਮੱਚ ਗਈ ਹੈ। ਬਾਦਲ ਸਰਕਾਰ ਵਿਚ ਵਿੱਤ ਮੰਤਰੀ ਰਹੇ ਉਨ੍ਹਾਂ ਦੇ ਬੇਟੇ ਪਰਮਿੰਦਰ ਸਿੰਘ ਢੀਂਡਸਾ ਨੂੰ ਆਸਟਰੇਲੀਆ ਤੋਂ ਤੁਰੰਤ ਵਾਪਸ ਬੁਲਾ ਕੇ ਨੁਕਸਾਨ ਦੀ ਭਰਪਾਈ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਲੰਬਾ ਸਮਾਂ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਰਹੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਜਰਨੈਲੀ ਅਸਲ ਵਿਚ ਬਿਕਰਮ ਸਿੰਘ ਮਜੀਠੀਆ ਦੇ ਹੱਥ ਚਲੀ ਗਈ। ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਰਤਨ ਸਿੰਘ ਅਜਨਾਲਾ, ਅਮਰਪਾਲ ਸਿੰਘ ਬੋਨੀ, ਰਵਿੰਦਰ ਸਿੰਘ ਬ੍ਰਹਮਪੁਰਾ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ ਸਮੇਤ ਸੀਨੀਅਰ ਆਗੂਆਂ ਵੱਲੋਂ ਪੰਥਕ ਸੰਸਥਾਵਾਂ ਵਿਚ ਬਹੁਤ ਕੁੱਝ ਅੱਛਾ ਨਹੀਂ ਅਤੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਬਾਰੇ ਕਹੇ 'ਨੋ ਕੁਮੈਂਟ' ਵਿਚ ਕੁੱਝ ਨਾ ਕਹਿ ਕੇ ਵੀ ਬਹੁਤ ਕੁੱਝ ਕਿਹਾ ਜਾ ਚੁੱਕਾ ਹੈ।

ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਬ੍ਰਹਮਪੁਰਾ ਨੇ ਆਖਿਆ ਕਿ ਮਾਝੇ ਦੇ ਅਕਾਲੀ ਆਗੂ ਇਕੱਠੇ ਹੋਏ ਹਨ ਅਤੇ ਜਲਦੀ ਹੀ ਪੰਜ ਸੱਤ ਦਿਨਾਂ ਬਾਅਦ ਮੁੜ ਮੀਟਿੰਗ ਕਰਨਗੇ। ਬ੍ਰਹਮਪੁਰਾ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਫੈਸਲੇ ਨਾਲ ਅਸਹਿਮਤੀ ਅਤੇ ਬਰਗਾੜੀ ਕਾਂਡ ਦਾ ਅਕਾਲੀ ਸਰਕਾਰ ਹੁੰਦਿਆਂ ਵਾਪਰਨ 'ਤੇ ਅਫ਼ਸੋਸ ਪ੍ਰਗਟਾਇਆ। ਮੌਜੂਦਾ ਪ੍ਰਸਥਿਤੀਆਂ ਨੂੰ ਵਿਚਾਰਨ ਮਗਰੋਂ ਲੋੜ ਮੁਤਾਬਕ ਮਾਮਲਾ ਪਾਰਟੀ ਕੋਲ ਵੀ ਰੱਖਿਆ ਜਾਵੇਗਾ। ਸੁਖਦੇਵ ਸਿੰਘ ਢੀਂਡਸਾ ਦੇ ਅਸਤੀਫ਼ੇ ਨੂੰ ਉਨ੍ਹਾਂ ਪਾਰਟੀ ਲਈ ਵੱਡਾ ਝਟਕਾ ਕਰਾਰ ਦਿੱਤਾ।

ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ ਵਲੋਂ ਅਕਾਲੀ ਦਲ ਦਜੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦੇਣ ਕਾਰਨ ਅਤੇ ਮਾਝੇ ਦੇ ਸੀਨੀਅਰ ਅਕਾਲੀ ਨੇਤਾਵਾਂ ਵਲੋਂ ਬਾਗੀ ਸੁਰਾਂ ਅਪਨਾਏ ਜਾਣ ਕਾਰਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਖਤਰਾ ਪੈਦਾ ਹੋ ਗਿਆ ਹੈ।

ਇੱਕ ਸਮਾਂ ਇਹੋ ਜਿਹਾ ਸੀ, ਜਦੋਂ ਸੁਖਬੀਰ ਸਿੰਘ ਬਾਦਲ ਦਾ ਕਿਸੇ ਨੂੰ ਨਾਂਅ ਤੱਕ ਵੀ ਨਹੀਂ ਸੀ ਪਤਾ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਇੱਕ ਇਹੋ ਜਿਹੀ ਟੀਮ ਦਾ ਆਗੂ ਮੰਨਿਆ ਜਾਂਦਾ ਸੀ, ਜਿਸ ਵਿੱਚ ਸੁਖਦੇਵ ਸਿੰਘ ਢੀਂਡਸਾ ਵਰਗੇ ਟਕਸਾਲੀ ਆਗੂ ਸਿਰਮੌਰ ਸਮਝੇ ਜਾਂਦੇ ਸਨ। ਇਨ੍ਹਾਂ ਵਿੱਚ ਬਲਵਿੰਦਰ ਸਿੰਘ ਭੂੰਦੜ ਵੀ ਹੁੰਦਾ ਸੀ, ਕੁਲਦੀਪ ਸਿੰਘ ਵਡਾਲਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਵੀ, ਸੇਵਾ ਸਿੰਘ ਸੇਖਵਾਂ ਅਤੇ ਜਥੇਦਾਰ ਤੋਤਾ ਸਿੰਘ ਵੀ। ਯੂਥ ਦਲ ਦੇ ਨਾਂਅ ਉੱਤੇ ਜਿਹੜੀ ਧਾੜ ਪਿਛਲੇ ਦਸਾਂ ਸਾਲਾਂ ਵਿੱਚ ਓਦੋਂ ਵਾਲੇ ਆਗੂਆਂ ਦੇ ਸਿਰ ਉੱਤੇ ਸਵਾਰ ਕੀਤੀ ਗਈ, ਇਸ ਧਾੜ ਵਾਲੇ ਕਿਸੇ ਚਿਹਰੇ ਦੀ ਕਦੇ ਕਿਸੇ ਨੇ ਸ਼ਕਲ ਨਹੀਂ ਸੀ ਡਿੱਠੀ, ਪਰ ਬਾਅਦ ਵਿੱਚ ਇਹ ਔਖੇ ਦੌਰ ਦੀਆਂ ਜੇਲ੍ਹਾਂ ਕੱਟ ਚੁੱਕੇ ਆਗੂਆਂ ਨੂੰ ਸਿੰਗਾਂ ਉੱਤੇ ਚੁੱਕਣ ਵਾਲਾ ਵਿਹਾਰ ਕਰਨ ਲੱਗ ਪਈ ਸੀ। ਇਸ ਤੋਂ ਪੁਰਾਣੇ ਸਾਰੇ ਅਕਾਲੀ ਆਗੂ ਅੰਦਰੋ-ਅੰਦਰੀ ਔਖੇ ਸਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਸੀਨੀਅਰ ਅਕਾਲੀ ਲੀਡਰਸ਼ਿਪ ਦੀਆਂ ਬਾਗੀ ਸੁਰਾਂ ਇਸੇ ਗਲ ਦਾ ਨਤੀਜਾ ਹਨ।

ਧਾਰਮਿਕ ਸੰਸਥਾਵਾਂ 'ਤੇ ਕਬਜ਼ਾ ਬਾਦਲ ਦਲ ਲਈ ਮਾਰੂ ਸਾਬਤ ਹੋਇਆ ਹੈ। ਸੱਚੇ ਸੌਦੇ ਵਾਲੇ ਡੇਰੇ ਨੂੰ ਵੋਟਾਂ ਦੇ ਚੱਕਰ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਰਾਹੀਂ ਮਾਫ ਕਰਨ ਦੀ ਕਹਾਣੀ ਪੁਠੀ ਪੈ ਗਈ ਹੈ। ਮੌਕਾ ਸੰਭਾਲਣ ਦੇ ਚੱਕਰ ਵਿੱਚ ਬਹਿਬਲ ਕਲਾਂ ਵਾਲਾ ਕਾਂਡ ਦੀ ਗਲਤੀ ਵੀ ਬਾਦਲ ਸਰਕਾਰ ਵਾਲੇ ਕਰ ਬੈਠੇ। ਜਸਟਿਸ ਜ਼ੋਰਾ ਸਿੰਘ ਕਮਿਸ਼ਨ ਰਿਪੋਰਟ ਬਾਦਲ ਦਲ ਲਈ ਮਾਰੂ ਸਾਬਤ ਹੋਈ ਹੈ, ਜਿਸ ਨੇ ਸਿੱਖ ਭਾਈਚਾਰੇ ਵਿਚ ਬਾਦਲ ਦਲ ਨੂੰ ਖਲਨਾਇਕ ਸਿੱਧ ਕਰ ਦਿੱਤਾ ਹੈ।

ਜਾਣਕਾਰ ਆਖਦੇ ਹਨ ਕਿ ਉਸ ਦੇ ਬਾਅਦ ਹੋਈ ਕੋਰ ਕਮੇਟੀ ਮੀਟਿੰਗ ਵਿੱਚ ਸੁਖਦੇਵ ਸਿੰਘ ਢੀਂਡਸਾ ਤੇ ਕੁਝ ਹੋਰਨਾਂ ਨੇ ਜਦੋਂ ਇਸ ਬਾਰੇ ਖੁੱਲ੍ਹ ਕੇ ਗੱਲ ਕਰਨੀ ਚਾਹੀ ਤਾਂ ਸੁਖਬੀਰ ਸਿੰਘ ਬਾਦਲ ਨੇ ਸਫ਼ਾਈ ਦੇਣ ਦੀ ਥਾਂ ਆਪਣੇ ਪਿਓ ਦੀ ਉਮਰ ਵਾਲੇ ਇਨ੍ਹਾਂ ਆਗੂਆਂ ਨਾਲ ਗੁਲਾਮਾਂ ਵਰਗਾ ਵਿਹਾਰ ਕੀਤਾ ਤਾਂ ਇਹ ਬਗ਼ਾਵਤ ਤਾਂ ਉਭਰਨੀ ਹੀ ਸੀ। ਖ਼ੁਦ ਵੱਡੇ ਬਾਦਲ ਨੇ ਵੀ ਪੁੱਤਰ ਦਾ ਪੱਖ ਲਿਆ ਤੇ ਉਮਰ ਭਰ ਦੇ ਸਾਥੀਆਂ ਦਾ ਦਰਦ ਨਾ ਸਮਝਿਆ। ਅਕਾਲੀ ਦਲ ਦੀ ਅੰਦਰੂਨੀ ਸਥਿਤੀ ਦੇ ਜਾਣਕਾਰ ਆਖਦੇ ਹਨ ਕਿ ਇਹ ਅਜੇ ਪਹਿਲਾ ਅਸਤੀਫਾ ਹੈ, ਇਸ ਨਾਲ ਮਾਮਲਾ ਮੁੱਕਣ ਦੀ ਥਾਂ ਅੱਗੇ ਵੀ ਵਧ ਸਕਦਾ ਹੈ। ਬਹੁਤ ਸਾਰੇ ਟਕਸਾਲੀ ਅਕਾਲੀ ਆਗੂ ਬਾਗੀ ਰੌਂ ਵਿਚ ਹਨ।

## ਹੁਣ ਸਿਆਸਤ ਦੇ ਬਾਬਾ ਬੋਹੜ ਆਸਰੇ ਹਨ ਅਕਾਲੀ

ਅਕਾਲੀ ਪਾਰਟੀ ਵਿੱਚ ਲਗਾਤਾਰ ਹਲਚਲ ਨਜ਼ਰ ਆ ਰਹੀ ਹੈ। ਪਹਿਲਾ ਸੁਖਦੇਵ ਢੀਂਢਸਾ ਦੇ ਪਾਰਟੀ ਅਹੁਦਿਆਂ ਤੋਂ ਅਸਤੀਫ਼ੇ ਤੇ ਫ਼ਿਰ ਮਾਝੇ ਖੇਤਰ ਦੇ ਤਿੰਨ ਆਗੂਆਂ ਦੀ ਬਗ਼ਾਵਤ ਨੇ ਸਿਆਸਤ ਦੇ ਬਾਬਾ ਬੋਹੜ ਕਹੇ ਜਾਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਖ਼ੁਦ ਅੱਗੇ ਆ ਕੇ ਮੋਰਚਾ ਸੰਭਾਲ ਲੈਣ ਲਈ ਮਜਬੂਰ ਕਰ ਦਿੱਤਾ। ਵੱਡੇ ਬਾਦਲ ਨੇ ਰਣਜੀਤ ਬ੍ਰਹਮਪੁਰਾ ਤੇ ਬਾਕੀ ਲੀਡਰਾਂ ਨੂੰ ਫ਼ੋਨ ਕਰਕੇ ਪਾਰਟੀ ਦੀ 7 ਅਕਤੂਬਰ ਨੂੰ ਕੈਪਟਨ ਅਮਰਿੰਦਰ ਦੇ ਗੜ੍ਹ ਪਟਿਆਲਾ ਵਿੱਚ ਹੋਣ ਵਾਲੀ ਰੈਲੀ ਲਈ ਸੱਦਾ ਦਿੱਤਾ। ਇਹ ਪਹਿਲੀ ਵਾਰ ਸੀ ਜਦੋਂ 2017 ਦੀਆਂ ਚੋਣਾਂ ਤੋਂ ਬਾਅਦ ਬਾਦਲ ਨੂੰ ਖ਼ੁਦ ਅੱਗੇ ਆ ਕੇ ਪਾਰਟੀ ਦੀ ਕਮਾਨ ਸੰਭਾਲਣੀ ਪਈ। ਇਸ ਤੋਂ ਪਹਿਲਾ ਪਾਰਟੀ ਦੇ ਸਾਰੇ ਫੈਸਲੇ ਸਿਰਫ਼ ਸੁਖਬੀਰ ਬਾਦਲ ਤੇ ਬਿਕਰਮ ਮਜੀਠੀਆ ਹੀ ਲੈਂਦੇ ਆ ਰਹੇ ਸਨ। ਹੁਣ ਬਹੁਤ ਕੁਝ ਉਨ੍ਹਾਂ ਦੇ ਸੰਕਟ ਪ੍ਰਬੰਧਨ ਦੇ ਹੁਨਰ ਤੇ ਨਿਰਭਰ ਕਰਦਾ ਹੈ ਕਿਉਂਕਿ ਅਸੰਤੁਸ਼ਟ ਲੀਡਰਾਂ ਨੂੰ ਦੋਬਾਰਾ ਮਨਾਉਣਾ ਤੇ ਪਾਰਟੀ ਦੇ ਪੰਥਕ ਆਧਾਰ ਨੂੰ ਕਾਇਮ ਰੱਖਣਾ ਕਹਿਣਾ ਤਾਂ ਅਸਾਨ ਹੈ ਪਰ ਅਜਿਹਾ ਕਰ ਪਾਉਣਾ ਬਹੁਤ ਮੁਸ਼ਕਿਲ। ਹਾਲਾਂਕਿ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਕਿਹਾ ਕਿ ਸੁਖਬੀਰ ਦੀ ਅਗਵਾਈ ਨੂੰ ਕੋਈ ਚੁਣੌਤੀ ਨਹੀਂ ਹੈ, ਗੁਜਰਾਲ ਨੇ ਚੱਲ ਰਹੇ ਸੰਕਟ ਨੂੰ ਵੀ ਅਸਥਾਈ ਦੱਸਿਆ। ਉਨ੍ਹਾਂ ਨੇ ਕਿਹਾ ਕਿ ਬਾਦਲ ਕੋਲ ਅਜੇ ਵੀ ਸਭ ਤੋਂ ਵੱਡੇ ਹਨ ਕਿਉਂਕਿ ਉਹ ਪਿਛਲੇ 60 ਸਾਲਾਂ ਤੋਂ ਪਾਰਟੀ ਵਿੱਚ ਹਨ।

"ਜੋ ਆਗੂ ਸਵਾਲ ਕਰ ਰਹੇ ਹਨ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਗੱਲ ਵੀ ਸੁਣੀ ਜਾਵੇ ਤੇ ਬਾਦਲ ਸਾਬ੍ਹ ਸੁਖਬੀਰ ਨੂੰ ਵੀ ਸਲਾਹ ਮਸ਼ਵਰਾ ਦੇਣਗੇ ਅਤੇ ਸਭ ਕੁਝ ਪਾਰਟੀ ਵਿੱਚ ਛੇਤੀ ਹੀ ਆਮ ਹੋ ਜਾਵੇਗਾ।

## ਅਕਾਲੀ ਦਲ ਨੇ ਪਰਮਿੰਦਰ ਢੀਂਡਸਾ ਨੂੰ ਢਾਲ ਬਣਾਇਆ

ਸ਼੍ਰੋਮਣੀ ਅਕਾਲੀ ਦਲ ਨੇ ਸੁਖਦੇਵ ਸਿੰਘ ਢੀਂਡਸਾ ਵੱਲੋਂ ਦਿੱਤੇ ਅਸਤੀਫ਼ੇ ਕਾਰਨ ਪੈਦਾ ਹੋਏ ਸਿਆਸੀ ਸੰਕਟ ਦੌਰਾਨ ਪਰਮਿੰਦਰ ਸਿੰਘ ਢੀਂਡਸਾ ਨੂੰ ਹੀ ਆਪਣੇ ਪਿਤਾ ਵੱਲੋਂ ਲਏ ਫੈਸਲੇ ਦਾ ਜਵਾਬ ਦੇਣ ਲਈ ਅੱਗੇ ਲਿਆਂਦਾ ਹੈ। ਅਕਾਲੀ ਦਲ ਵੱਲੋਂ ਜਾਰੀ ਬਿਆਨ ਵਿੱਚ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਉਨ੍ਹਾਂ ਦਾ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਚਨਬੱਧ ਹੈ ਅਤੇ ਉਹ, ਪਿਤਾ ਦੀ ਪਾਰਟੀ ਦੇ ਕੰਮਾਂ ਤੋਂ ਸੇਵਾਮੁਕਤੀ ਮਗਰੋਂ ਪਰਿਵਾਰ ਦੀ ਇਸ ਵਿਰਾਸਤ ਨੂੰ ਅੱਗੇ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਨੇ ਬਿਲਕੁੱਲ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਪਾਰਟੀ ਦੇ ਨਾਲ ਹਨ ਅਤੇ ਉਹ ਰਾਜ ਸਭਾ ਮੈਂਬਰ ਵਜੋਂ ਸੇਵਾ ਜਾਰੀ ਰੱਖਣਗੇ।

## ਢੀਂਡਸਾ ਅਸਤੀਫ਼ਾ ਵਾਪਸ ਨਹੀਂ ਲੈਣਗੇ

ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਨ੍ਹਾਂ ਪ੍ਰਤੀ ਵਰਤੇ ਸ਼ਬਦਾਂ ਕਿ ਢੀਂਡਸਾ ਮੇਰਾ ਭਰਾ ਹੈ ਪ੍ਰਤੀ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਅਹੁਦਿਆਂ ਤੋਂ ਦਿੱਤਾ ਅਸਤੀਫ਼ਾ ਵਾਪਸ ਨਹੀਂ ਲੈਣਗੇ।

## ਤੋਤਾ ਸਿੰਘ ਦਾ ਬਾਗੀ ਰੁਖ

ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਵੀ ਇਸ ਸਾਰੇ ਘਟਨਾਕ੍ਰਮ 'ਤੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਤੋਤਾ ਸਿੰਘ ਨੇ ਕਿਹਾ ਕਿ ਸਮਾਂ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ ਅਤੇ ਪ੍ਰਧਾਨਗੀ 'ਤੇ ਵੀ ਸਦਾ ਇਕੋ ਵਿਅਕਤੀ ਨੇ ਨਹੀਂ ਰਹਿਣਾ।

## ਭੂੰਦੜ ਨੂੰ ਪ੍ਰਧਾਨ ਬਣਾਉਣ ਦੀਆਂ ਤਿਆਰੀਆਂ

ਚੋਣਾਂ ਵਿਚ ਨਮੋਸ਼ੀ ਭਰੀ ਹਾਰ ਤੋਂ ਬਾਅਦ ਲਗਾਤਾਰ ਅਕਾਲੀ ਦਲ ਦੇ ਖੁਰ ਰਹੇ ਆਧਾਰ ਕਾਰਨ ਪੁਰਾਣੇ ਅਕਾਲੀ ਆਗੂਆਂ ਨੇ ਸੁਖਬੀਰ ਬਾਦਲ ਦੀ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇੱਕ ਚਰਚਾ ਅਨੁਸਾਰ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਹਾਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਦੀ ਥਾਂ ਸ੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਭੂੰਦੜ ਨੂੰ ਸੌਂਪਣ ਦੀਆਂ ਤਿਆਰੀਆਂ ਦਾ ਢੀਂਡਸਾ ਵੱਲੋਂ ਜਬਰਦਸਤ ਵਿਰੋਧ ਕੀਤਾ ਗਿਆ ਸੀ, ਜਿਸ



ਕਾਰਨ ਉਸ ਸਮੇਂ ਪ੍ਰਧਾਨਗੀ ਬਦਲਣ ਵਾਲੀ ਗੱਲ ਰੁਕ ਗਈ ਸੀ, ਪਰ ਹੁਣ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਬਰਗਾੜੀ ਕਾਂਡ ਅਤੇ ਬਹਿਬਲ ਕਲਾਂ-ਕੋਟਕਪੂਰਾ ਗੋਲੀਕਾਂਡ ਤੇ ਪੇਸ਼ ਕੀਤੀ ਰਿਪੋਰਟ ਦੀ ਵਿਧਾਨ ਸਭਾ ਵਿੱਚ ਹੋਈ ਚਰਚਾ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਦੀ ਥਾਂ ਬਲਵਿੰਦਰ ਸਿੰਘ ਭੂੰਦੜ ਨੂੰ ਸ੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਸੌਂਪਣ ਦੀ ਗੱਲ ਚੱਲ ਰਹੀ ਹੈ। ਕਿਹਾ ਤਾਂ ਇਹ ਜਾ ਰਿਹਾ ਹੈ ਕਿ ਅਕਾਲੀ ਦਲ ਦੀ ਫਿਰੋਜ਼ਪੁਰ ਰੈਲੀ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਵੱਲੋਂ ਭੂੰਦੜ ਨੂੰ ਸ੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਐਲਾਨੇ ਜਾਣ ਦੀ ਪੂਰੀ ਸੰਭਾਵਨਾ ਸੀ, ਪਰ ਸ: ਭੂੰਦੜ ਵੱਲੋਂ ਇਸ ਰੈਲੀ ਦੌਰਾਨ ਬਾਦਲ ਨੂੰ ਬਾਦਸ਼ਾਹ ਦਰਵੇਸ਼ ਕਹੇ ਜਾਣ ਤੋਂ ਬਾਅਦ ਉਠੇ ਵਿਵਾਦ ਕਾਰਨ ਇਹ ਐਲਾਨ ਵਿਚੇ ਹੀ ਰੁਕ ਗਿਆ।

ਬਾਦਲ ਨੂੰ ਬਾਦਸ਼ਾਹ ਦਰਵੇਸ਼ ਕਹਿਣ ਦੇ ਮਾਮਲੇ 'ਤੇ ਭੂੰਦੜ ਵੱਲੋਂ ਤਖਤ ਦਮਦਮਾ ਸਾਹਿਬ 'ਤੇ ਪੇਸ ਹੋਕੇ ਤਨਖਾਹ ਲਗਵਾ ਕੇ ਭੁੱਲ ਬਖਸਾਉਣ ਤੋਂ ਬਾਅਦ ਹੁਣ ਦੁਬਾਰਾ ਭੂੰਦੜ ਨੂੰ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਬਣਾਉਣ ਦੀ ਤਿਆਰੀ ਹੋ ਰਹੀ ਸੀ ਤਾਂ ਢੀਂਡਸਾ ਵੱਲੋਂ ਪਹਿਲਾਂ ਦੀ ਤਰ੍ਹਾਂ ਹੀ ਇਸ ਦਾ ਵਿਰੋਧ ਕੀਤਾ ਗਿਆ ਅਤੇ ਫੇਰ ਵਾਹ ਨਾ ਚੱਲਦੀ ਦੇਖ ਢੀਂਡਸਾ ਵੱਲੋਂ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤਾ ਗਿਆ ਹੈ। ਇਸ ਤੋਂ ਢੀਂਡਸਾ ਖੁੱਲ੍ਹੇ ਰੂਪ ਵਿੱਚ ਆਖ ਚੁੱਕੇ ਹਨ ਕਿ ਸੌਦਾ ਸਾਧ ਨੂੰ ਮਾਫ਼ੀ ਦੇਣ ਵਾਲੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਛੁੱਟੀ ਹੋ ਜਾਣੀ ਚਾਹੀਦੀ ਹੈ, ਪਰ ਪਾਰਟੀ ਅੰਦਰ ਜਿਸ ਤਰ੍ਹਾਂ ਢੀਂਡਸਾ ਦੀ ਆਵਾਜ਼ ਨੂੰ ਅਣਸੁਣਿਆਂ ਕੀਤਾ ਜਾ ਰਿਹਾ ਸੀ, ਉਹ ਵੀ ਅਸਤੀਫੇ ਦੇ ਕਾਰਨਾਂ ਵਿੱਚ ਸਾਮਲ ਹੈ। ਦੂਸਰੀ ਚਰਚਾ ਅਨੁਸਾਰ ਸੰਗਰੂਰ ਲੋਕ ਸਭਾ ਸੀਟ ਤੋਂ ਢੀਂਡਸਾ ਦੇ ਵਾਰ ਵਾਰ ਹਾਰਨ ਕਰਕੇ ਇਸ ਵਾਰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਸੰਗਰੂਰ ਸੀਟ ਭਾਜਪਾ ਲਈ ਛੱਡਣ ਦਾ ਮਨ ਬਣਾ ਲਿਆ ਤੇ ਭਾਜਪਾ ਦੇ ਸੰਗਰੂਰ ਤੋਂ ਸੰਭਾਵੀ ਉਮੀਦਵਾਰ ਹਰਜੀਤ ਗਰੇਵਾਲ ਨੇ ਆਪਣੀਆਂ ਸਰਗਰਮੀਆਂ ਵਿੱਢਦਿਆਂ ਆਪਣੇ ਸਮਰਥਕਾਂ ਨੂੰ ਭਾਜਪਾ ਵਿੱਚ ਜਿੰਮੇਵਾਰੀਆਂ ਸੌਂਪਣੀਆਂ ਸੁਰੂ ਕਰ ਦਿੱਤੀਆਂ ਹਨ।

ਸਿਆਸੀ ਮਾਹਿਰਾਂ ਵੱਲੋਂ ਕਿਆਫੇ ਲਗਾਏ ਜਾ ਰਹੇ ਹਨ ਕਿ ਇਸ ਤਰ੍ਹਾਂ ਦੀ ਕਵਾਇਦ ਨੂੰ ਦੇਖਦਿਆਂ ਹੀ ਢੀਂਡਸਾ ਨੇ ਅਸਤੀਫਾ ਦਿੱਤਾ ਹੈ। ਇਥੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਪੰਥ ਅੰਦਰ ਬਾਦਲ ਪਰਿਵਾਰ ਦੇ ਵਧ ਰਹੇ ਵਿਰੋਧ ਅਤੇ ਬਰਗਾੜੀ ਮੋਰਚੇ ਨੂੰ ਦਿਨੋਂ ਦਿਨ ਮਿਲ ਰਹੇ ਭਰਵੇਂ ਸਮਰਥਨ ਨੂੰ ਦੇਖਦਿਆਂ ਟਕਸਾਲੀ ਅਕਾਲੀ ਆਗੂਆਂ ਵੱਲੋਂ ਸਮੇਂ ਦੀ ਨਜਾਕਤ ਨੂੰ ਪਛਾਣਦਿਆਂ ਸ੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਦੇ ਗਲਬੇ ਤੋਂ ਮੁਕਤ ਕਰਕੇ ਨਵੀਂ ਲੀਡਰਸ਼ਿਪ ਨੂੰ ਉਭਾਰਨ ਦੇ ਯਤਨਾਂ ਵਿੱਢਦਿਆਂ ਕੋਈ ਨਵੀਂ ਰਣਨੀਤੀ ਤਹਿਤ ਹੀ ਬਾਦਲ ਪਰਿਵਾਰ ਖਿਲਾਫ ਉਠੀ ਬਗਾਵਤ ਨੂੰ ਤੇਜ਼ ਕਰਨ ਲਈ ਢੀਂਡਸਾ ਨੇ ਇਹ ਫੈਸਲਾ ਲਿਆ ਹੋਵੇ।

ਅੰਮ੍ਰਿਤਸਰ ਟਾਈਮਜ਼ AMRITSAR TIMES
03 ਅਕਤੂਬਰ 2018 ਤੋਂ 09 ਅਕਤੂਬਰ 2018

# ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ

ਪੰਜਾਬ ਦੀ ਮੋਹਾਲੀ ਅਦਾਲਤ ਨੇ ਦੋ ਦਿਨ ਦੋ ਵੱਖ ਵੱਖ ਕੇਸਾਂ ਵਿਚ ਫੈਸਲਾ ਸੁਣਾ ਕੇ ਪੰਜਾਬ ਪੁਲਿਸ ਦੁਆਰਾ ਬੀਤੇ ਵਿਚ ਸਿੱਖ ਨੌਜਵਾਨਾਂ ਦੇ ਖ਼ੂਨ ਦੀ ਖੇਡੀ ਗਈ ਹੋਲੀ ਦੀ ਯਾਦ ਦਿਵਾਈ ਹੈ। ਪੰਜਾਬ ਪੁਲਿਸ ਨੇ ਖਾੜਕੂਵਾਦ ਦੌਰਾਨ ਕਿਵੇਂ ਬੇਕਸੂਰ ਸਿੱਖ ਗੱਭਰੂਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਇਆ ਸੀ, ਉਸ ਦਾ ਇਕ ਵਾਰ ਫਿਰ ਪਰਦਾਫਾਸ਼ ਹੋਇਆ ਹੈ। ਅਦਾਲਤ ਨੇ ਚਾਰ ਦਿਨ ਦੇ ਵਕਫੇ ਦੌਰਾਨ ਦੋ ਵੱਖ ਵੱਖ ਕਥਿਤ ਪੁਲਿਸ ਮੁਕਾਬਲਿਆਂ ਨੂੰ ਝੂਠੇ ਕਰਾਰ ਦਿੰਦਿਆਂ ਦੋ ਸਿੱਖ ਨੌਜਵਾਨਾਂ ਦੇ ਕਾਤਲ ਪੁਲਸ ਅਫਸਰਾਂ ਨੂੰ 26 ਸਾਲ ਬਾਅਦ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਵੇਂ ਕੇਸਾਂ ਵਿਚ ਪੰਜਾਬ ਪੁਲਿਸ ਦੀ ਕਹਾਣੀ, ਜਿਸ ਨੂੰ ਅਦਾਲਤੀ ਤੇ ਕਾਨੂੰਨੀ ਭਾਸ਼ਾ ਵਿਚ "ਬਕੂਆ" ਕਿਹਾ ਜਾਂਦਾ ਹੈ, ਝੂਠੀ ਨਿਕਲੀ ਹੈ।

ਪੁਲਿਸ ਦੀ ਘੜੀ ਗਈ ਕਹਾਣੀ ਮੁਤਾਬਿਕ ਪਹਿਲੇ ਮੁਕਾਬਲੇ ਦੌਰਾਨ 217 ਗੋਲੀਆਂ ਚੱਲੀਆਂ ਸਨ ਤੇ ਹਰਪਾਲ ਸਿੰਘ ਕੋਲੋਂ ਏਕੇ. 47 ਰਾਈਫਲ ਬਰਾਮਦ ਹੋਈ ਸੀ। ਪੋਸਟਮਾਰਟਮ ਦੀ ਰਿਪੋਰਟ ਕਹਿ ਰਹੀ ਹੈ ਕਿ ਹਰਪਾਲ ਸਿੰਘ ਦੇ ਸਿਰ 'ਚ 3 ਮੀਟਰ ਦੀ ਦੂਰੀ ਤੋਂ ਦੋ ਗੋਲੀਆਂ ਵੱਜੀਆਂ ਹਨ। ਪੁਲਿਸ ਦਾ ਕਹਿਣਾ ਸੀ ਕਿ ਇਸ ਮੁਕਾਬਲੇ ਦੌਰਾਨ ਸੀਆਰਪੀਐਫ਼. ਦੀ ਇਕ ਟੁਕੜੀ ਵੀ ਉਨ੍ਹਾਂ ਦੇ ਨਾਲ ਸੀ, ਜਦਕਿ ਮੁਕਾਬਲੇ ਦੌਰਾਂਨ ਪੰਜਾਬ ਪੁਲਿਸ ਦਾ ਸਾਥ ਦੇਣ ਵਾਲੀ ਸੀਆਰਪੀਐਫ ਦੀ ਟੁਕੜੀ ਦਾ ਪਤਾ ਹੀ ਨਹੀਂ ਲੱਗਿਆ। ਤਮਾਮ ਸਬੂਤਾਂ ਤੋਂ ਜ਼ਾਹਰ ਹੋਇਆ ਕਿ ਇਹ ਪੁਲਿਸ ਮੁਕਾਬਲਾ ਫਰਜ਼ੀ ਸੀ।

ਦੂਜੀ ਘਟਨਾ ਵਿਚ ਨਵੰਬਰ 1992 ਨੂੰ ਦਬੁਰਜੀ ਚੌਕੀ ਤਰਨਤਾਰਨ ਦੇ ਥਾਣੇਦਾਰ ਨਰਿੰਦਰ ਸਿੰਘ ਮੱਲ੍ਹੀ ਨੇ ਪੁਲਸ ਦੀ ਧਾੜ ਸਮੇਤ ਹਰਜੀਤ ਸਿੰਘ ਗੋਰਾ ਤੇ ਉਸਦੇ ਪਿਤਾ ਬਲਵੀਰ ਸਿੰਘ ਨੂੰ ਘਰੋਂ ਚੁੱਕ ਲਿਆ। ਉਹ ਦੋਵਾਂ ਦੀਆਂ ਅੱਖਾਂ ਉੱਤੇ ਪੱਟੀਆਂ ਬੰਨ੍ਹ ਕੇ ਵਿਜੇ ਨਗਰ ਥਾਣੇ 'ਚ ਤੈਨਾਤ ਇੰਸਪੈਕਟਰ ਗਿਆਨ ਸਿੰਘ ਕੋਲ ਲੈ ਗਿਆ। ਪੁਲਸ ਨੇ ਪਿਤਾ ਬਲਵੀਰ ਸਿੰਘ ਨੂੰ 22 ਦਿਨ ਤਸੀਹੇ ਦੇਣ ਮਗਰੋਂ ਛੱਡ ਦਿੱਤਾ ਪਰ ਹਰਜੀਤ ਸਿੰਘ ਨੂੰ ਨਾ ਛੱਡਿਆ। ਇਸ ਮਗਰੋਂ ਹਰਜੀਤ ਸਿੰਘ ਦਾ ਕੋਈ ਥਹੁ-ਪਤਾ ਹੀ ਨਾ ਲੱਗਾ।

ਮਾਈ ਲੌਰਡ! ਪੰਜਾਬ ਪੁਲਿਸ ਦਾ ਸਿਰਫ "ਬਕੂਆ" ਹੀ ਝੂਠਾ ਨਹੀਂ ਹੈ। ਇਥੇ ਤਾਂ ਸੰਵਿਧਾਨ, ਕਾਨੂੰਨ, ਸਰਕਾਰੀ ਤੰਤਰ ਤੇ ਖੁਦ ਸਰਕਾਰਾਂ ਦਾ ਝੂਠ ਬੇਪਰਦ ਹੋਣ ਤੋਂ ਬਾਅਦ ਵੀ "ਸੱਚਾ" ਹੈ। ਗਨੀਮਤ ਹੈ ਕਿ ਤੁਸੀਂ ਦੋ ਝੂਠੇ ਪੁਲਿਸ ਮੁਕਾਬਲਿਆਂ ਦਾ ਪਰਦਾ ਚੁੱਕਿਆ ਹੈ ਭਾਵੇਂ 26 ਸਾਲ ਬਾਅਦ ਹੀ ਸਹੀ।ਜਿਸ ਮੁਲਕ ਵਿਚ ਦਿਨ ਦਿਹਾੜੇ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਗਲਾਂ ਵਿਚ ਟਾਇਰ ਪਾ ਕੇ, ਅੱਗ ਲਾ ਕੇ ਜਿਉਂਦੇ ਸਾੜ ਦੇਣ ਉਤੇ ਖੁਦ ਉਥੋਂ ਦਾ ਪਰਧਾਨ ਮੰਤਰੀ ਬਿਆਨ ਦੇਵੇ ਕਿ ਜਦੋਂ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਕੰਬਦੀ ਹੀ ਹੈ, ਅਜਿਹੇ ਦੇਸ਼ ਵਿਚ ਫਿਰ ਵੀ ਇਨਸਾਫ ਦੀ ਆਸ ਰੱਖਣੀ ਵੱਡੇ ਜੇਰੇ ਵਾਲਾ ਕੰਮ ਹੈ। ਗੌਰ ਕਰਨ ਵਾਲੀ ਗੱਲ ਇਹ ਹੈ ਕਿ ਪੰਜਾਬ ਸਮੇਤ ਦੇਸ਼ ਦੇ ਦੂਜੇ ਰਾਜਾਂ ਦੀ ਪੁਲਿਸ ਦਾ ਬਕੂਆ ਆਮ ਕਰਕੇ ਬਹੁਤਾ ਘੱਟ ਗਿਣਤੀਆਂ ਤੇ ਦਲਿਤਾਂ ਦੇ ਕੇਸਾਂ ਵਿਚ ਹੀ ਝੂਠਾ ਹੁੰਦਾ ਹੈ। ਡਾਢਿਆਂ ਦੇ ਕੇਸਾਂ ਵਿਚ ਤਾਂ ਸੱਚੀਆਂ ਤੇ ਅੱਖਾਂ ਸਾਹਮਣੇ ਵਾਪਰੀਆਂ ਘਟਨਾਵਾਂ ਦਾ "ਬਕੂਆ" ਸਗੋਂ ਝੂਠਾ ਹੋ ਜਾਂਦਾ ਹੈ। ਦਿੱਲੀ ਵਿਚ ਨਵੰਬਰ-1984 ਦਾ ਸਿੱਖ ਕਤਲੇਆਮ ਤੇ ਗੁਜਰਾਤ ਵਿਚ ਸੰਨ 2002 ਵਿਚ ਹੋਇਆ ਮੁਸਲਮਾਨਾਂ ਦਾ ਕਤਲੇਆਮ ਇਸ ਦੀਆਂ ਪ੍ਰਤੱਖ ਉਦਾਹਰਣਾਂ ਹਨ।

ਉਪਰੋਕਤ ਦੋਵੇਂ ਕੇਸ ਸਤੰਬਰ ਅਤੇ ਨਵੰਬਰ 1992 ਦੇ ਹਨ। ਪੀੜਤ ਪਰਿਵਾਰਾਂ ਨੂੰ ਇਨਸਾਫ਼ ਲੈਣ ਲਈ 26 ਸਾਲ ਇੰਤਜ਼ਾਰ ਕਰਨਾ ਪਿਆ। ਪੰਜਾਬ ਵਿਚ ਖਾੜਕੂਵਾਦ ਦੇ ਸਮੇਂ ਪੁਲਿਸ ਦੀ ਇਹ ਮਾਨਸਿਕਤਾ ਹੀ ਬਣੀ ਹੋਈ ਸੀ। ਉਹ ਦਿਨ-ਦਿਹਾੜੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਕਰਦੀ ਸੀ। ਕੋਈ ਪੁੱਛ-ਪਰਤੀਤ ਨਹੀਂ ਸੀ। ਅੱਜ ਜੇ 26 ਸਾਲ ਬਾਅਦ ਕੋਈ ਥੋੜ੍ਹਾ-ਬਹੁਤਾ ਇਨਸਾਫ ਮਿਲਿਆ ਹੈ, ਤਾਂ ਇਕ ਤਾਂ ਮਾਹੌਲ ਬਦਲਿਆ ਹੈ ਤੇ ਦੂਜਾ ਇਨਸਾਫ ਲੈਣ ਵਾਲੀਆਂ ਧਿਰਾਂ ਨੇ ਆਖਰ ਤਕ ਮਜ਼ਬੂਤ ਇਰਾਦਿਆਂ ਨਾਲ ਲੜਾਈ ਲੜੀ ਗਈ ਹੈ। ਸਭ ਨੂੰ ਯਾਦ ਹੈ ਕਿ ਪੰਜਾਬ ਪੁਲਿਸ ਦੀਆਂ ਅਜਿਹਿਆਂ ਗ਼ੈਰਕਾਨੂੰਨੀ ਕਾਰਵਾਈਆਂ ਉਸ ਸਮੇਂ ਹੀ ਜੱਗ-ਜ਼ਾਹਰ ਸਨ ਪਰ ਦਲੀਲ ਦਿੱਤੀ ਜਾਂਦੀ ਸੀ ਕਿ ਪੁਲਿਸ ਅਧਿਕਾਰੀਆਂ ਜਾਂ ਮੁਲਾਜ਼ਮਾਂ ਨੂੰ ਸਜ਼ਾ ਦੇਣ ਨਾਲ ਉਨ੍ਹਾਂ ਦਾ ਮਨੋਬਲ ਡਿੱਗ ਜਾਵੇਗਾ। ਇਹ ਇਕ ਤਰ੍ਹਾਂ ਦਾ "ਸਰਕਾਰੀ ਅੱਤਵਾਦ" ਸੀ। ਦੋਸ਼ੀ ਅਧਿਕਾਰੀਆਂ ਨੂੰ ਸਜ਼ਾ ਦੇਣ ਨਾਲ ਪੁਲੀਸ ਦਾ ਮਨੋਬਲ ਡਿੱਗਣ ਦੀ ਦਲੀਲ ਕਾਨੂੰਨ ਦੇ ਰਾਜ ਦੇ ਖ਼ਿਲਾਫ਼ ਹੈ।

ਅਕਾਲੀ ਦਲ ਬਾਦਲ ਨੇ ਸੰਨ 1997 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਹੋਈ ਕਤਲੇਗਾਰਤ ਦੀ ਜਾਂਚ ਵਾਸਤੇ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਸੀ। ਉਸ ਮੌਕੇ ਸੰਨ 1995 ਦੇ ਦੱਖਣੀ ਅਫ਼ਰੀਕਾ ਵਿਚਲੇ "ਟਰੁੱਥ ਕਮਿਸ਼ਨ" ਦੀ ਮਿਸਾਲ ਦਿੱਤੀ ਗਈ ਸੀ ਪਰ ਸੱਤਾ ਵਿਚ ਆਉਂਦਿਆਂ ਹੀ ਇਹ ਵਾਅਦੇ ਭੁਲਾ ਦਿੱਤੇ ਗਏ।

ਦਰਅਸਲ ਭਾਰਤੀ ਸਟੇਟ ਨੇ ਸੰਨ 1947 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਹੀ ਸਰਕਾਰੀ ਮਸ਼ੀਨਰੀ ਨੂੰ ਹਰ ਜਾਇਜ਼-ਨਜਾਇਜ਼ ਤਰੀਕੇ ਨਾਲ ਲੋਕ ਲਹਿਰਾਂ ਅਤੇ ਘੱਟ ਗਿਣਤੀਆਂ ਨੂੰ ਦਬਾ ਕੇ ਰੱਖਣ ਲਈ ਤਿਆਰ ਕਰ ਲਿਆ ਸੀ। ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਸਭ ਤੋਂ ਪਹਿਲਾਂ ਨਕਸਲੀ ਲਹਿਰ ਨੂੰ ਬੇਦਰਦੀ ਨਾਲ ਕੁਚਲ ਦੇਣ ਦਾ ਤਜਰਬਾ ਕੀਤਾ ਗਿਆ। ਉਸ ਸਮੇਂ ਵੀ ਪੰਜਾਬ ਦੇ ਬਹੁਤ ਸਾਰੇ ਨੌਜਵਾਨਾਂ ਨੂੰ ਪੁਲਿਸ ਨੇ ਇਸ ਹੀ ਤਰੀਕੇ ਨਾਲ ਮਾਰ ਮੁਕਾਇਆ। ਇਸ ਕਰਕੇ ਇਹ ਕੋਈ ਹੇਠਲੇ ਪੱਧਰ ਉਤੇ ਵਿਗੜੈਲ ਪੁਲਸੀਆ ਮਨੋਬਿਰਤੀ ਦਾ ਵਰਤਾਰਾ ਨਹੀਂ, ਸਗੋਂ ਹਿੰਦੂਸਤਾਨੀ ਸਟੇਟ ਦਾ ਘੱਟ ਗਿਣਤੀਆਂ, ਲੋਕ ਲਹਿਰਾਂ ਤੇ ਦਲਿਤਾਂ ਆਦਿ ਨੂੰ ਦਬਾ ਕੇ ਰੱਖਣ ਦਾ ਵਹਿਸ਼ੀ ਹਥਿਆਰ ਹੈ। ਸਬੂਤ ਮੌਜੂਦ ਹਨ ਕਿ ਪੰਜਾਬ ਵਿਚ ਇਕੋ ਜਿਹੀਆਂ ਹੀ ਝੂਠੀਆਂ ਕਹਾਣੀਆਂ ਘੜ ਕੇ ਹਜ਼ਾਰਾਂ ਹੀ ਨੌਜਵਾਨ ਮਾਰ-ਖਪਾ ਦਿੱਤੇ ਗਏ ਪਰ ਕਦੇ ਵੀ ਕਿਸੇ ਅਦਾਲਤ ਜਾਂ ਸਰਕਾਰ ਨੇ ਕੋਈ ਨੋਟਿਸ ਨਹੀਂ ਲਿਆ। ਇਸ ਕਰਕੇ ਉਪਰੋਕਤ ਦੋ ਕੇਸਾਂ ਦੇ ਅਦਾਲਤੀ ਨਿਪਟਾਰੇ ਤੋਂ ਬਾਅਦ ਇਹ ਹੀ ਕਿਹਾ ਜਾ ਸਕਦਾ ਹੈ ਕਿ ਅਜਿਹੇ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਤਾਂ ਜ਼ਰੂਰ ਹੀ ਮਿਲਣੀਆਂ ਚਾਹੀਦੀਆਂ ਹਨ ਪਰ ਇਸ ਵਹਿਸ਼ੀ ਅਤੇ ਗੈਰ-ਲੋਕਤੰਤਰੀ ਵਰਤਾਰੇ ਪਿੱਛੇ ਛੁਪੇ ਭਾਰਤੀ ਸਟੇਟ ਦੇ ਘਿਨਾਉਣੇ ਚਿਹਰੇ ਉਤੋਂ ਨਕਾਬ ਵੀ ਲਹਿਣਾ ਚਾਹੀਦਾ ਹੈ।

# ਬਰਗਾੜੀ ਮੋਰਚਾ ਅਤੇ ਭਵਿੱਖ ਦੀ ਸਿੱਖ ਰਾਜਨੀਤੀ

**ਇਸ ਦ੍ਰਿਸ਼ਟੀਕੋਣ ਤੋਂ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਸੰਘਰਸ਼ ਲੜਦੀਆਂ ਆ ਰਹੀਆਂ ਪੰਥਕ ਸੋਚ ਵਾਲੀਆਂ ਧਿਰਾਂ ਅਸਪੱਸ਼ਟ ਤੇ ਅਵੇਸਲੀਆਂ ਰਹੀਆਂ ਹਨ। ਵਰਨਾ ਕੀ ਕਾਰਨ ਹਨ ਕਿ ਉਹ ਅਕਾਲੀ ਰਾਜਨੀਤੀ ਵੱਲੋਂ ਤਿਆਗੇ ਗਏ ਅਨੰਦਪੁਰ ਸਾਹਿਬ ਮਤੇ ਦੀ ਪ੍ਰਾਪਤੀ ਲਈ ਵੀ ਜ਼ਰੂਰੀ ਬਣਦਾ ਦਬਾਓ ਨਹੀਂ ਬਣਾ ਸਕੇ। ਸਾਰੀ ਪੰਥਕ ਰਾਜਨੀਤੀ ਨੂੰ ਬਾਦਲ ਵਿਰੋਧੀ ਦਿਸ਼ਾ ਉੱਤੇ ਟਿਕਾਉਣਾ ਇਸ ਦਾ ਇਕ ਹੋਰ ਵੱਡਾ ਕਾਰਨ ਰਿਹਾ ਹੈ। ਹੁਣ ਜਦੋਂ ਬਰਗਾੜੀ ਇਨਸਾਫ਼ ਮੋਰਚੇ ਨਾਲ ਜੁੜੇ ਸਰੋਕਾਰਾਂ ਤੇ ਹੋਰ ਹਾਲਾਤ ਕਾਰਨ ਭਵਿੱਖ ਦੀ ਅਕਾਲੀ ਰਾਜਨੀਤੀ ਦੇ ਬਾਦਲਾਂ ਦੇ ਪਹਿਲਾਂ ਵਰਗੇ ਪ੍ਰਭਾਵ ਤੋਂ ਮੁਕਤ ਹੋਣ ਦੇ ਹਾਲਾਤ ਬਣਦੇ ਜਾ ਰਹੇ ਹਨ, ਤਾਂ ਭਵਿੱਖ ਦੀ ਸਿੱਖ ਰਾਜਨੀਤੀ ਦੀਆਂ ਪੰਥਕ ਦਿਸ਼ਾਵਾਂ ਨਿਰਧਾਰਿਤ ਕਰਨ ਸਬੰਧੀ ਨਾ ਕੇਵਲ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ, ਸਗੋਂ ਸੁਹਿਰਦ ਪੰਥਕ ਹਲਕਿਆਂ ਦੀ ਸਾਂਝੀ ਜ਼ਿੰਮੇਵਾਰੀ ਬਣ ਗਈ ਹੈ।**



**ਭਾਈ ਹਰਿਸਿਮਰਨ ਸਿੰਘ**
(ਮੋ. 9872591713)

ਬਰਗਾੜੀ ਇਨਸਾਫ਼ ਮੋਰਚੇ ਦੇ ਮੁੱਖ ਸੰਚਾਲਕ ਭਾਈ ਧਿਆਨ ਸਿੰਘ ਮੰਡ ਨੇ ਜਿਸ ਤਰ੍ਹਾਂ ਅਰਦਾਸ ਕਰਕੇ ਕੁਝ ਸਿੰਘਾਂ ਨਾਲ 1 ਜੂਨ, 2018 ਨੂੰ ਇਹ ਮੋਰਚਾ ਸ਼ੁਰੂ ਕੀਤਾ ਸੀ , ਉਸ ਦੇ 4 ਮਹੀਨੇ ਬੀਤਣ ਉਪਰੰਤ ਸਿੱਖ ਪੰਥ ਦੇ ਧਾਰਮਿਕ, ਰਾਜਨੀਤਿਕ ਤੇ ਨਵਾਂ ਬਦਲ ਦੇ ਸਰੋਕਾਰ ਇਸ ਮੋਰਚੇ ਨਾਲ ਜੁੜ ਗਏ ਹਨ। ਭਾਵੇਂ ਮੋਰਚਾ ਲਗਾਉਣ ਦੀਆਂ ਤਿੰਨ ਮੁੱਖ ਮੰਗਾਂ ਉਸੇ ਤਰ੍ਹਾਂ ਕਾਇਮ ਹਨ ਪਰ ਪੰਥ ਦੇ ਵਡੇਰੇ ਹਿੱਤਾਂ ਤੇ ਭਵਿੱਖ ਸਬੰਧੀ ਇਹ ਮੋਰਚਾ ਪੰਜਾਬ ਦੀ ਰਾਜਨੀਤੀ ਦਾ ਕੇਂਦਰ-ਬਿੰਦੂ ਬਣ ਗਿਆ ਹੈ। ਸਿੱਖ ਪੰਥ ਵਿਚ ਮੋਰਚੇ ਵਿਚੋਂ, ਵਿਸ਼ੇਸ਼ ਕਰਕੇ 28 ਅਗਸਤ, 20 18 ਨੂੰ ਪੰਜਾਬ ਅਸੈਂਬਲੀ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਉੱਤੇ ਹੋਈ ਬਹਿਸ ਤੋਂ ਬਾਅਦ, ਇਕ ਬਦਲਵੇਂ ਰਾਜਸੀ ਬਦਲ ਤੇ ਨਵੀਂ ਲੀਡਰਸ਼ਿਪ ਦੇ ਉਭਾਰ ਦੀ ਆਸ ਰੱਖਣ ਲਗ ਪਿਆ ਹੈ। ਇਹ ਮੋਰਚਾ ਭਾਵੇਂ ਜ਼ਾਹਰਾ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜਿਆ ਹੋਇਆ ਹੈ ਪਰ ਇਸ ਸੰਘਰਸ਼ ਦੇ ਅੰਦਰ ਉਸੇ ਬੇਇਨਸਾਫ਼ੀ ਦੇ ਬੀਜ ਪਏ ਹਨ, ਜੋ ਭਾਰਤ ਸਰਕਾਰ ਚਿਰਾਂ ਤੋਂ ਪੰਥ ਨਾਲ ਕਰਦੀ ਆ ਰਹੀ ਹੈ। ਇਹੀ ਕਾਰਨ ਹੈ ਕਿ ਬਰਗਾੜੀ ਮੋਰਚਾ ਹੁਣ ਉਪਰੋਕਤ ਤਿੰਨ ਮੰਗਾਂ ਤੋਂ ਅੱਗੇ ਲੰਘ ਕੇ ਮੂਲ ਰੂਪ ਵਿਚ ਰਾਜਨੀਤਿਕ ਹੋ ਗਿਆ ਹੈ, ਜਿਸ ਵਿਚੋਂ ਭਵਿੱਖ ਦੀ ਸਿੱਖ ਰਾਜਨੀਤੀ ਦੀਆਂ ਨਵੀਆਂ ਦਿਸ਼ਾਵਾਂ ਨਿਕਲਣ ਦੀਆਂ ਸੰਭਾਵਨਾਵਾਂ ਹਨ।

ਸਮੇਂ ਦੀ ਇਹ ਕੇਹੀ ਵਿਡੰਬਨਾ ਹੈ ਕਿ ਕਿਸੇ ਸਮੇਂ ਅਕਾਲੀ ਰਾਜਨੀਤੀ ਆਪਣੇ ਪੰਥਕ ਰੂਪ ਅਤੇ ਸੁਭਾਅ ਵਾਲੀ ਹੁੰਦੀ ਸੀ। ਸੰਨ 1947 ਵਿਚ ਸਿੱਖ ਭਾਰਤ ਦੀ ਧਰਤੀ ਨਾਲ ਜੋੜੇ ਗਏ ਆਪਣੇ ਸਿੱਖ ਰਾਜ ਦਾ ਮੁੜ ਉਭਾਰ ਕਰਨ ਵਿਚ ਸਫ਼ਲ ਨਹੀਂ ਹੋ ਸਕੇ ਤਾਂ ਉਨ੍ਹਾਂ ਨੇ ਆਪਣੀ ਤਕਦੀਰ ਭਾਰਤ ਨਾਲ ਜੋੜ ਦਿੱਤੀ ਸੀ। ਉਸ ਵੇਲੇ ਤੇ ਬਾਅਦ ਵਿਚ ਵੀ ਪੰਥਕ ਸਰੂਪ ਵਾਲੀ ਸਿੱਖ ਰਾਜਨੀਤੀ ਸਾਹਮਣੇ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਨਵੇਂ ਪੰਜਾਬ ਦੇ ਪੁਨਰਗਠਨ ਦਾ ਨਿਸ਼ਾਨਾ, ਇਸ ਦਾ ਉਪਰੋਕਤ ਸਰੂਪ ਕਾਇਮ ਰੱਖਣ ਦਾ ਇਕ ਵੱਡਾ ਕਾਰਨ ਸੀ। ਸੰਨ 1966-67 ਵਿਚ ਜਦੋਂ ਸੰਘਰਸ਼ ਦੀ ਸਿੱਖ ਰਾਜਨੀਤੀ ਦਾ ਸੱਤਾ ਦੀ ਅਕਾਲੀ ਰਾਜਨੀਤੀ ਵਿਚ ਬਦਲਾਓ ਹੋਇਆ ਤੇ ਸਿਰਫ ਸੱਤਾ ਲਈ ਸੱਤਾ ਹੰਢਾਈ ਜਾਣ ਲੱਗੀ ਤਾਂ ਇਸ ਦਾ ਪੰਥਕ ਸਰੂਪ ਹੌਲੀ-ਹੌਲੀ ਕਮਜ਼ੋਰ ਪੈਂਦਾ ਗਿਆ।

ਸਿੱਖ ਪੰਥ ਦਾ ਨਵਾਂ ਰਾਜਸੀ ਨਿਸ਼ਾਨਾ ਸੰਨ 1973 ਵਿਚ ਭਾਵੇਂ ਅਨੰਦਪੁਰ ਸਾਹਿਬ ਦੇ ਮਤੇ ਦੇ ਰੂਪ ਵਿਚ ਸਾਹਮਣੇ ਆਇਆ, ਪਰ ਉਸ ਦੀ ਪ੍ਰਾਪਤੀ ਲਈ ਸਮੁੱਚੀ ਅਕਾਲੀ ਲੀਡਰਸ਼ਿਪ ਇੰਨਾ ਸੰਘਰਸ਼ ਲੜਨ ਦੇ ਬਾਵਜੂਦ ਕਦੇ ਵੀ ਈਮਾਨਦਾਰ ਨਹੀਂ ਰਹੀ। ਜੇਕਰ ਅਕਾਲੀ ਇਸ ਮਤੇ ਦੀ ਪ੍ਰਾਪਤੀ ਲਈ ਸੰਜੀਦਾ ਹੁੰਦੇ ਤਾਂ ਵਰਤਮਾਨ ਤੱਕ ਸਿੱਖ ਪੰਥ ਦੀ ਰਾਜਨੀਤੀ ਅਤੇ ਇਸ ਦੇ ਆਗੂ ਭਾਰਤ ਨੂੰ ਨਾ ਕੇਵਲ ਸੱਚੇ ਅਰਥਾਂ ਵਿਚ ਫ਼ੈਡਰਲ ਰੂਪ ਦੇਣ, ਸਗੋਂ ਇਸ ਨਵਾਂ ਕਨਫ਼ੈਡਰਲ ਰੂਪ ਦੇਣ ਵਿਚ ਸਮੁੱਚੇ ਭਾਰਤੀ ਰਾਜਾਂ ਅਤੇ ਸਭਿਆਚਾਰਾਂ ਦੀ ਅਗਵਾਈ ਕਰ ਸਕਦੇ ਸਨ। ਜਿਵੇਂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਨੇ ਅਕਾਲੀ ਰਾਜਨੀਤੀ ਵਿਚੋਂ ਪੰਥਕ ਸੋਚ ਨੂੰ ਕਮਜ਼ੋਰ ਕੀਤਾ, ਉਸ ਦਾ ਨਤੀਜਾ ਹੈ ਕਿ ਅਕਾਲ ਤਖ਼ਤ ਸਾਹਿਬ ਸਮੇਤ ਸਾਰੀਆਂ ਸੰਸਥਾਵਾਂ ਦੇ ਆਗੂ ਕਮਜ਼ੋਰ ਹੋ ਗਏ ਹਨ। ਬਾਦਲ ਦਲ ਨੂੰ ਇਸ ਤੋਂ ਬਾਹਰ ਨਿਕਲਣ ਦਾ ਸਿਵਾਏ ਰੈਲੀਆਂ ਤੋਂ ਹੋਰ ਕੋਈ ਰਾਹ ਨਜ਼ਰ ਨਹੀਂ ਆ ਰਿਹਾ। ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਕਾਲੀ ਦਲ ਦੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦੇ ਘਟਨਾਕ੍ਰਮ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣਾ ਚਾਹੀਦਾ ਹੈ। ਜੇਕਰ ਕੋਈ ਰਾਜਨੀਤੀ ਆਪਣੇ ਅੰਤਿਮ ਪੜਾਅਵਾਰ ਉਦੇਸ਼ ਹੀ ਨੀਯਤ ਨਹੀਂ ਕਰਦੀ ਅਤੇ ਸੱਤਾ ਲਈ ਹੀ, ਸੱਤਾ ਵਿਚ ਆਉਣ ਦੇ ਜੋੜ ਤੋੜ ਕਰਦੀ ਹੈ ਅਤੇ ਕੁਝ ਪਰਿਵਾਰਾਂ ਦੇ ਸਰੋਕਾਰਾਂ ਤੱਕ ਸੀਮਿਤ ਰਹਿ ਜਾਂਦੀ ਹੈ, ਤਾਂ ਉਸ ਦਾ ਹਾਲ ਬਾਦਲ ਕਲਚਰ ਵਾਲੀ ਰਾਜਨੀਤੀ ਵਰਗਾ ਹੀ ਹੁੰਦਾ ਹੈ ।

ਦੂਜੇ ਪਾਸੇ ਸਿੱਖੀ ਦੇ ਆਦਰਸ਼ਾਂ ਨੂੰ ਪ੍ਰਨਾਈਆਂ ਹੋਈਆਂ ਜੋ ਰਾਜਸੀ ਧਿਰਾਂ ਸੰਨ 1978 ਤੋਂ ਵਰਤਮਾਨ ਤੱਕ, ਜਿਨ੍ਹਾਂ ਵੀ ਰਾਜਨੀਤਿਕ ਉਦੇਸ਼ਾਂ ਲਈ ਸ਼ਾਂਤਮਈ ਜਾਂ ਹਥਿਆਰਬੰਦ ਸੰਘਰਸ਼ ਲੜਦੀਆਂ ਆ ਰਹੀਆਂ ਹਨ, ਕੀ ਉਹ ਸਿੱਖ ਰਾਜਨੀਤੀ ਦੀ ਉੱਪਰ ਕੀਤੀ ਗਈ ਵਿਆਖਿਆ ਅਨੁਸਾਰ ਆਪਣੀ ਨੀਤੀ ਤੇ ਰਣਨੀਤੀ ਆਦਿ ਖੇਤਰਾਂ ਵਿਚ ਸਪੱਸ਼ਟ ਰਹੀਆਂ ਹਨ? ਇਸ ਦਾ ਜਵਾਬ ਕੋਈ ਬਹੁਤਾ ਉਤਸ਼ਾਹਜਨਕ ਨਹੀਂ ਹੈ। ਜੇਕਰ ਅਜਿਹਾ ਹੋ ਗਿਆ ਹੁੰਦਾ ਤਾਂ ਉਹ ਸੰਨ 1985, 1989, 1992-93, 2002, 2007, 2014 ਤੇ ਸੰਨ 2017 ਵਿਚ ਜਰਜਰ ਹੁੰਦੀ ਆ ਰਹੀ ਅਕਾਲੀ ਰਾਜਨੀਤੀ ਦੇ ਸ਼ਕਤੀਸ਼ਾਲੀ ਬਦਲ ਵਜੋਂ ਪੰਜਾਬ ਉੱਤੇ ਸੱਤਾ ਪ੍ਰਾਪਤੀ ਦੀ ਇਕ ਵੱਡੀ ਦਾਅਵੇਦਾਰ ਧਿਰ ਵਜੋਂ ਆਪਣੀ ਸਥਿਰਤਾ ਪ੍ਰਾਪਤ ਕਰ ਸਕਦੇ ਸਨ। ਅਜਿਹਾ ਨਾ ਹੋ ਸਕਣ ਕਾਰਨ ਵੀ ਪੰਜਾਬ ਵਾਸੀਆਂ ਨੂੰ ਸਮੇਂ-ਸਮੇਂ ਅਕਾਲੀ ਦਲ, ਕਾਂਗਰਸ ਅਤੇ 'ਆਪ' ਦੇ ਪੱਲੇ ਹੀ ਫੜਨ ਲਈ ਮਜਬੂਰ ਹੋਣਾ ਪਿਆ ਸੀ। ਕਿਸੇ ਰਾਜਸੀ ਉਦੇਸ਼ ਲਈ ਸੰਘਰਸ਼ ਲੜਨਾ ਆਪਣੀ ਥਾਂ ਮਹੱਤਵਪੂਰਨ ਹੁੰਦਾ ਹੈ ਪਰ ਇਸ ਦਾ ਵਿਚਾਰਧਾਰਕ ਭਵਿੱਖਮੁਖੀ ਦ੍ਰਿਸ਼ਟੀਕੋਣ ਤੇ ਉਨ੍ਹਾਂ ਅਨੁਸਾਰ ਇਕ ਬਦਲਵਾਂ ਕੁਸ਼ਲ ਤੇ ਪਾਰਦਰਸ਼ੀ ਸ਼ਾਸਨ ਦੇਣ ਲਈ ਲੋਕਾਂ ਨੂੰ ਨਾਲ ਜੋੜਨਾ ਤੇ ਜੋੜੀ ਰੱਖਣਾ, ਉਸੇ ਅਨੁਸਾਰ ਮਹੱਤਵਪੂਰਨ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਸੰਘਰਸ਼ ਲੜਦੀਆਂ ਆ ਰਹੀਆਂ ਪੰਥਕ ਸੋਚ ਵਾਲੀਆਂ ਧਿਰਾਂ ਅਸਪੱਸ਼ਟ ਤੇ ਅਵੇਸਲੀਆਂ ਰਹੀਆਂ ਹਨ। ਵਰਨਾ ਕੀ ਕਾਰਨ ਹਨ ਕਿ ਉਹ ਅਕਾਲੀ ਰਾਜਨੀਤੀ ਵੱਲੋਂ ਤਿਆਗੇ ਗਏ ਅਨੰਦਪੁਰ ਸਾਹਿਬ ਮਤੇ ਦੀ ਪ੍ਰਾਪਤੀ ਲਈ ਵੀ ਜ਼ਰੂਰੀ ਬਣਦਾ ਦਬਾਓ ਨਹੀਂ ਬਣਾ ਸਕੇ। ਸਾਰੀ ਪੰਥਕ ਰਾਜਨੀਤੀ ਨੂੰ ਬਾਦਲ ਵਿਰੋਧੀ ਦਿਸ਼ਾ ਉੱਤੇ ਟਿਕਾਉਣਾ ਇਸ ਦਾ ਇਕ ਹੋਰ ਵੱਡਾ ਕਾਰਨ ਰਿਹਾ ਹੈ।

ਹੁਣ ਜਦੋਂ ਬਰਗਾੜੀ ਇਨਸਾਫ਼ ਮੋਰਚੇ ਨਾਲ ਜੁੜੇ ਸਰੋਕਾਰਾਂ ਤੇ ਹੋਰ ਹਾਲਾਤ ਕਾਰਨ ਭਵਿੱਖ ਦੀ ਅਕਾਲੀ ਰਾਜਨੀਤੀ ਦੇ ਬਾਦਲਾਂ ਦੇ ਪਹਿਲਾਂ ਵਰਗੇ ਪ੍ਰਭਾਵ ਤੋਂ ਮੁਕਤ ਹੋਣ ਦੇ ਹਾਲਾਤ ਬਣਦੇ ਜਾ ਰਹੇ ਹਨ, ਤਾਂ ਭਵਿੱਖ ਦੀ ਸਿੱਖ ਰਾਜਨੀਤੀ ਦੀਆਂ ਪੰਥਕ ਦਿਸ਼ਾਵਾਂ ਨਿਰਧਾਰਿਤ ਕਰਨ ਸਬੰਧੀ ਨਾ ਕੇਵਲ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ, ਸਗੋਂ ਸੁਹਿਰਦ ਪੰਥਕ ਹਲਕਿਆਂ ਦੀ ਸਾਂਝੀ ਜ਼ਿੰਮੇਵਾਰੀ ਬਣ ਗਈ ਹੈ।

ਸੋ ਇਥੇ ਪ੍ਰਸ਼ਨਾਂ ਦਾ ਪ੍ਰਸ਼ਨ ਹੈ ਕਿ ਬਰਗਾੜੀ ਇਨਸਾਫ਼ ਮੋਰਚੇ ਤੇ ਹੋਰ ਪੰਥਕ ਘਟਨਾਕ੍ਰਮਾਂ ਦੇ ਨਤੀਜਿਆਂ ਵਜੋਂ ਬਣੇ ਹਾਲਾਤ ਵਿਚ ਭਵਿੱਖ ਦੀ ਸਿੱਖ ਰਾਜਨੀਤੀ ਦੀਆਂ ਕਿਹੜੀਆਂ ਨਵੀਆਂ ਦਿਸ਼ਾਵਾਂ ਨਿਰਧਾਰਿਤ ਕੀਤੀਆਂ ਜਾਣ ਕਿ ਪੰਜਾਬ ਤੇ ਪੰਥ ਦੇ ਸਰੋਕਾਰਾਂ ਨੂੰ ਸੰਬੋਧਿਤ ਹੁੰਦੀ ਸਿੱਖ ਰਾਜਨੀਤੀ ਸੰਨ 2022 ਵਿਚ ਇਕ ਨਵਾਂ ਪੰਜਾਬ ਸਿਰਜਣ ਲਈ ਇਕ ਵਾਰ ਫਿਰ ਕੇਂਦਰ ਵਿਚ ਆ ਸਕੇ? ਜ਼ਾਹਿਰ ਹੈ ਕਿ ਨਾ ਕੇਵਲ ਪੰਥਕ ਸੰਘਰਸ਼ਸ਼ੀਲ ਧਿਰਾਂ, ਸਗੋਂ ਖੁਦ ਅਕਾਲੀ ਆਗੂਆਂ ਨੂੰ ਕਮਜ਼ੋਰ ਪੈ ਚੁੱਕੇ ਬਾਦਲ ਯੁੱਗ ਤੋਂ ਬਾਅਦ ਸੋਚਣਾ ਅਤੇ ਉਸੇ ਅਨੁਸਾਰ ਕੰਮ ਕਰਨਾ ਹੋਵੇਗਾ। ਇਨ੍ਹਾਂ ਹਾਲਾਤ ਵਿਚ ਅਕਾਲੀ ਅਤੇ ਪੰਥਕ ਧਿਰਾਂ ਵਿਚਕਾਰ ਪਹਿਲਾਂ ਵਾਲੀ ਟਕਰਾਉ ਵਾਲੀ ਨੀਤੀ ਨੂੰ ਤਿਆਗ ਕੇ ਅਕਾਲੀ ਰਾਜਨੀਤੀ ਨਾਲ ਜੁੜੇ ਸੁਹਿਰਦ ਕੋਰ ਪੰਥਕ ਸੋਚ ਵਾਲੇ ਆਗੂਆਂ ਨੂੰ ਪੰਥ ਦੇ ਵਡੇਰੇ ਪੰਥਕ ਹਿੱਤਾਂ ਲਈ ਆਪਸੀ ਮੇਲ-ਜੋਲ ਦੇ ਦਰਵਾਜ਼ੇ ਵੀ ਖੋਲ੍ਹਣੇ ਹੋਣਗੇ। ਬਾਦਲ ਯੁੱਗ ਤੋਂ ਪਾਰ ਦੀ ਅਕਾਲੀ ਰਾਜਨੀਤੀ ਰਾਹੀਂ ਸਿੱਖ ਰਾਜਨੀਤੀ ਦੀ ਸੰਸਥਾ ਨੂੰ ਬਚਾਉਣ ਦਾ ਮੁੱਦਾ ਵੀ ਮਹੱਤਵਪੂਰਨ ਹੈ।

ਕੁਝ ਅਜਿਹੀ ਸੋਚ ਉੱਤੇ ਚਲਦਿਆਂ ਸੁਖਦੇਵ ਸਿੰਘ ਢੀਂਡਸਾ ਦਾ ਅਕਾਲੀ ਦਲ ਦੇ ਅਹੁਦਿਆਂ ਤੋਂ ਅਸਤੀਫ਼ਾ, ਕੋਰ ਅਕਾਲੀ ਹਲਕਿਆਂ ਵਿਚ ਚੱਲ ਰਹੀ ਸੋਚ ਵੱਲ ਇਸ਼ਾਰਾ ਕਰਦਾ ਹੈ। ਕੀ ਸੁਖਦੇਵ ਸਿੰਘ ਢੀਂਡਸਾ ਬਰਗਾੜੀ ਮੋਰਚੇ ਨਾਲ ਜੁੜ ਕੇ ਇਸ ਮੋਰਚੇ ਅਤੇ ਪੰਥਕ ਰਾਜਨੀਤੀ ਨੂੰ ਨਵੀਂ ਦਿਸ਼ਾ, ਸੰਗਠਨ ਅਤੇ ਆਗੂ ਦੇਣ ਲਈ ਹੋਰ ਵੱਡਾ ਹੌਂਸਲਾ ਜੁਟਾ ਸਕਣਗੇ? ਕੀ ਬਰਗਾੜੀ ਮੋਰਚੇ ਨਾਲ ਜੁੜੀਆਂ ਧਿਰਾਂ

ਬਾਕੀ ਸਫ਼ਾ 29 'ਤੇ

# ਬਾਬਰੀ ਮਸਜਿਦ ਬਾਰੇ ਫੈਸਲਾ ਆਪਸੀ ਸਹਿਮਤੀ ਨਾਲ ਹੋਵੇ

- **ਸੁਪਰੀਮ ਕੋਰਟ ਹਾਲੇ ਤੱਕ ਕਿਸੇ ਸਿੱਟੇ ਤੱਕ ਨਾ ਪਹੁੰਚ ਸਕੀ**
- **29 ਅਕਤੂਬਰ ਤੋਂ ਹੋਵੇਗੀ ਅਯੁੱਧਿਆ ਮਾਮਲੇ ਦੀ ਸੁਣਵਾਈ**



**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਬੀਤੇ ਦਿਨੀਂ ਸੁਪਰੀਮ ਕੋਰਟ ਨੇ ਸੰਨ 1994 ਵਿੱਚ ਦਿੱਤੇ ਇਕ ਫ਼ੈਸਲੇ ਦੀ ਉਸ "ਵਿਵਾਦਪੂਰਨ ਟਿੱਪਣੀ" ਕਿ "ਇਸਲਾਮ ਦੀ ਪਾਲਣਾ ਲਈ ਮਸਜਿਦ ਜ਼ਰੂਰੀ ਨਹੀਂ" ਦਾ ਅੰਤਮ ਨਿਬੇੜਾ ਕਰਨ ਲਈ ਇਹ ਮਾਮਲਾ ਪੰਜ ਮੈਂਬਰੀ ਬੈਂਚ ਨੂੰ ਸੌਂਪਣ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਅਯੁੱਧਿਆ ਦੇ ਮੁੱਖ ਮਲਕੀਅਤੀ ਦੇ ਕੇਸ ਦੀ 29 ਅਕਤੂਬਰ ਤੋਂ ਸੁਣਵਾਈ ਦਾ ਰਾਹ ਪੱਧਰਾ ਹੋ ਗਿਆ ਹੈ। ਸਰਬਉੱਚ ਅਦਾਲਤ ਨੇ 2:1 ਨਾਲ ਫ਼ੈਸਲਾ ਸੁਣਾਉਂਦਿਆਂ ਆਖਿਆ ਕਿ ਪੁਰਾਣੀ ਟਿੱਪਣੀ ਅਯੁੱਧਿਆ ਕੇਸ ਦੀ ਸੁਣਵਾਈ ਦੌਰਾਨ ਭੂਮੀ ਪ੍ਰਾਪਤੀ ਦੇ ਸੰਦਰਭ ਵਿੱਚ ਕੀਤੀ ਗਈ ਸੀ ਅਤੇ ਇਸ ਦਾ ਰਾਮ ਜਨਮਭੂਮੀ–ਬਾਬਰੀ ਮਸਜਿਦ ਕੇਸ ਦੀ ਮਲਕੀਅਤੀ ਦੇ ਵਿਵਾਦ ਦੀ ਸੁਣਵਾਈ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ।

ਜਸਟਿਸ ਐਸ ਏ ਨਜ਼ੀਰ ਨੇ ਇਸ ਫੈਸਲੇ ਨਾਲ ਆਪਣੀ ਅਸਹਿਮਤੀ ਦਰਜ ਕਰਾਉਂਦਿਆਂ ਕਿਹਾ ਸੀ ਕਿ ਭਾਈਚਾਰੇ ਲਈ ਉਸ ਦੀਆਂ ਸਾਰੀਆਂ ਮਸਜਿਦਾਂ, ਸਾਰੇ ਗਿਰਜਾ ਘਰ ਤੇ ਮੰਦਰ ਅਹਿਮ ਹੁੰਦੇ ਹਨ। ਕੀ ਮਸਜਿਦ ਇਸਲਾਮ ਦਾ ਜ਼ਰੂਰੀ ਅੰਗ ਹੈ ਜਾਂ ਨਹੀਂ, ਇਸ ਸਵਾਲ ਦਾ ਫ਼ੈਸਲਾ ਮਜ਼ਹਬ ਦੇ ਸਾਰੇ ਵਿਸ਼ਵਾਸਾਂ, ਅਸੂਲਾਂ ਤੇ ਇਤਿਹਾਸ ਦੇ ਸਰਵਪੱਖੀ ਅਧਿਐਨ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਸ ਲਈ ਵਡੇਰਾ ਬੈਂਚ ਕਾਇਮ ਕਰਨ ਲਈ ਰਾਇ ਰੱਖੀ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਵੱਲੋਂ ਜਸਟਿਸ ਅਸ਼ੋਕ ਭੂਸ਼ਨ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ "ਅਸੀਂ ਮੁੜ ਸਪੱਸ਼ਟ ਕਰਦੇ ਹਾਂ ਕਿ ਇਸਮਾਈਲ ਫ਼ਾਰੂਕੀ ਕੇਸ ਵਿੱਚ ਕੀਤੀਆਂ ਗਈਆਂ ਵਿਵਾਦਤ ਟਿੱਪਣੀਆਂ ਭੂਮੀ ਦੀ ਪ੍ਰਾਪਤੀ ਤੱਕ ਹੀ ਸੀਮਤ ਸਨ। ਉਹ ਮਲਕੀਅਤ ਜਾਂ ਇਹ ਅਪੀਲਾਂ ਤੈਅ ਕਰਨ ਲਈ ਪ੍ਰਸੰਗਕ ਨਹੀਂ ਹਨ।

ਹੁਣ ਜ਼ਮੀਨੀ ਵਿਵਾਦ ਬਾਰੇ ਦੀਵਾਨੀ ਮੁਕੱਦਮੇ ਦੀ ਸੁਣਵਾਈ ਨਵੇਂ ਸਿਰਿਓਂ ਕਾਇਮ ਕੀਤਾ ਤਿੰਨ ਮੈਂਬਰੀ ਬੈਂਚ 29 ਅਕਤੂਬਰ ਤੋਂ ਸੁਣਵਾਈ ਕਰੇਗਾ, ਕਿਉਂਕਿ ਜਸਟਿਸ ਮਿਸ਼ਰਾ 2 ਅਕਤੂਬਰ ਨੂੰ ਸੀਜੇਆਈ ਵਜੋਂ ਸੇਵਾਮੁਕਤ ਹੋ ਰਹੇ ਹਨ।

### ਆਰਐਸਐਸ. ਵਲੋਂ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ :

ਅਯੁੱਧਿਆ ਮਾਮਲੇ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਦਿਆ ਆਰ. ਐਸ. ਐਸ. ਨੇ ਕਿਹਾ ਕਿ ਸੁਪਰੀਮ ਕੋਰਟ ਨੇ ਰਾਮ ਜਨਮ ਭੂਮੀ ਦੇ ਮੁਕੱਦਮੇ ਵਿਚ ਤਿੰਨ ਮੈਂਬਰੀ ਬੈਂਚ ਵਲੋਂ 29 ਅਕਤੂਬਰ ਤੋਂ ਸੁਣਵਾਈ ਕਰਨ ਦਾ ਫ਼ੈਸਲਾ ਕੀਤਾ ਹੈ। ਅਸੀਂ ਇਸ ਦਾ ਸਵਾਗਤ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਵਿਸ਼ਵਾਸ ਹੈ ਕਿ ਇਸ ਸਬੰਧੀ ਮੁਕੱਦਮਿਆਂ ਵਿਚ ਜਲਦ ਫ਼ੈਸਲਾ ਹੋਵੇਗਾ।

### ਮੁਸਲਿਮ ਪਰਸਨਲ ਲਾਅ ਬੋਰਡ ਵੱਲੋਂ ਫ਼ੈਸਲੇ ਦਾ ਸਵਾਗਤ :

ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਸੀਨੀਅਰ ਮੈਂਬਰ ਜ਼ਫ਼ਰਯਾਬ ਜਿਲਾਨੀ ਨੇ ਕਿਹਾ "ਅਸੀਂ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਾਂ ਤੇ ਅਯੁੱਧਿਆ ਕੇਸ ਵਿੱਚ ਕੁਝ ਪੇਸ਼ਕਦਮੀ ਹੁੰਦੀ ਦੇਖਦੇ ਹਾਂ।" ਬੋਰਡ ਦੇ ਇਕ ਹੋਰ ਮੈਂਬਰ ਖ਼ਾਲਿਦ ਰਸ਼ੀਦ ਫਰੰਗੀ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਅਯੁੱਧਿਆ ਮਾਮਲਾ ਅਕੀਦੇ ਦੇ ਅਧਾਰ 'ਤੇ ਨਹੀਂ ਸਗੋਂ ਮਲਕੀਅਤ ਦੇ ਦਾਅਵੇ ਦੇ ਆਧਾਰ 'ਤੇ ਸੁਣਿਆ ਜਾਵੇਗਾ ਤੇ ਅਦਾਲਤ ਦੀ 1994 ਦੀ ਟਿੱਪਣੀ ਕੇਸ 'ਤੇ ਪ੍ਰਭਾਵ ਨਹੀਂ ਪਾਵੇਗੀ।

## ਕੀ ਹੈ ਮਾਮਲਾ

ਦੱਸਣਯੋਗ ਹੈ ਕਿ ਸੰਨ 1528 ਦੌਰਾਨ ਬਾਬਰ ਨੇ ਇਥੇ ਇਕ ਮਸਜਿਦ ਬਣਾਈ ਸੀ, ਜਿਸ ਨੂੰ ਬਾਬਰੀ ਮਸਜਿਦ ਕਹਿੰਦੇ ਹਨ। ਹਿੰਦੂ ਮਾਨਤਾ ਦੇ ਅਨੁਸਾਰ ਇਥੇ ਭਗਵਾਨ ਰਾਮ ਦਾ ਜਨਮ ਹੋਇਆ ਸੀ। ਸੰਨ1853 ਦੌਰਾਨ ਹਿੰਦੂ ਭਾਈਚਾਰੇ ਨੇ ਦੋਸ਼ ਲਗਾਇਆ ਕਿ ਭਗਵਾਨ ਰਾਮ ਦੇ ਮੰਦਰ ਨੂੰ ਤੋੜ ਕੇ ਮਸਜਿਦ ਉਸਾਰੀ ਗਈ। ਇਸ ਮੁੱਦੇ 'ਤੇ ਹਿੰਦੂ ਮੁਸਲਮਾਨਾਂ ਵਿਚਾਲੇ ਪਹਿਲੀ ਵਾਰ ਹਿੰਸਾ ਹੋਈ। ਸੰਨ 1859 ਦੌਰਾਨ ਬ੍ਰਿਟਿਸ਼ ਸਰਕਾਰ ਨੇ ਤਾਰਾਂ ਦੀ ਇਕ ਵਾੜ ਖੜੀ ਕਰਕੇ ਵਿਵਾਦਿਤ ਭੂਮੀ ਦੇ ਅੰਦਰੂਨੀ ਤੇ ਬਾਹਰੀ ਹਿੱਸੇ ਵਿਚ ਮੁਸਲਮਾਨਾਂ ਤੇ ਹਿੰਦੂਆਂ ਨੂੰ ਅਲੱਗ ਅਲੱਗ ਪ੍ਰਾਰਥਨਾਵਾਂ ਕਰਨ ਦੀ ਇਜਾਜ਼ਤ ਦੇ ਦਿੱਤੀ।

ਸੰਨ 1885 ਦੌਰਾਨ ਮਾਮਲਾ ਪਹਿਲੀ ਵਾਰ ਅਦਾਲਤ ਵਿਚ ਪਹੁੰਚਿਆ। ਮਹੰਤ ਰਘੁਵਰਦਾਸ ਨੇ ਫੈਜ਼ਾਬਾਦ ਅਦਾਲਤ ਵਿਚ ਬਾਬਰੀ ਮਸਜਿਦ ਤੋਂ ਲੱਗੇ ਇਕ ਰਾਮ ਮੰਦਰ ਦੇ ਨਿਰਮਾਣ ਦੇ ਲਈ ਅਪੀਲ ਦਾਇਰ ਕੀਤੀ।

23 ਦਸੰਬਰ 1949 ਦੌਰਾਨ ਤਕਰੀਬਨ 50 ਹਿੰਦੂਆਂ ਨੇ ਮਸਜਿਦ ਦੇ ਕੇਂਦਰੀ ਸਥਾਨ 'ਤੇ ਕਥਿਤ ਤੌਰ 'ਤੇ ਭਗਵਾਨ ਰਾਮ ਦੀ ਮੂਰਤੀ ਰੱਖ ਦਿੱਤੀ। ਇਸ ਦੇ ਬਾਅਦ ਇਸ ਸਥਾਨ 'ਤੇ ਹਿੰਦੂ ਨਿਯਮਤ ਤੌਰ 'ਤੇ ਪੂਜਾ ਕਰਨ ਲੱਗੇ। ਮੁਸਲਮਾਨਾਂ ਨੇ ਨਮਾਜ਼ ਪੜ੍ਹਨਾ ਬੰਦ ਕਰ ਦਿੱਤਾ।

16 ਜਨਵਰੀ 1950 ਗੋਪਾਲ ਸਿੰਘ ਵਿਸ਼ਾਰਦ ਨੇ ਫੈਜ਼ਾਬਾਦ ਅਦਾਲਤ ਵਿਚ ਇਕ ਅਪੀਲ ਦਾਇਰ ਕਰਕੇ ਰਾਮ ਲੱਲਾ ਦੀ ਪੂਜਾ ਦੀ ਵਿਸ਼ੇਸ਼ ਇਜਾਜ਼ਤ ਮੰਗੀ।

5 ਦਸੰਬਰ 1950 ਦੌਰਾਨ ਮਹੰਤ ਪਰਮਹੰਸ ਰਾਮ ਚੰਦਰ ਦਾਸ ਨੇ ਹਿੰਦੂ ਪੂਜਾ ਜਾਰੀ ਰੱਖਣ ਤੇ ਬਾਬਰੀ ਮਸਜਿਦ ਵਿਚ ਰਾਮ ਮੂਰਤੀ ਨੂੰ ਰੱਖਣ ਦੇ ਲਈ ਮੁਕੱਦਮਾ ਦਾਇਰ ਕੀਤਾ। ਮਸਜਿਦ ਨੂੰ ਢਾਂਚਾ ਨਾਮ ਦਿੱਤਾ ਗਿਆ।

17 ਦਸੰਬਰ 1959 ਦੌਰਾਨ ਨਿਰਮੋਹੀ ਅਖਾੜੇ ਨੇ ਵਿਵਾਦਿਤ ਸਥਾਨ ਟਰਾਂਸਫਰ ਕਰਨ ਦੇ ਲਈ ਮੁਕੱਦਮਾ ਦਾਇਰ ਕੀਤਾ।

18 ਦਸੰਬਰ 1961 ਉਤਰ ਪ੍ਰਦੇਸ਼ ਸੁੰਨੀ ਵਕਫ਼ ਬੋਰਡ ਨੇ ਬਾਬਰੀ ਮਸਜਿਦ ਦੇ ਮਾਲਕਾਨਾ ਹੱਕ ਦੇ ਲਈ ਮੁਕੱਦਮਾ ਦਾਇਰ ਕੀਤਾ।

1984 ਵਿਸ਼ਵ ਹਿੰਦੂ ਪ੍ਰੀਸ਼ਦ ਨੇ ਬਾਬਰੀ ਮਸਜਿਦ ਦੇ ਤਾਲੇ ਖੋਲ੍ਹਣ ਤੇ ਰਾਮ ਜਨਮ ਭੂਮੀ ਨੂੰ ਸੁਤੰਤਰ ਕਰਵਾਉਣ 'ਤੇ ਇਕ ਵਿਸ਼ਾਲ ਮੰਦਰ ਦੇ ਨਿਰਮਾਣ ਲਈ ਮੁਹਿੰਮ ਸ਼ੁਰੂ ਕੀਤੀ ਤੇ ਇਸ ਬਾਰੇ ਇਕ ਕਮੇਟੀ ਬਣਾਈ।

1 ਫਰਵਰੀ 1986 ਫੈਜ਼ਾਬਾਦ ਜ਼ਿਲ੍ਹਾ ਜੱਜ ਨੇ ਵਿਵਾਦਿਤ ਸਥਾਨ 'ਤੇ ਹਿੰਦੂਆਂ ਨੂੰ ਪੂਜਾ ਦੀ ਇਜਾਜ਼ਤ ਦਿੱਤੀ, ਤਾਲੇ ਦੁਬਾਰਾ ਖੋਲ੍ਹੇ ਗਏ। ਨਰਾਜ਼ ਮੁਸਮਲਾਨਾਂ ਨੇ ਵਿਰੋਧ ਵਿਚ ਬਾਬਰੀ ਮਸਜਿਦ ਐਕਸ਼ਨ ਕਮੇਟੀ ਬਣਾਈ।

ਜੂਨ 1989 ਭਾਜਪਾ ਨੇ ਹਿੰਦੂ ਪ੍ਰੀਸ਼ਦ ਨੂੰ ਸਮਰਥਨ ਦਿੱਤਾ। ਮੰਦਰ ਅੰਦੋਲਨ ਨੂੰ ਨਵਾਂ ਮੋੜ ਦਿੱਤਾ।

1 ਜੁਲਾਈ 1989 ਭਗਵਾਨ ਰਾਮ ਲੱਲਾ ਬਿਰਾਜਮਾਨ ਨਾਮ ਨਾਲ ਪੰਜਵਾਂ ਮੁਕੱਦਮਾ ਦਾਖਲ ਕੀਤਾ ਗਿਆ।

9 ਨਵੰਬਰ 1989 ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਨੇ ਬਾਬਰੀ ਮਸਜਿਦ ਦੇ ਨੇੜੇ ਨੀਂਹ ਰੱਖਣ ਦੀ ਇਜਾਜ਼ਤ ਦੇ ਦਿੱਤੀ।

25 ਸਤੰਬਰ 1990 ਦੌਰਾਨ ਭਾਜਪਾ ਮੁਖੀ ਲਾਲ ਕ੍ਰਿਸ਼ਨ ਅਡਵਾਨੀ ਨੇ ਗੁਜਰਾਤ ਦੇ ਸੋਮਨਾਥ ਤੋਂ ਉਤਰ ਪ੍ਰਦੇਸ਼ ਦੇ ਅਯੁੱਧਿਆ ਤੱਕ ਰੱਥ ਯਾਤਰਾ ਕੱਢੀ, ਜਿਸ ਦੇ ਬਾਅਦ ਹਿੰਦੂ ਮੁਸਲਮ ਦੰਗੇ ਹੋਏ। ਮਨਵੰਬਰ 1990 ਅਡਵਾਨੀ ਨੂੰ ਬਿਹਾਰ ਦੇ ਸਮਸਤੀਪੁਰ ਵਿਚ ਗ੍ਰਿਫ਼ਤਾਰ ਕੀਤਾ ਗਿਆ। ਭਾਜਪਾ ਨੇ ਤੱਤਕਾਲੀਨ ਪ੍ਰਧਾਨ ਮੰਤਰੀ ਵੀਪੀ ਸਿੰਘ ਦੀ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ। ਅਕਤੂਬਰ 1991 ਦੌਰਾਨ ਉਤਰ ਪ੍ਰਦੇਸ਼ ਵਿਚ ਕਲਿਆਣ ਸਿੰਘ ਸਰਕਾਰ ਨੇ ਬਾਬਰੀ ਮਸਜਿਦ ਦੇ ਨੇੜੇ ਤੇੜੇ 2.77 ਏਕੜ ਭੂਮੀ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ।

### ਅਯੁੱਧਿਆ ਭੂਮੀ ਵਿਵਾਦ ਨਾਲ ਜੁੜੇ ਤੱਥ :

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਮਾਮਲਾ ਅਦਾਲਤਾਂ ਵਿਚ ਸੁਲਝਣ ਵਾਲਾ ਨਹੀਂ ਹੈ। ਦੋਵੇਂ ਪਾਸਿਆਂ ਤੋਂ ਆਪਣੇ ਆਪਣੇ ਦਾਅਵੇ ਕੀਤੇ ਜਾ ਰਹੇ ਹਨ, ਜਿਸ ਨਾਲ ਫਿਰਕੂ ਭਾਵਨਾ ਭੜਕ ਰਹੀ ਹੈ ਤੇ ਫਿਰਕੂ ਭਾਵਨਾਵਾਂ ਸਿਆਸਤਦਾਨਾਂ ਵਲੋਂ ਭੜਕਾਈਆਂ ਜਾ ਰਹੀਆਂ ਹਨ। ਫਿਰਕੂ ਭਾਵਨਾਵਾਂ ਵਿਚ ਹਮੇਸ਼ਾ ਆਮ ਵਿਅਕਤੀਆਂ ਦਾ ਘਾਣ ਹੁੰਦਾ ਹੈ। ਮੁੱਦਾ ਜ਼ਰੂਰ ਧਰਮ ਦਾ ਹੁੰਦਾ ਹੈ, ਪਰ ਘਾਣ ਇਨਸਾਨੀਅਤ ਦਾ ਹੁੰਦਾ ਹੈ। ਧਰਮ ਅਸਲ ਵਿਚ ਗਿਆਨ ਹੁੰਦਾ ਹੈ, ਪਰ ਇਥੇ ਧਰਮ ਲੋਕਾਂ ਦੇ ਘਾਣ ਲਈ ਵਰਤਿਆ ਜਾਂਦਾ ਹੈ। ਬਾਬਰੀ ਮਸਜਿਦ ਦਾ ਹੱਲ ਇਹੀ ਹੈ ਕਿ ਦੋਵੇਂ ਭਾਈਚਾਰਿਆਂ ਦੇ ਲੀਡਰ ਇਕ ਮੰਚ 'ਤੇ ਬੈਠ ਕੇ ਸਾਂਝੀਵਾਲਤਾ ਤੇ ਸ਼ਾਂਤੀ ਨਾਲ ਇਹ ਮੱਸਲਾ ਨਿਪਟਾਉਣ ਤਾਂ ਜੋ ਇਹ ਮੱਸਲਾ ਸਹਿਮਤੀ ਨਾਲ ਹੱਲ ਹੋਵੇ। ਅਜਿਹੇ ਹੱਲ ਬਾਰੇ ਸੁਪਰੀਮ ਕੋਰਟ ਵੀ ਸਹਿਮਤੀ ਪ੍ਰਗਟਾ ਚੁੱਕੀ ਹੈ। ਅਸਲ ਹੱਲ ਆਪਸੀ ਸਹਿਮਤੀ ਨਾਲ ਹੀ ਹੋ ਸਕਦਾ ਹੈ। ਨਹੀਂ ਤਾਂ ਨਫ਼ਰਤ ਦੀ ਅੱਗ ਧੁੱਖਦੀ ਹੀ ਰਹੇਗੀ।

6 ਦਸੰਬਰ 1992 ਹਜ਼ਾਰਾਂ ਦੀਆਂ ਗਿਣਤੀ ਵਿਚ ਕਾਰ ਸੇਵਕਾਂ ਨੇ ਅਯੁੱਧਿਆ ਪਹੁੰਚ ਕੇ ਬਾਬਰੀ ਮਸਜਿਦ ਢਾਹ ਦਿੱਤੀ। ਇਸ ਦੇ ਬਾਅਦ ਦੰਗੇ ਹੋਏ। ਜਲਦਬਾਜ਼ੀ ਵਿਚ ਇਕ ਸਥਾਈ ਮੰਦਰ ਬਣਾ ਦਿੱਤਾ ਗਿਆ।

16 ਦਸੰਬਰ 1992 ਮਸਜਿਦ ਦੀ ਤੋੜ ਭੰਨ ਦੀ ਜ਼ਿੰਮੇਵਾਰ ਸਥਿਤੀਆਂ ਦੀ ਜਾਂਚ ਦੇ ਲਈ ਲਿਬਰਹਾਨ ਕਮਿਸ਼ਨ ਬਣਾਇਆ ਗਿਆ।

ਬਾਬਰੀ ਮਸਜਿਦ ਟੁੱਟਣ ਤੋਂ ਬਾਅਦ ਕੇਂਦਰ ਸਰਕਾਰ ਨੇ 7 ਜਨਵਰੀ 1993 ਨੂੰ ਆਰਡੀਨੈਂਸ ਲਿਆ ਕੇ ਮੰਦਰ ਨਾਲ ਜੁੜੀ ਹੋਈ 67 ਏਕੜ ਵਿਵਾਦਿਤ ਜ਼ਮੀਨ ਨੂੰ ਕਬਜ਼ੇ ਵਿਚ ਲੈ ਲਿਆ, ਜਿਸ ਨੂੰ ਰਾਮ ਮੰਦਰ ਦੱਸਿਆ ਜਾ ਰਿਹਾ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਇਸਮਾਈਲ ਫਰੂਕੀ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ। ਆਧਾਰ ਇਹ ਸੀ ਕਿ ਇਸ ਜਗ੍ਹਾ 'ਤੇ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ। ਸੰਵਿਧਾਨ ਦੇ ਆਰਟੀਕਲ 25–26 ਦੇ ਮੁਤਾਬਕ ਲੋਕਾਂ ਨੂੰ ਧਾਰਮਿਕ ਅਜ਼ਾਦੀ ਦਾ ਅਧਿਕਾਰ ਹੈ। ਇਸ ਸਥਿਤੀ ਵਿਚ ਸਰਕਾਰ ਇਸ ਜ਼ਮੀਨ 'ਤੇ ਕਬਜ਼ਾ ਨਹੀਂ ਕਰ ਸਕਦੀ। ਸੁਪਰੀਮ ਕੋਰਟ ਦੇ ਪੰਜਾ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਫੈਸਲਾ ਸੁਣਾਉਂਦੇ ਹੋਏ ਸੰਨ 1994 ਵਿਚ ਕਿਹਾ ਸੀ ਕਿ ਮਸਜਿਦ ਵਿਚ ਨਮਾਜ਼ ਪੜ੍ਹਨਾ ਇਸਲਾਮ ਦਾ ਜ਼ਰੂਰੀ ਹਿੱਸਾ ਨਹੀਂ ਹੈ। ਨਮਾਜ਼ ਕਿਤੇ ਵੀ ਪੜ੍ਹੀ ਜਾ ਸਕਦੀ ਹੈ, ਖੁੱਲ੍ਹੀ ਜਗ੍ਹਾ 'ਤੇ ਵੀ। ਪਰ ਸਰਕਾਰ ਅਜਿਹੇ ਧਾਰਮਿਕ ਸਥਾਨਾਂ 'ਤੇ ਕਬਜ਼ਾ ਨਹੀਂ ਕਰ ਸਕਦੀ, ਜਿਨ੍ਹਾਂ ਦਾ ਕੋਈ ਇਤਿਹਾਸਕ ਮਹੱਤਵ ਹੋਵੇ। ਅਯੁੱਧਿਆ ਦੀ ਮਸਜਿਦ ਦੇ ਨਾਲ ਅਜਿਹਾ ਕੋਈ ਇਤਿਹਾਸ ਨਹੀਂ ਹੈ, ਇਸ ਦਾ ਮੱਕਾ ਮਦੀਨਾ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਰਗਾ ਕੋਈ ਧਾਰਮਿਕ ਮਹੱਤਵ ਨਹੀਂ ਹੈ।

24 ਸਾਲ ਪੁਰਾਣੇ ਇਸਮਾਇਲ ਫ਼ਾਰੂਕੀ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਮਸਜਿਦ ਵਿਚ ਨਮਾਜ਼ ਪੜ੍ਹਨਾ ਇਸਲਾਮ ਦਾ ਅਟੁੱਟ ਹਿੱਸਾ ਨਹੀਂ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਪਟੀਸ਼ਨ ਦਾਖ਼ਲ ਕੀਤੀ ਗਈ ਸੀ, ਜਿਸ 'ਤੇ ਮੁੱਖ ਜੱਜ ਦੀਪਕ ਮਿਸ਼ਰਾ ਦੇ ਬੈਂਚ ਨੇ ਬੀਤੇ 20 ਜੁਲਾਈ ਨੂੰ ਫ਼ੈਸਲਾ ਰਾਖਵਾਂ ਰੱਖ ਲਿਆ ਸੀ।

ਜਨਵਰੀ 2002 ਦੌਰਾਨ ਪ੍ਰਧਾਨ ਮੰਤਰੀ ਵਾਜਪਾਈ ਨੇ ਆਪਣੇ ਦਫ਼ਤਰ ਵਿਚ ਇਕ ਅਯੁੱਧਿਆ ਵਿਭਾਗ ਸ਼ੁਰੂ ਕੀਤਾ, ਜਿਸ ਦਾ ਕੰਮ ਵਿਵਾਦ ਨੂੰ ਸੁਲਝਾਉਣ ਦੇ ਲਈ ਹਿੰਦੂਆਂ ਤੇ ਮੁਸਲਮਾਨਾਂ ਨਾਲ ਗੱਲਬਾਤ ਕਰਨਾ ਸੀ।

ਅਪ੍ਰੈਲ 2002 ਦੌਰਾਨ ਅਯੁੱਧਿਆ ਦੇ ਵਿਵਾਦਿਤ ਸਥਾਨ 'ਤੇ ਮਾਲਕਾਨਾ ਹੱਕ ਨੂੰ ਲੈ ਕੇ ਹਾਈਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਨੇ ਸੁਣਵਾਈ ਸ਼ੁਰੂ ਕੀਤੀ। ਮਾਰਚ–ਅਗਸਤ 2003 ਦੌਰਾਨ ਇਲਾਹਾਬਾਦ ਹਾਈਕੋਰਟ ਦੇ ਹੁਕਮਾਂ 'ਤੇ ਭਾਰਤੀ ਪੁਰਾਤਤਵ ਵਿਭਾਗ ਨੇ ਅਯੁੱਧਿਆ ਵਿਚ ਖੁਦਾਈ ਕੀਤੀ। ਇਸ ਦਾ ਦਾਅਵਾ ਸੀ ਕਿ ਮਸਜਿਦ ਦੇ ਹੇਠਾਂ ਮੰਦਰ ਦੇ ਅਵਸ਼ੇਸ਼ ਹੋਣ ਦੇ ਸਬੂਤ ਮਿਲੇ ਹਨ। ਮੁਸਲਮਾਨਾਂ ਵਿਚ ਇਸ ਨਾਲ ਸਹਿਮਤ ਨਹੀਂ ਹਨ।

ਸਤੰਬਰ 2003 ਦੌਰਾਨ ਇਕ ਅਦਾਲਤ ਨੇ ਫੈਸਲਾ ਦਿੱਤਾ ਕਿ ਮਸਜਿਦ ਤਬਾਹ ਕਰਨ ਨੂੰ ਉਕਸਾਉਣ ਵਾਲੇ ਸਤ ਹਿੰਦੂ ਨੇਤਾਵਾਂ ਨੂੰ ਸੁਣਵਾਈ ਦੇ ਲਈ ਬੁਲਾਇਆ ਜਾਵੇ।

ਜੁਲਾਈ 2009 ਲਿਬਰਹਾਨ ਕਮਿਸ਼ਨ ਦੇ ਗਠਨ ਦੇ 17 ਸਾਲ ਬਾਅਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਆਪਣੀ ਰਿਪੋਰਟ ਸੌਂਪੀ।

30 ਸਤੰਬਰ 2010 ਨੂੰ ਰਾਮ ਜਨਮ ਭੂਮੀ ਵਿਵਾਦ 'ਤੇ ਇਲਾਹਾਬਾਦ ਹਾਈਕੋਰਟ ਦਾ ਫੈਸਲਾ ਆਇਆ ਕਿ 'ਅਯੁੱਧਿਆ ਸਭ ਦੀ' ਜਸਟਿਸ ਸੁਧੀਰ ਐਸ ਯੂ ਖਾਨ ਅਤੇ ਜਸਟਿਸ ਡੀਵੀ ਸ਼ਰਮਾ ਦੀ ਬੈਂਚ ਨੇ ਇਸ ਫੈਸਲੇ ਵਿਚ ਵਿਵਾਦਿਤ ਜ਼ਮੀਨ ਨੂੰ ਰਾਮ ਲੱਲਾ ਨਿਰਮੋਈ ਅਖਾੜੇ ਤੇ ਸੁੰਨੀ ਵਕਫ਼ ਬੋਰਡ ਦੇ ਵਿਚਾਲੇ ਬਰਾਬਰ ਹਿੱਸੇ ਵਿਚ ਵੰਡ ਦਿੱਤਾ। ਇਸ ਦਾ ਆਧਾਰ 2003 ਵਿਚ ਹੋਈ ਵਿਵਾਦਿਤ ਜ਼ਮੀਨ ਦੀ ਖੁਦਾਈ ਨੂੰ ਮੰਨਿਆ ਗਿਆ। ਸਬੂਤਾਂ ਨਾਲ ਮੰਨਿਆ ਗਿਆ ਕਿ ਇਥੇ ਪਹਿਲਾਂ ਇਕ ਮੰਦਰ ਹੋਇਆ ਕਰਦਾ ਸੀ, ਜਿਸ ਦੇ ਆਧਾਰ 'ਤੇ ਇਹ ਫੈਸਲਾ ਸੀ।

28 ਸਤੰਬਰ 2010 ਦੌਰਾਨ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈਕੋਰਟ ਨੂੰ ਵਿਵਾਦਿਤ ਮਾਮਲੇ ਵਿਚ ਫੈਸਲਾ ਦੇਣ ਤੋਂ ਰੋਕਣ ਵਾਲੀ ਰਿੱਟ ਨੂੰ ਖਾਰਜ ਕਰ ਦਿੱਤਾ।

30 ਸਤੰਬਰ ਇਲਾਹਾਬਾਦ ਹਾਈਕੋਰਟ ਦੀ ਲਖਨਊ ਬੈਂਚ ਨੇ ਇਤਿਹਾਸਕ ਫੈਸਲਾ ਸੁਣਾਇਆ। ਇਲਾਹਾਬਾਦ ਹਾਈਕੋਰਟ ਨੇ ਵਿਵਾਦਿਤ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਿਸ ਵਿਚ ਇਕ ਹਿੱਸਾ ਰਾਮ ਮੰਦਰ, ਦੂਸਰਾ ਸੁੰਨੀ ਵਕਫ ਬੋਰਡ ਤੇ ਨਿਰਮੋਹੀ ਅਖਾੜੇ ਵਿਚ ਜ਼ਮੀਨ ਵੰਡੀ।

ਦਸੰਬਰ 2010 ਵਿਚ ਹਿੰਦੂ ਮਹਾਂ ਸਭਾ ਅਤੇ ਸੁੰਨੀ ਸੈਂਟਰਲ ਵਕਫ਼ ਬੋਰਡ ਨੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ।

9 ਮਈ 2011 ਦੌਰਾਨ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈਕੋਰਟ ਦੇ ਫੈਸਲੇ 'ਤੇ ਰੋਕ ਲਗਾ ਦਿੱਤੀ। ਸੁਪਰੀਮ ਕੋਰਟ ਨੇ ਪੁਰਾਣੀ ਸਥਿਤੀ ਨੂੰ ਬਰਕਰਾਰ ਰੱਖਦੇ ਹੋਏ ਹੁਕਮ ਦਿੱਤੇ ਅਰਥਾਤ ਰਾਮ ਲੱਲਾ ਦੀ ਪੂਜਾ ਹੁੰਦੀ ਰਹੇਗੀ। ਇਸ ਦੇ ਬਾਅਦ ਮੁਸਲਿਮ ਸੰਗਠਨਾਂ ਨੇ ਸੁਪਰੀਮ ਕੋਰਟ ਵਿਚ 1994 ਦੇ ਹੁਕਮ ਦੇ ਖਿਲਾਫ਼ ਅਪੀਲ ਦਾਇਰ ਕੀਤੀ। ਅਪੀਲ ਵਿਚ ਕਿਹਾ ਗਿਆ ਕਿ ਮਸਜਿਦ ਤੇ ਨਮਾਜ਼ 'ਤੇ ਫੈਸਲੇ ਸੁਣਾਉਂਦੇ ਵਕਤ ਸੁਪਰੀਮ ਕੋਰਟ ਨੇ ਕਾਰਵਾਈ ਸਹੀ ਤਰੀਕੇ ਨਾਲ ਕੀਤੀ ਗਈ।

**ਬਾਕੀ ਸਫ਼ਾ 28 'ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# Thank you • Thank you • Thank you • Thank you • Thank you to Waheguru ji and sadh sangat for making Sikh Float a success

## Sikh Float at Rose Parade
















**A big thanks to all donors who made this possible**

Donate Here

The Sikh Float
Dear Friends
The Sikh Float is into its 5th year, at the America's New Year Celebration in the Annual Rose Parade at Pasadena, California on the 1st of January, 2019.
The theme this year being "The Melody of Life" , we have selected the building of a giant RABAB to be displayed on the float depicting the teachings of Guru Nanak Dev ji.
The Sikh Float at the Rose Parade gives a great opportunity to the Sikh community to express itself at a local, national, and international level, of the Sikh ideals, practice, and History. The Rose Parade is televised all over the world reaching millions. It is essential for us to continue this very important annual effort / tradition.

Along with the complex designing, planning, and production of the Float, comes the time, expertise, effort, and cost of developing the Float. We appreciate all past and present contribution , and encourage ongoing contribution for helping continue this great effort.

The different levels of sponsorships is as follows:

Platinum $ 10,000+ • Diamond $ 7,500+ • Gold. $ 5,000+ • Silver. $ 2,500+ • Community

We value any and all donations to your desire and ability. A check can be made to "The Sikh Float, Rose Parade" and mailed to the address .10656 Cilantro Ave, Fontana, CA 92337

***"This is an important effort to continue for our community, our children, and the future generations"***

## *Thanks to all donors*

Gurmehar Foundation, Gurdip S. Malik, Beyond Borders Foundation, Robert J, Applegate, Nanak Parchar Sabha, The Sikh Spirit Foundation, Devinder S. Bindra, Royal Marker & Liquor, KK Bhatia MD, Satjiv S.Chahil, Daljinder S.Takhar, A&B Express Inc, Dhindsa Group of Companies, Baljit S. Bhatti, Future Computing Solutions Inc., Parvinder Khanuja MD, Wraich Transport, Arinder S. Chadha MD, Gurpreet Singh Khakh, Surinderapal Singh, Joginder Singh Sandhu (Joe), Jagtar S. Samra, The Blue Divinity Foundation, Western Regional Security, Baldev Sigh Samra Manbir Singh MD, Reem Petroleum Inc., Gurpreet S. Ahuja MD, Garucharan & Ranjit Singh, Surinder S. Saini MD, Lynn Trucking, Damanjit Singh, Tarlochan S. Rangi, Midland Oil Group, 1011 Inc., Bhatia J&J Inc., Satwinder S. Sidhu, Balwinder S. Bains, Brinderjit Dhillon, Devinder S. Gandhi MD, Onkarjit S. Marwah MD, Shoker Trading Corp.,Khalsa Care Foundation, Bandana Singh, Kulmeet S Dang, Jagjit Singh Sohl, Ravinder K. Sohl, Rupinder S. Bindra, The Association of Sikh Professionals, GP Farms Inc., Manraj Petroleum, Gurnam S. Pannu, Krishan S Khurana, Prbjeet S Khurana, Satinder Singh, Amritpal S Batra, Ujjager S. Uppal, Ravi Grewal, Darshan Singh Gill, Iqbal Singh Samra, Nachatar Singh Bhullar, 7-11 Franchisee and many more community members

SIKH Float ROSE PARADE COMMITTEE

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ
UNITED SIKH MISSION USA
BEHOLD WHOLE OF MANKIND AS ONE

Adv. Sponsored by: Dalip Singh Sethi • Auto Center Realty LLC


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1



ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿਗ ਨੂੰ
ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ,
ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com

HARPAL SINGH MANN



CHABOT–LAS POSITAS
COMMUNITY COLLEGE TRUSTEE

*I have been a resident of Union City for over 18 years and have been in service to our community for the last decade. A father of two young children, who are gearing up to attend our local public schools, I believe in the importance of quality public school and college education. I am committed to ensuring that our community colleges have the necessary resources to train our students for the careers of the future. I believe strongly in education, and one's ability to make themselves whoever they wish to be, provided they have an environment which fosters learning and growth.*

**QUALIFICATIONS**

- Engineer
- Union City Planning Commissioner – 7 Years
- Member of the legislation committee of California Democratic Party

**FOCUS ON**

- Student access and success
- Higher completion rates
- Collaboration between local schools, community colleges and outside private and philanthropic sources to ensure funding for education

**IMPROVE ON**

- Listening to the needs of our community
- Matching skills with job requirements
- Career and Technical Education, including Biomedical and Healthcare
- Academic rigor and quality of education
- Work as a team with students, community and local schools to ensure success of our graduates.

PLEASE VOTE FOR MANN ON NOV 6th

SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70 Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight
Phone: 765-478-6300









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Loves Travel Stops & Country Stores

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1,2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿਚ DAILY | ਰੋਜ਼ਾਨਾ 9AM | 12PM



THE GOLD PROGRAM
TRANSPORTATION'S PREMIER BUYING PROGRAM

TRANS-ALLIANCE
TOGETHER WE SAVE

NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

Consistent Nationwide Pricing
Pay the same low price whether you buy over-the-road or at your local dealer.

24/7/365 Coverage
Call us around the clock, and get access to our emergency roadside service program.

No Minimum Purchases
Buy only the number of tires you want at any given time.

Retain Your Local Service
Buy and receive service from your local dealer, and receive our national account service pricing.

— Save on top brands, like —
MICHELIN Continental GOODYEAR BFGoodrich GENERAL TIRE DUNLOP YOKOHAMA KUMHO TIRES ROADMASTER TIRES

Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com
(855) 641-6955

KHALSA INSURANCE AGENCY, INC.
Khalsa Insurance Agency is among TOP 50 agencies

2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
COVERED CALIFORNIA
IS THE
AFFORDABLE CARE ACT
IS THE
California Health Benefit Exchange
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਬਰਤਾਨੀਆ ਵਿੱਚ ਸਿੱਖ ਜਥੇਬੰਦੀਆਂ ਵਲੋਂ ਕੰਜ਼ਰਵੇਟਿਵ ਦੀ ਪਾਰਟੀ ਮੀਟਿੰਗ ਮੌਕੇ ਰੋਸ ਵਿਖਾਵਾ

## ਪੁਲਿਸ ਅਧਿਕਾਰੀਆਂ ਨੂੰ ਗੁਰਦਵਾਰਿਆਂ ਵਿੱਚ ਸਨਮਾਨ ਨਾ ਦੇਣ ਦਾ ਮਤਾ ਪਾਸ ਕੀਤਾ







**ਲੰਡਨ/ਬਿਊਰੋ ਨਿਊਜ਼ :**
ਭਾਰਤ ਸਰਕਾਰ ਦੇ ਇਸ਼ਾਰੇ ਤੇ ਬੀਤੇ ਹਫਤੇ ਮਿੱਡਲੈਂਡ ਅਤੇ ਲੰਡਨ ਦੇ ਇਲਾਕਿਆਂ ਵਿੱਚ ਸਿੱਖਾਂ ਦੇ ਘਰਾਂ ਤੇ ਪੁਲਿਸ ਵਲੋਂ ਛਾਪੇਮਾਰੀ ਕੀਤੀ ਗਈ ਸੀ, ਜਿਸ ਖਿਲਾਫ ਸਿੱਖਾਂ ਵਿੱਚ ਭਾਰੀ ਰੋਸ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ, ਫਰੀ ਜੱਗੀ ਕੰਪੇਨ ਅਤੇ ਸਿੱਖ ਯੂਥ ਯੂਕੇ ਵਲੋਂ ਬਰਤਾਨਵੀ ਸਰਕਾਰ ਚਲਾ ਰਹੀ ਕੰਜ਼ਰਵੇਟਿਵ (ਟੋਰੀ ) ਪਾਰਟੀ ਦੀ ਮੀਟਿੰਗ ਮੌਕੇ ਇੰਟਰਨੈਸ਼ਨਲ ਕੰਨਵੈਨਸ਼ਨ ਸੈਂਟਰ ਬਰਮਿੰਘਮ ਵਿਖੇ ਭਾਰੀ ਰੋਸ ਵਿਖਾਵਾ ਕੀਤਾ ਗਿਆ ਹੈ।

ਸਿੱਖ ਫੈਡਰੇਸ਼ਨ ਯੂਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ, ਭਾਈ ਦਵਿੰਦਰਜੀਤ ਸਿੰਘ, ਭਾਈ ਜਸ ਸਿੰਘ, ਯੂਨਾਈਟਿਡ ਖਾਲਸਾ ਦਲ ਯੂਕੇ ਦੇ ਆਗੂ ਅਤੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਧਰਮਯੁੱਧ ਜਥਾ ਦਮਦਮੀ ਟਕਸਾਲ ਦੇ ਭਾਈ ਬਲਵਿੰਦਰ ਸਿੰਘ , ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੁਖੀ ਭਾਈ ਜਸਪਾਲ ਸਿੰਘ ਬੈਂਸ, ਭਾਈ ਅਵਤਾਰ ਸਿੰਘ ਖੰਡਾ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਸਮਸ਼ੇਰ ਸਿੰਘ, ਭਾਈ ਗੁਰਪ੍ਰੀਤ ਸਿੰਘ ਜੌਹਲ, ਬੀਬੀ ਅਵਨੀਤ ਕੌਰ ਅਤੇ ਸਰਬਜੀਤ ਸਿੰਘ ਰਾਜੋਆਣਾ ਟੀਵੀ ਸਮੇਤ ਅਨੇਕਾਂ ਸਿੱਖ ਨੌਜਵਾਨਾਂ ਨੇ ਰੋਸ ਵਿਖਾਵੇ ਨੂੰ ਸੰਬੋਧਨ ਕੀਤਾ। ਇਸ ਮੌਕੇ ਆਇਰਲੈਂਡ ਦੇ ਜਸਟਿਸ ਫਾਰ 21 ਮੁਹਿੰਮ ਵਲੋਂ ਸੰਬੋਧਨ ਕਰਦਿਆਂ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਲਈ ਅਵਾਜ਼ ਉਠਾਈ ਗਈ। ਇਸ ਸਮੇਂ ਜਿਹਨਾਂ ਪੰਜ ਸਿੱਖ ਨੌਜਵਾਨਾਂ ਦੇ ਘਰਾਂ ਉਤੇ ਬਰਤਾਨਵੀ ਪੁਲਿਸ ਦੇ ਅੱਤਵਾਦ ਵਿਰੋਧੀ ਦਸਤੇ ਨੇ ਛਾਪੇਮਾਰੀ ਕਰਕੇ ਪਰਿਵਾਰਾਂ ਨੂੰ ਤੰਗ ਪ੍ਰੇਸ਼ਾਨ ਕੀਤਾ, ਉਹਨਾਂ ਵਲੋਂ ਮਤਾ ਪਾਸ ਕਰਦਿਆਂ ਗੁਰਦਵਾਰਾ ਸਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਗਈ ਕਿ ਵੈਸਟ ਮਿੱਡਲੈਂਡ ਪੁਲਿਸ ਦੇ ਕਿਸੇ ਵੀ ਅਧਿਕਾਰੀ ਨੂੰ ਗੁਰਦਵਾਰਿਆਂ ਦੀਆਂ ਸਟੇਜਾਂ ਤੋਂ ਸਨਮਾਨਤ ਨਾ ਕੀਤਾ ਜਾਵੇ ਅਤੇ ਨਾ ਹੀ ਉਹਨਾਂ ਨੂੰ ਬੋਲਣ ਦਿੱਤਾ ਜਾਵੇ ਜਿੰਨਾ ਚਿਰ ਇਹ ਸਿੱਖ ਕੌਮ ਨੂੰ ਸਪੱਸ਼ਟ ਨਹੀਂ ਕਰਦੇ ਕਿ ਇਹ ਛਾਪੇਮਾਰੀ ਕਿਉਂ ਅਤੇ ਕਿਸ ਮਕਸਦ ਨਾਲ ਕੀਤੀ ਗਈ ਅਤੇ ਭਵਿੱਖ ਵਿੱਚ ਅਜਿਹਾ ਨਾ ਵਾਪਰਨ ਦਾ ਭਰੋਸਾ ਨਹੀਂ ਦਿਵਾਇਆ ਜਾਂਦਾ।

ਗੌਰਤਲਬ ਹੈ ਕਿ ਛਾਪੇਮਾਰੀ ਦੌਰਾਨ ਪੁਲਿਸ ਵਾਲੇ ਬੱਚਿਆਂ ਦੀਆਂ ਪਿੱਗੀ ਬੈਂਕਾਂ ਤੇ ਬਜ਼ੁਰਗਾਂ ਦੀਆਂ ਪੈਨਸ਼ਨ ਬੁੱਕਾਂ ਤਕ ਨੂੰ ਚੁੱਕ ਕੇ ਲੈ ਗਏ ਅਤੇ ਸਬੰਧਤ ਪਰਿਵਾਰਾਂ ਨੂੰ ਘੰਟਿਆਂਬੱਧੀ ਘਰਾਂ ਤੋਂ ਬਾਹਰ ਰੱਖਿਆ ਗਿਆ। ਇਸ ਮਤੇ ਦੀ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਫੈਡਰਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਮੌਕੇ ਉਤੇ ਮੌਜੂਦ ਮੈਂਬਰਾਂ ਵਲੋਂ ਡੱਟ ਕੇ ਪ੍ਰੋੜ੍ਹਤਾ ਕਰਦਿਆਂ ਸਮੁੱਚੀਆਂ ਪ੍ਰਬੰਧਕ ਕਮੇਟੀਆਂ ਨੂੰ ਇਸ 'ਤੇ ਅਮਲ ਕਰਨ ਲਈ ਆਖਿਆ, ਤਾਂ ਕਿ ਸਿੱਖ ਨੌਜਵਾਨ ਪੂਰੀ ਤਨਦੇਹੀ ਨਾਲ ਸਿੱਖੀ ਦਾ ਪ੍ਰਚਾਰ ਅਤੇ ਪਾਸਾਰ ਕਰਨ ਲਈ ਯਤਨ ਜਾਰੀ ਰੱਖਣ। ਉਨ੍ਹਾਂ ਕਿਹਾ ਕਿ ਰੋਸ ਵਿਖਾਵੇ ਵਿੱਚ ਸਿੱਖ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਸਾਬਤ ਕਰ ਦਿਤਾ ਕਿ ਕੋਈ ਜ਼ੁਲਮ ਤੇ ਧੱਕੇਸ਼ਾਹੀ ਉਹਨਾਂ ਦੇ ਹੌਂਸਲੇ ਪਸਤ ਨਹੀਂ ਕਰ ਨਹੀਂ ਸਕਦੀ ।

ਜ਼ਿਕਰਯੋਗ ਹੈ ਕਿ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖ਼ੂਨੀ ਘੱਲੂਘਾਰੇ ਵਿੱਚ ਵੀ ਬਰਤਾਨਵੀ ਸਰਕਾਰ ਦੀ ਭੂਮਿਕਾ ਜ਼ਾਹਰ ਹੋ ਚੁੱਕੀ ਹੈ, ਇਸ ਬਾਰੇ ਸਿੱਖਾਂ ਦੀ ਮੰਗ ਹੈ ਕਿ ਇਹਨਾਂ ਨੇ ਭਾਰਤੀ ਫੌਜ ਵਲੋਂ ਸਿੱਖਾਂ ਉਤੇ ਢਾਹੇ ਗਏ ਕਹਿਰ ਵਿੱਚ ਕਿਸ ਕਦਰ ਸਾਥ ਦਿੱਤਾ ਸੀ, ਉਸ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਤਾਂ ਕਿ ਸਚਾਈ ਸਾਹਮਣੇ ਆ ਸਕੇ। ਗੌਰਤਲਬ ਹੈ ਕਿ ਜੂਨ 1984 ਵਿੱਚ ਜਦੋਂ ਭਾਰਤੀ ਫੌਜ ਵਲੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਨਾਲ ਅਤੇ ਹਿੰਦੂਤਵੀ ਲਾਬੀ ਖਾਸ ਕਰ ਭਾਜਪਾ ਅਤੇ ਰਵਾਇਤੀ ਅਕਾਲੀ ਦਲ ਦੇ ਆਗੂਆਂ ਦੀ ਸਹਿਮਤੀ ਨਾਲ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਉਤੇ ਅੱਤ ਵਹਿਸ਼ੀ ਹਮਲਾ ਕੀਤਾ ਗਿਆਸੀ, ਤਾਂ ਬਰਤਾਨੀਆ ਵਿੱਚ ਉਸ ਵਕਤ ਵੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਦੀ ਹੀ ਸਰਕਾਰ ਸੀ। ਇਸੇ ਤਰਾਂ ਹੁਣ ਪਿਛਲੇ ਸਾਲ ਜਦੋਂ ਪੰਜਾਬ ਵਿੱਚ ਵਿਆਹ ਕਰਵਾਉਣ ਗਏ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਕਰਕੇ ਅਣਮਨੁੱਖੀ ਤਸ਼ੱਦਦ ਕਰਨ ਮਗਰੋਂ ਝੂਠੇ ਕਸਾ ਵਿੱਚ ਫਸਾਇਆ ਗਿਆ, ਤਾਂ ਵੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਹੈ ਅਤੇ ਬੀਤੇ ਹਫਤੇ ਜਦੋਂ ਬਰਤਾਨੀਆ ਵਿੱਚ ਸਿੱਖਾਂ ਦੇ ਘਰਾਂ ਉਤੇ ਪੁਲਿਸ ਦੇ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਛਾਪੇਮਾਰੀ ਕਰਕੇ ਪਰਿਵਾਰਾਂ ਨੂੰ ਭਾਰੀ ਤੰਗ ਪ੍ਰਸ਼ਾਨ ਕੀਤਾ ਗਿਆ ਤਾਂ ਵੀ ਇਹਨਾਂ ਭਾਵ ਕੰਜ਼ਰਵੇਟਿਵ ਪਾਰਟੀ ਦੀ ਹੀ ਸਰਕਾਰ ਹੈ।

ਬੁਲਾਰਿਆਂ ਨੇ ਦੋਸ਼ ਲਗਾਇਆ ਕਿ ਜਗਤਾਰ ਸਿੰਘ ਜੌਹਲ ਦੇ ਇੰਗਲੈਂਡ ਦਾ ਸਿਟੀਜ਼ਨ ਹੋਣ ਦੇ ਬਾਵਜੂਦ ਉਸ ਦੀ ਸਹੀ ਢੰਗ ਨਾਲ ਪੈਰਵਾਈ ਨਹੀਂ ਕੀਤੀ ਗਈ । ਇਹਨਾਂ ਤਿੰਨਾਂ ਹੀ ਮੁੱਦਿਆਂ ਨੂੰ ਮੁੱਖ ਰੱਖਦਿਆਂ ਕੰਜ਼ਰਵੇਟਿਵ ਪਾਰਟੀ ਦੀ ਮੌਜੂਦਾ ਸਰਕਾਰ ਖਿਲਾਫ ਸਿੱਖ ਕੌਮ ਦੇ ਰੋਸ ਅਤੇ ਰੋਹ ਦਾ ਪ੍ਰਗਟਾਵਾ ਕਰਨ ਲਈ ਇਹ ਰੋਸ ਵਿਖਾਵੇ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਤਾਂ ਕਿ ਇਹਨਾਂ ਲੋਕਾਂ ਨੂੰ ਸਿੱਖ ਕੌਮ ਦੀ ਮਾਨਸਿਕਤਾ ਵਿੱਚ ਪ੍ਰਚੰਡ ਹੋ ਚੁੱਕੇ ਰੋਸ ਅਤੇ ਗੁੱਸੇ ਤੋਂ ਜਾਣੂ ਕਰਵਾਇਆ ਜਾ ਸਕੇ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਪੁਲਿਸ ਦੇ ਇਸ ਕਾਰੇ ਨੂੰ ਮਨੁੱਖੀ ਅਧਿਕਾਰਾਂ ਦਾ ਅਪਮਾਨ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਸਿੱਖਾਂ ਦੇ ਘਰਾਂ ਉਤੇ ਛਾਪੇਮਾਰੀ ਹੋਈ ਹੈ, ਇਸ ਦਾ ਵਤੀਰਾ ਪੰਜਾਬ ਪੁਲਿਸ ਦੁਆਰਾ ਪੰਜਾਬ ਦੇ ਸਿੱਖਾਂ ਦੇ ਘਰਾਂ ਉਤੇ ਮਾਰੇ ਗਏ ਛਾਪਿਆਂ ਨਾਲ ਮਿਲਦਾ-ਜੁਲਦਾ ਹੈ ਜੋ ਕਿ ਬਰਤਾਨੀਆ ਵਰਗੇ ਲੋਕਤੰਤਰਿਕ ਮੁਲਕ ਦੇ ਆਪਣੇ ਹੀ ਦੇਸ਼ ਦੇ ਨਾਗਰਿਕਾਂ ਪ੍ਰਤੀ ਅਪਣਾਏ ਜਾ ਰਹੇ ਵਤੀਰੇ ਉਤੇ ਸਵਾਲੀਆ ਚਿੰਨ ਲਗਾਉਂਦਾ ਹੈ। ਸਿੱਖ ਸੰਗਤਾਂ ਮਹਿਸੂਸ ਕਰਦੀਆਂ ਹਨ ਕਿ ਇਸ ਵਾਸਤੇ ਭਾਰਤ ਸਰਕਾਰ ਦਾ ਸਿੱਖ ਵਿਰੋਧੀ ਪ੍ਰਾਪੇਗੰਡਾ ਅਤੇ ਮੁਖਬਰੀਆਂ ਜ਼ਿੰਮੇਵਾਰ ਹਨ। ਦੁਨੀਆ ਭਰ ਦੇ ਇਨਸਾਫ ਪਸੰਦ ਲੋਕ ਜਾਣਦੇ ਹਨ ਅਤੇ ਇਤਿਹਾਸ ਅਤੇ ਸਿੱਖ ਸਿਧਾਂਤ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸਿੱਖ ਅੱਤਵਾਦੀ ਨਹੀਂ ਹੁੰਦੇ ਅਤੇ ਅੱਤਵਾਦੀ ਸਿੱਖ ਨਹੀਂ ਹੁੰਦੇ ਪਰ ਉਹ ਆਪਣਾ ਹੱਕ ਜ਼ਰੂਰ ਲੈਂਦੇ ਹਨ। ਫਿਰ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਕੀਤੀ ਗਈ ਛਾਪੇਮਾਰੀ ਦੇ ਕੀ ਕਾਰਨ ਹਨ? ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਲਹਿਰ ਆਏ ਦਿਨ ਜ਼ੋਰ ਫੜ ਰਹੀ ਹੈ ਅਤੇ ਸਿੱਖ ਨੌਜਵਾਨ ਸਮੇਂ ਦੇ ਹਾਣੀ ਬਣਦੇ ਹੋਏ ਕੌਮੀ ਅਜ਼ਾਦੀ ਦੇ ਇਸ ਪਾਕ ਪਵਿੱਤਰ ਕਾਰਜ ਦਾ ਵੱਡੀ ਪੱਧਰ ਉਤੇ ਪ੍ਰਚਾਰ ਕਰ ਰਹੇ ਹਨ ਜੋ ਕਿ ਦੁਨੀਆ ਭਰ ਦੇ ਹਰ ਇਨਸਾਨ ਦਾ ਮੁੱਢਲਾ ਹੱਕ ਹੈ । ਇਸ ਹੱਕ ਤੋਂ ਕਿਸੇ ਨੂੰ ਵਾਂਝਾ ਨਹੀਂ ਰੱਖਿਆ ਜਾ ਸਕਦਾ।

ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਿੱਖ ਇਤਿਹਾਸ ਨੂੰ ਸਾਂਭਦਿਆਂ ਸਿੱਖ ਸ਼ਹੀਦਾਂ ਦੀਆਂ ਜੀਵਨੀਆਂ ਪੇਸ਼ ਕਰ ਰਹੀਆਂ ਦੋ ਵੈਬ ਸਾਈਟਾਂ ਨੂੰ ਵੀ ਬੰਦ ਕੀਤਾ ਗਿਆ ਹੈ। ਇਹ ਸਾਰਾ ਕੁਝ ਭਾਰਤ ਦੀ ਹਿੰਦੂਤਵੀ ਲਾਬੀ ਵਲੋਂ ਵਿਦੇਸ਼ੀ ਸਰਕਾਰ ਕੋਲ ਕੀਤੀਆਂ ਮੁਖਬਰੀਆਂ ਅਤੇ ਗਲਤ ਜਾਣਕਾਰੀ ਕਾਰਨ ਵਾਪਰ ਰਿਹਾ ਹੈ। ਭਾਰਤ ਸਰਕਾਰ ਅਜਿਹੇ ਕੋਝੇ ਯਤਨਾਂ ਨਾਲ ਖਾਲਿਸਤਾਨ ਦੇ ਸੰਘਰਸ਼ ਨੂੰ ਖਤਮ ਨਹੀਂ ਕਰ ਸਕੇਗੀ ਕਿਉਂਕਿ ਇਹ ਹੱਕ-ਸੱਚ, ਇਨਸਾਫ ਅਤੇ ਧਰਮ ਉਤੇ ਅਧਾਰਿਤ ਸੰਘਰਸ਼ ਹੈ ਅਤੇ ਇਸ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਹੋਈ ਹੈ।

## ਟਰੰਪ ਪ੍ਰਸ਼ਾਸਨ ਉਤੇ ਨਸਲੀ ਭੇਦਭਾਵ ਦੇ ਦੋਸ਼ ਲਾਉਂਦਿਆਂ ਸੀਨੀਅਰ ਡਿਪਲੋਮੈਟ ਵੱਲੋਂ ਅਸਤੀਫਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਟਰੰਪ ਪ੍ਰਸ਼ਾਸਨ ਉਤੇ ਨਸਲੀ ਅਤੇ ਲਿੰਗਕ ਭੇਦਭਾਵ ਦਾ ਇਕ ਵਾਰ ਫਿਰ ਗੰਭੀਰ ਦੋਸ਼ ਲੱਗਾ ਹੈ। ਇਸ ਭੇਦਭਾਵ ਨੂੰ ਕਾਰਨ ਬਣਾਉਂਦਿਆਂ



ਅਮਰੀਕੀ ਸਫ਼ਾਰਤਖ਼ਾਨੇ ਅਤੇ ਵਿਦੇਸ਼ ਵਿਭਾਗ ਦੀ ਇਕ ਸੀਨੀਅਰ ਭਾਰਤੀ ਅਮਰੀਕੀ ਕੂਟਨੀਤਕ ਨੇ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਦੋਸ਼ ਲਗਾਇਆ ਹੈ ਕਿ ਟਰੰਪ ਪ੍ਰਸ਼ਾਸਨ ਨਸਲੀ ਅਤੇ ਲਿੰਗਕ ਭੇਦਭਾਵ ਦੀ ਨੀਤੀ ਅਪਣਾਉਂਦਾ ਹੈ। ਭਾਰਤੀ ਅਮਰੀਕੀ ਰਾਜਨੇਤਾ ਊਜਰਾ ਜੇਆ ਨੇ ਇਕ ਲੇਖ 'ਚ ਕਿਹਾ ਹੈ ਕਿ ਵਿਦੇਸ਼ ਵਿਭਾਗ 'ਚ ਅਫ਼ਰੀਕੀ ਅਤੇ ਪੁਰਸ਼ ਕਰਮਚਾਰੀਆਂ ਦੀ ਭਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ 'ਚ ਵਿਦੇਸ਼ ਵਿਭਾਗ 'ਚ ਨਸਲੀ ਭੇਦਭਾਵ ਕੀਤਾ ਜਾਂਦਾ ਹੈ ਅਤੇ ਇਸ 'ਚ ਲਿੰਗਕ ਅਸਮਾਨਤਾ ਹੈ। ਪੈਰਿਸ 'ਚ ਅਮਰੀਕੀ ਸਫ਼ਾਰਤਖ਼ਾਨੇ 'ਚ ਮਿਸ਼ਨ ਦੀ ਉਪ ਮੁਖੀ ਦੇ ਤੌਰ 'ਤੇ ਜੇਆ ਨੇ ਟਰੰਪ ਦੇ ਫਰਾਂਸ ਦੌਰੇ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਜੇਆ ਮੌਜੂਦਾ ਸਮੇਂ ਅਮਰੀਕੀ ਵਿਕਾਸ ਕੇਂਦਰ 'ਚ ਸੀਨੀਅਰ ਮੈਂਬਰ ਹਨ।

## ਕੈਨੇਡਾ : ਕੌਂਸਲ ਚੋਣਾਂ ਦੌਰਾਨ ਪੰਜਾਬੀਆਂ ਵਿਚ ਨੇਤਾ ਬਣਨ ਦੀ ਦੌੜ



**ਬਰੈਂਪਟਨ (ਕੈਨੇਡਾ)/ਬਿਊਰੋ ਨਿਊਜ਼ :** ਕੈਨੇਡਾ ਦਾ ਬਰੈਂਪਟਨ ਸ਼ਹਿਰ ਪੰਜਾਬੀਆਂ ਦਾ ਗੜ੍ਹ ਹੈ। ਟੋਰਾਂਟੋ ਇਲਾਕੇ ਦੀਆਂ ਨਗਰ ਕੌਂਸਲ ਚੋਣਾਂ 'ਚ ਕੁਝ ਦਿਨ ਹੀ ਰਹਿ ਗਏ ਹਨ ਤੇ ਉਮੀਦਵਾਰਾਂ ਦੀ ਮੁਹਿੰਮ ਭਖੀ ਹੋਈ ਹੈ। ਬਰੈਂਪਟਨ ਅਤੇ ਮਿਸੀਸਾਗਾ ਸ਼ਹਿਰਾਂ ਵਿੱਚ ਦੋ ਦਰਜਨ ਤੋਂ ਵੱਧ ਪੰਜਾਬੀ ਉਮੀਦਵਾਰ ਮੇਅਰ, ਕੌਂਸਲਰ, ਖੇਤਰੀ ਕੌਂਸਲਰ, ਸਕੂਲ ਟਰੱਸਟੀ ਬਣਨ ਦੀ ਦੌੜ ਵਿੱਚ ਹਨ। ਤਕਰੀਬਨ 6 ਲੱਖ ਦੀ ਆਬਾਦੀ ਵਾਲੇ ਬਰੈਂਪਟਨ ਵਿਚ ਬਣਾਏ 5 ਵਾਰਡਾਂ ਲਈ ਕੁੱਲ 43 ਕੌਂਸਲਰ ਅਤੇ 28 ਖੇਤਰੀ ਕੌਂਸਲਰ ਤੇ 41 ਸਕੂਲ ਟਰੱਸਟੀ ਉਮੀਦਵਾਰ ਮੈਦਾਨ 'ਚ ਹਨ ਜਿਨ੍ਹਾਂ 'ਚੋਂ 31 ਪੰਜਾਬੀ (ਬਹੁਤੇ ਇੱਕ-ਦੂਜੇ ਦੇ ਮੁਕਾਬਲੇ 'ਚ) ਹਨ। ਬਰੈਂਪਟਨ ਦੀ ਮੇਅਰ ਦੀ ਕੁਰਸੀ ਲਈ ਬਲਜੀਤ ਗੋਸਲ ਅਤੇ ਵਿਨੋਦ ਕੁਮਾਰ ਡਟੇ ਹੋਏ ਹਨ। ਮਿਸੀਸਾਗਾ ਦੇ 11 ਵਾਰਡਾਂ 'ਚ 70 ਕੌਂਸਲਰ ਅਤੇ 46 ਟਰੱਸਟੀ ਮੈਦਾਨ 'ਚ ਹਨ। ਮੇਅਰ ਲਈ ਅੱਠ ਜਣੇ ਖੜ੍ਹੇ ਹਨ। ਸਵਾ ਕਰੋੜ ਤੋਂ ਵੱਧ ਵਸੋਂ ਵਾਲੇ ਉਂਟਾਰੀਓ ਸੂਬੇ 'ਚ 444 ਨਗਰ ਕੌਂਸਲਾਂ ਹਨ। ਬਰੈਂਪਟਨ 'ਚ ਹਰਪ੍ਰੀਤ ਹੰਸਰਾ, ਹਰਕੀਰਤ ਸਿੰਘ, ਨਿਸ਼ੀ ਸਿੱਧੂ, ਕਰਨਜੀਤ ਪੰਧੇਰ, ਹਰਨੇਕ ਰਾਏ, ਗੁਰਪ੍ਰੀਤ ਕੌਰ ਬੈਂਸ, ਪ੍ਰਭਜੋਤ ਗਰੇਵਾਲ, ਮੋਕਸ਼ੀ ਵਿਰਕ, ਹਰਵੀਨ ਧਾਲੀਵਾਲ, ਵਿੱਕੀ ਢਿੱਲੋਂ, ਸਤਪਾਲ ਜੌਹਲ, ਹਰਜੋਤ ਗਿੱਲ ਤੇ ਗੁਰਪ੍ਰੀਤ ਢਿੱਲੋਂ ਆਦਿ ਮੈਦਾਨ 'ਚ ਹਨ। ਵਾਰਡ 9-10 'ਚ ਖੇਤਰੀ ਕੌਂਸਲਰ ਲਈ ਮੌਜੂਦਾ ਕੌਂਸਲਰ ਗੁਰਪ੍ਰੀਤ ਢਿੱਲੋਂ ਅਤੇ ਸਾਬਕਾ ਕੌਂਸਲਰ ਵਿੱਕੀ ਢਿੱਲੋਂ ਵਿਚਾਲੇ ਮੁਕਾਬਲਾ ਹੈ।ਇਸੇ ਤਰ੍ਹਾਂ ਟੋਰਾਂਟੋ ਕੌਂਸਲ ਦੇ ਕੁੱਲ 2 ਵਾਰਡਾਂ ਵਿੱਚ 214 ਜਣੇ ਕੌਂਸਲਰ ਅਤੇ 35 ਜਣੇ ਮੇਅਰ ਦੀ ਕੁਰਸੀ ਲਈ ਮੁਕਾਬਲੇ 'ਚ ਹਨ।

## ਮੁਜ਼ੱਫਰਨਗਰ ਦੰਗਿਆਂ ਦੇ ਕੇਸ 'ਚ ਮੁਲਜ਼ਮ ਭਾਜਪਾ ਵਿਧਾਇਕ ਸੰਗੀਤ ਸੋਮ ਦੇ ਘਰ 'ਤੇ ਹਮਲਾ

**ਮੇਰਠ/ਬਿਊਰੋ ਨਿਊਜ਼ :** ਭਾਰਤੀ ਜਨਤਾ ਪਾਰਟੀ ਦੇ ਕਥਿਤ ਤੌਰ ਉਤੇ ਮੁਸਲਿਮ ਵਿਰਧੀ ਅਤੇ ਮੁਜ਼ੱਫਰਨਗਰ ਦੰਗਿਆਂ ਦੇ ਕੇਸ 'ਚ ਮੁਲਜ਼ਮ ਵਿਧਾਇਕ ਸੰਗੀਤ ਸੋਮ ਅਣਪਛਾਤੇ ਹਮਲਾਵਰਾਂ ਦੇ ਨਿਸ਼ਾਨੇ ਉਤੇ ਹਨ। ਉਨ੍ਹਾਂ ਦੀ ਮੇਰਠ ਸਥਿਤ ਰਿਹਾਇਸ਼ 'ਤੇ ਅੱਧੀ ਰਾਤ ਤੋਂ ਬਾਅਦ ਕਾਰ ਸਵਾਰ ਅਣਪਛਾਤੇ ਹਮਲਾਵਰਾਂ ਨੇ ਗੋਲੀਬਾਰੀ ਕੀਤੀ ਅਤੇ ਹੱਥ ਗੋਲਾ ਸੁੱਟਿਆ। ਗਰਨੇਡ ਫਟ ਨਾ ਸਕਣ ਕਾਰਨ ਭਾਰੀ ਨੁਕਸਾਨ ਤੋਂ ਬਚਾਅ ਹੋ ਗਿਆ।



ਮੇਰਠ ਪੁਲੀਸ ਵਿਧਾਇਕ ਦੇ ਘਰ ਦੇ ਆਲੇ-ਦੁਆਲੇ ਸਬੂਤ ਇੱਕਤਰ ਕਰਦੀ ਹੋਈ।

ਲਾਲਕੁੜਤੀ ਇਲਾਕੇ 'ਚ ਰਾਤ ਇਕ ਵਜੇ ਹੋਏ ਹਮਲੇ ਮਗਰੋਂ ਪੰਜ ਪੁਲੀਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਮੇਰਠ ਦੇ ਐਸਐਸਪੀ ਅਖਿਲੇਸ਼ ਕੁਮਾਰ ਨੇ ਦੱਸਿਆ ਕਿ ਪੁਲੀਸ ਮੁਲਾਜ਼ਮ ਭਾਜਪਾ ਵਿਧਾਇਕ ਦੀ ਸੁਰੱਖਿਆ 'ਚ ਤਾਇਨਾਤ ਸਨ ਅਤੇ ਡਿਊਟੀ 'ਚ ਕੋਤਾਹੀ ਤੇ ਹਮਲਾਵਰਾਂ ਖ਼ਿਲਾਫ਼ ਜਵਾਬੀ ਕਾਰਵਾਈ ਨਾ ਕਰਨ 'ਤੇ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ ਹੈ। ਮੁਅੱਤਲ ਕੀਤੇ ਗਏ ਪੁਲੀਸ ਮੁਲਾਜ਼ਮਾਂ 'ਚ ਹੈੱਡ ਕਾਂਸਟੇਬਲ ਸਤਬੀਰ ਸਿੰਘ ਅਤੇ ਸਿਪਾਹੀ ਸਤੇਂਦਰ ਸਿੰਘ, ਸੰਜੀਵ ਭਾਰਤੀ, ਸੁਰਜੀਤ ਸਿੰਘ ਅਤੇ ਮਨੀਸ਼ ਕੁਮਾਰ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਹਮਲਾ ਉਸ ਵੇਲੇ ਹੋਇਆ ਜਦੋਂ ਸੰਗੀਤ ਸੋਮ ਕੁਝ ਸਮੇਂ ਪਹਿਲਾਂ ਹੀ ਰਿਹਾਇਸ਼ 'ਤੇ ਪਰਤੇ ਸਨ। ਐਸਐਸਪੀ ਨੇ ਕਿਹਾ ਕਿ ਹਮਲੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਇਹ ਦਹਿਸ਼ਤੀ ਕਾਰਵਾਈ ਨਹੀਂ ਜਾਪਦੀ ਹੈ। ਹਮਲੇ ਬਾਰੇ ਪੁੱਛਣ 'ਤੇ ਵਿਧਾਇਕ ਸੰਗੀਤ ਸੋਮ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਧਮਕੀ ਵੀ ਨਹੀਂ ਮਿਲੀ ਸੀ ਅਤੇ ਨਾ ਹੀ ਹੁਣ ਕਿਸੇ ਨਾਲ ਕੋਈ ਝਗੜਾ ਹੋਇਆ ਸੀ। ਪੁਲੀਸ ਨੇ ਕਿਹਾ ਕਿ ਇਸ ਹਮਲੇ 'ਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਹੈ। ਜ਼ਿਕਰਯੋਗ ਹੈ ਕਿ ਇਸ ਵਿਧਾਇਕ 'ਤੇ ਸੰਨ 2013 ਦੇ ਮੁਜ਼ੱਫਰਨਗਰ ਦੰਗਿਆ 'ਚ ਹਿੰਸਾ ਭੜਕਾਉਣ ਦਾ ਦੋਸ਼ ਲੱਗਿਆ ਸੀ।

## ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਇਕ ਖਾਸ ਮੁਲਾਕਾਤ

# ਜੇਕਰ ਮੈਂ ਭ੍ਰਿਸ਼ਟਾਚਾਰ ਕਰਾਂ ਤਾਂ ਸੂਲੀ ’ਤੇ ਟੰਗ ਦਿਓ : ਕੇਜਰੀਵਾਲ



- ਗਾਂਧੀ, ਛੋਟੇਪੁਰ ਤੇ ਖਹਿਰਾ ਨਾਲ ਜਲਦ ਗੱਲ ਨਿਪਟ ਜਾਵੇਗੀ
- ਵਿਜੇ ਮਾਲਿਆ ਨੂੰ ਦੇਸ਼ ਵਿਚੋਂ ਮੋਦੀ ਸਰਕਾਰ ਨੇ ਭਜਾਇਆ
- ਮੋਦੀ ਰਾਜ ’ਚ ਬੇਰੁਜ਼ਗਾਰੀ ਵਧੀ, ਕਾਰੋਬਾਰ ਤਬਾਹ ਹੋਏ

***ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਕਾਂਗਰਸ ਅਤੇ ਭਾਜਪਾ ਵਰਗੀਆਂ ਪਾਰਟੀਆਂ ਵਿਕਾਸ ਦੇ ਜੋ ਕੰਮ 70 ਵਰ੍ਹਿਆਂ ਵਿਚ ਨਹੀਂ ਕਰ ਸਕੀਆਂ, ਉਹ ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਸਾਢੇ 3 ਵਰ੍ਹਿਆਂ ਦੇ ਕਾਰਜਕਾਲ ਵਿਚ ਕਰ ਕੇ ਦਿਖਾ ਦਿੱਤੇ ਹਨ। ਇਕ ਵਿਸ਼ੇਸ਼ ਗੱਲਬਾਤ ਦੌਰਾਨ ਕੇਜਰੀਵਾਲ ਨੇ ਦਿੱਲੀ ਵਿਚ ਸਿਹਤ, ਸਿੱਖਿਆ, ਬਿਜਲੀ ਅਤੇ ਪਾਣੀ ਦੇ ਖੇਤਰ ਵਿਚ ਸਰਕਾਰ ਵਲੋਂ ਕੀਤੇ ਕਾਰਜਾਂ ਤੋਂ ਇਲਾਵਾ ਪੰਜਾਬ ਵਿਚ ਪਾਰਟੀ ਦੀ ਮੌਜੂਦਾ ਸਥਿਤੀ, ਆਉਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਕੇਂਦਰ ਸਰਕਾਰ ਦੇ 4 ਵਰ੍ਹਿਆਂ ਦੇ ਕਾਰਜਕਾਲ ਸਬੰਧੀ ਗੱਲਬਾਤ ਕੀਤੀ। ਪੇਸ਼ ਹੈ ਅਰਵਿੰਦ ਕੇਜਰੀਵਾਲ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :***

**ਸਵਾਲ - ਪੈਟਰੋਲ ਦੇ ਰੇਟ ’ਤੇ ਕੇਂਦਰ ਸਰਕਾਰ ਸੂਬਿਆਂ ਤੋਂ ਵੈਟ ਘੱਟ ਕਰਨ ਨੂੰ ਕਹਿ ਰਹੀ ਹੈ। ਕੀ ਤੁਸੀਂ ਦਿੱਲੀ ਵਿਚ ਵੈਟ ਘੱਟ ਕਰੋਗੇ ?**

ਜਵਾਬ–4 ਵਰ੍ਹੇ ਪਹਿਲਾਂ ਜਦੋਂ ਭਾਜਪਾ ਕੇਂਦਰ ਦੀ ਸੱਤਾ ਵਿਚ ਆਈ ਸੀ ਤਾਂ ਉਸ ਸਮੇਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੇ ਭਾਅ ਡਿਗਣੇ ਸ਼ੁਰੂ ਹੋ ਗਏ ਸਨ ਪਰ ਇਸ ਦਾ ਫਾਇਦਾ ਜਨਤਾ ਨੂੰ ਨਹੀਂ ਮਿਲਿਆ ਅਤੇ ਕੇਂਦਰ ਸਰਕਾਰ ਨੇ ਪੈਟਰੋਲ ਅਤੇ ਡੀਜ਼ਲ ’ਤੇ ਐਕਸਾਈਜ਼ ਡਿਊਟੀ ਦੁੱਗਣੀ ਕਰ ਦਿੱਤੀ, ਹੁਣ ਜੇਕਰ ਕੇਂਦਰ ਨੇ ਟੈਕਸ ਦੁੱਗਣਾ ਕੀਤਾ ਹੈ ਤਾਂ ਕੇਂਦਰ ਨੂੰ ਇਹ ਟੈਕਸ ਘੱਟ ਕਰਨਾ ਚਾਹੀਦਾ ਹੈ, ਅਸੀਂ ਕਿਉਂ ਕਰੀਏ। ਜੇਕਰ ਅੱਜ ਅਸੀਂ ਟੈਕਸ ਘੱਟ ਕਰ ਦੇਈਏ ਤਾਂ ਕੇਂਦਰ ਸਰਕਾਰ ਫਿਰ ਟੈਕਸ ਵਧਾ ਦੇਵੇਗੀ, ਇਸ ਦੀ ਨੀਅਤ ਵਿਚ ਖਰਾਬੀ ਹੈ। ਇਸ ਤਰ੍ਹਾਂ ਸੂਬਿਆਂ ਦਾ ਮਾਲੀਆ ਵੀ ਕੇਂਦਰ ਕੋਲ ਚਲਾ ਜਾਵੇਗਾ।

**ਸਵਾਲ - ਲੋਕ ਸਭਾ ਚੋਣਾਂ ਆ ਰਹੀਆਂ ਹਨ, ਆਮ ਆਦਮੀ ਪਾਰਟੀ ਦੀ ਕੀ ਤਿਆਰੀ ਹੈ ?**

ਜਵਾਬ–ਸਾਡੀ ਤਿਆਰੀ ਚੰਗੀ ਹੈ। ਅਸੀਂ ਚੰਗੇ ਕੰਮ ਕੀਤੇ ਹਨ, ਚੰਗੀ ਸਿਆਸਤ ਕੀਤੀ ਹੈ, ਲੋਕਾਂ ਨੂੰ ਗੁੱਡ–ਗਵਰਨੈਂਸ ਦਿਖਾਈ ਹੈ। ਦਿੱਲੀ ਵਿਚ ਬਿਜਲੀ, ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ। ਅੱਜ ਦਿੱਲੀ ਵਿਚ ਸਰਕਾਰੀ ਸਕੂਲਾਂ ਦੇ ਨਤੀਜੇ ਪ੍ਰਾਈਵੇਟ ਸਕੂਲਾਂ ਤੋਂ ਬਿਹਤਰ ਆ ਰਹੇ ਹਨ। ਹਸਪਤਾਲਾਂ ਵਿਚ ਏਅਰਕੰਡੀਸ਼ਨ ਲਗਵਾ ਦਿੱਤੇ ਗਏ ਹਨ। ਲੋਕਾਂ ਨੂੰ ਮੁਫਤ ਵਿਚ ਦਵਾਈਆਂ ਮਿਲ ਰਹੀਆਂ ਹਨ ਅਤੇ ਮੁਫਤ ਵਿਚ ਟੈਸਟ ਕੀਤੇ ਜਾ ਰਹੇ ਹਨ। ਮੁਹੱਲਾ ਕਲੀਨਿਕਾਂ ਨਾਲ ਲੋਕਾਂ ਨੂੰ ਸਹੂਲਤ ਮਿਲੀ ਹੈ। ਅਸੀਂ ਆਪਣੇ ਕੰਮਾਂ ਦੇ ਆਧਾਰ ’ਤੇ ਚੋਣਾਂ ਵਿਚ ਜਾਵਾਂਗੇ।

> **ਹਰਵਿੰਦਰ ਸਿੰਘ ਫੂਲਕਾ ਦੀ ਮੰਗ ਬਿਲਕੁਲ ਜਾਇਜ਼ ਹੈ। ਉਹ ਐੱਫਆਈਆਰ. ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦਾ ਨਾਂ ਪਾਉਣ ਦੀ ਮੰਗ ਕਰ ਰਹੇ ਹਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਬਹਿਬਲ ਕਲਾਂ ਵਿਚ ਹੋਈ ਫਾਇਰਿੰਗ ਦੇ ਮਾਮਲੇ ਵਿਚ ਬਾਦਲਾਂ ’ਤੇ ਉਂਗਲੀ ਉਠਾਈ ਗਈ ਹੈ ਅਤੇ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਲੋਕਾਂ ਨੇ ਉਨ੍ਹਾਂ ਨੂੰ ਵਿਧਾਨ ਸਭਾ ਦੇ ਅੰਦਰ ਸੰਘਰਸ਼ ਕਰਨ ਅਤੇ ਲੜਨ ਲਈ ਭੇਜਿਆ ਹੈ। ਮੇਰੀ ਵੀ ਉਨ੍ਹਾਂ ਨਾਲ ਮੁਲਾਕਾਤ ਹੋਈ ਹੈ।**



**ਸਵਾਲ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ 4 ਵਰ੍ਹਿਆਂ ਵਿਚ ਕੀਤੇ ਗਏ ਕੰਮਾਂ ਨੂੰ ਤੁਸੀਂ ਕਿਵੇਂ ਦੇਖਦੇ ਹੋ ?**

ਜਵਾਬ–ਪ੍ਰਧਾਨ ਮੰਤਰੀ ਨੇ 4 ਵਰ੍ਹਿਆਂ ਵਿਚ ਕੀਤਾ ਹੀ ਕੀ ਹੈ ? ਮੈਂ ਜਦੋਂ ਉਨ੍ਹਾਂ ਦੇ ਕੱਟੜ ਸਮਰਥਕਾਂ ਨੂੰ ਵੀ ਉਨ੍ਹਾਂ ਦੇ ਕੰਮਾਂ ਸਬੰਧੀ ਸਵਾਲ ਪੁੱਛਦਾ ਹਾਂ ਤਾਂ ਉਨ੍ਹਾਂ ਕੋਲ ਜਵਾਬ ਨਹੀਂ ਹੁੰਦਾ। ਉਨ੍ਹਾਂ ਬਾਰੇ ਸਮਰਥਕ ਇਹੋ ਕਹਿੰਦੇ ਹਨ ਕਿ ਉਹ 24 ਘੰਟੇ ਕੰਮ ਕਰਦੇ ਹਨ, ਸੌਂਦੇ ਨਹੀਂ ਹਨ ਪਰ ਇਹ ਤਾਂ ਦੱਸੋ ਕਿ ਕਰਦੇ ਕੀ ਹਨ ? ਨੋਟਬੰਦੀ ਅਤੇ ਜੀਐੱਸਟੀ. ਰਾਹੀਂ ਕਾਰੋਬਾਰ ਤਬਾਹ ਕਰ ਦਿੱਤੇ, ਬੇਰੋਜ਼ਗਾਰੀ ਵਧ ਗਈ, ਉਨ੍ਹਾਂ ਦੀ ਪਾਰਟੀ ਧਰਮ ਅਤੇ ਜਾਤ ਦੀ ਸਿਆਸਤ ਕਰਦੀ ਹੈ। ਜੇਕਰ ਲੋਕਾਂ ਨੂੰ ਧਰਮ ਅਤੇ ਜਾਤ ਦੀ ਸਿਆਸਤ ਚਾਹੀਦੀ ਹੈ ਤਾਂ ਕਾਂਗਰਸ–ਭਾਜਪਾ ਕੋਲ ਜਾਓ ਅਤੇ ਜੇਕਰ ਆਪਣੇ ਬੱਚਿਆਂ ਲਈ ਚੰਗੀ ਸਿੱਖਿਆ, ਸਿਹਤ ਅਤੇ ਹਸਪਤਾਲ ਚਾਹੀਦੇ ਹਨ ਤਾਂ ਸਾਡੇ ਕੋਲ ਆਓ। ਸਾਡੀ ਨੀਅਤ ਠੀਕ ਹੈ, ਸਾਨੂੰ ਸਰਕਾਰ ਚਲਾਉਣੀ ਆਉਂਦੀ ਹੈ ਅਤੇ ਅਸੀਂ ਇਹ ਕਰ ਕੇ ਦਿਖਾਇਆ ਹੈ।

**ਸਵਾਲ - ਸੁਖਪਾਲ ਸਿੰਘ ਖਹਿਰਾ ਦਾ ਦੋਸ਼ ਹੈ ਕਿ ਤੁਸੀਂ ਪਾਰਟੀ ਦੀਆਂ ਖਾਮੀਆਂ ’ਤੇ ਉਨ੍ਹਾਂ ਦੀ ਗੱਲ ਨਹੀਂ ਸੁਣਦੇ, ਇਸੇ ਕਾਰਨ ਪਾਰਟੀ ਵਿਚ ਬਿਖਰਾਅ ਹੈ ?**

ਜਵਾਬ–ਇਹ ਸਾਡੇ ਪਰਿਵਾਰ ਦਾ ਮਾਮਲਾ ਹੈ। ਮੈਂ ਮੰਨਦਾ ਹਾਂ ਕਿ ਪਾਰਟੀ ਵਿਚ ਖਿੱਚ–ਧੂਹ ਚੱਲ ਰਹੀ ਹੈ ਪਰ ਇਸ ਨੂੰ ਸੁਲਝਾ ਲਿਆ ਜਾਵੇਗਾ।

**ਸਵਾਲ - ਪੰਜਾਬ ਦੇ ਨੇਤਾ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਕ ਟਵੀਟ ਰਾਹੀਂ ਹੀ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ, ਵਿਰੋਧੀ ਧਿਰ ਦੇ ਨੇਤਾ ਨੂੰ ਬਦਲਣ ਦੀ ਲੋੜ ਕਿਉਂ ਪੈ ਗਈ ?**

ਜਵਾਬ–ਅਸੀਂ ਦਲਿਤਾਂ ਨੂੰ ਮੌਕਾ ਦੇਣਾ ਚਾਹੁੰਦੇ ਸੀ। ਦਲਿਤ ਵਰਗ ਲੰਮੇ ਸਮੇਂ ਤੋਂ ਸ਼ੋਸ਼ਿਤ ਹੈ। ਉਂਝ ਤਾਂ ਆਮ ਆਦਮੀ ਪਾਰਟੀ ਨੂੰ ਸਾਰੇ ਵਰਗਾਂ ਦਾ ਸਮਰਥਨ ਹਾਸਲ ਹੈ ਪਰ ਦਲਿਤਾਂ ਨੇ ਆਮ ਆਦਮੀ ਪਾਰਟੀ ਨੂੰ ਦਿੱਲੀ ਅਤੇ ਪੰਜਾਬ ਦੋਵਾਂ ਥਾਵਾਂ ’ਤੇ ਭਾਰੀ ਸਮਰਥਨ ਦਿੱਤਾ ਹੈ। ਲਿਹਾਜ਼ਾ ਉਨ੍ਹਾਂ ਨੂੰ ਅਗਵਾਈ ਅਤੇ ਅਹੁਦੇ ਰਾਹੀਂ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਪਾਰਟੀ ਨੇ ਇਹੋ ਕੀਤਾ ਹੈ।

**ਸਵਾਲ - ਜੇਕਰ ਅਜਿਹਾ ਹੈ ਤਾਂ ਦਿੱਲੀ ਵਿਚ ਦਲਿਤ ਚਿਹਰੇ ਨੂੰ ਵੱਡਾ ਅਹੁਦਾ ਕਿਉਂ ਨਹੀਂ ਦਿੱਤਾ ਗਿਆ ?**

ਜਵਾਬ–ਦਿੱਲੀ ਵਿਚ ਅਸੀਂ ਜਿੰਨੀ ਅਗਵਾਈ ਦੇ ਸਕਦੇ ਹਾਂ, ਉਹ ਅਸੀਂ ਦੇ ਰਹੇ ਹਾਂ।

**ਸਵਾਲ - ਪੰਜਾਬ ਵਿਚ ਸੁੱਚਾ ਸਿੰਘ ਛੋਟੇਪੁਰ ਅਤੇ ਧਰਮਵੀਰ ਗਾਂਧੀ ਦੀ ਪਾਰਟੀ ਵਿਚ ਵਾਪਸੀ ਸਬੰਧੀ ਚੱਲ ਰਹੀ ਚਰਚਾ ਵਿਚ ਕਿੰਨੀ ਸੱਚਾਈ ਹੈ ?**

ਜਵਾਬ – ਅਸੀਂ ਚਾਹੁੰਦੇ ਹਾਂ ਕਿ ਉਹ ਦੋਵੇਂ ਵਾਪਸ ਆ ਜਾਣ। ਦੋਵਾਂ ਨਾਲ ਗੱਲਬਾਤ ਚੱਲ ਰਹੀ ਹੈ।

**ਸਵਾਲ - ਪਰ ਛੋਟੇਪੁਰ ਨੂੰ ਤਾਂ ਭ੍ਰਿਸ਼ਟਾਚਾਰ ਦਾ ਸਟਿੰਗ ਆਪ੍ਰੇਸ਼ਨ ਹੋਣ ਦਾ ਹਵਾਲਾ ਦੇ ਕੇ ਕੱਢਿਆ ਗਿਆ ਸੀ, ਉਸ ਦਾ ਕੀ ਹੋਵੇਗਾ ?**

ਜਵਾਬ – ਉਨ੍ਹਾਂ ਨਾਲ ਬੈਠ ਕੇ ਗੱਲਬਾਤ ਕਰਾਂਗੇ।

**ਸਵਾਲ - ਭਗਵੰਤ ਮਾਨ ਤੁਹਾਡੇ ਵਲੋਂ ਬਿਕਰਮ ਮਜੀਠੀਆ ਤੋਂ ਮੰਗੀ ਗਈ ਮੁਆਫੀ ਨੂੰ ਲੈ ਕੇ ਨਾਰਾਜ਼ ਹਨ, ਉਹ ਅਸਤੀਫਾ ਵਾਪਸ ਨਹੀਂ ਲੈਣਾ ਚਾਹੁੰਦੇ।**

ਜਵਾਬ–ਮੇਰੀ ਕੋਈ ਨਾਰਾਜ਼ਗੀ ਨਹੀਂ ਹੈ। ਮੇਰਾ ਫੋਨ ਚੈੱਕ ਕਰ ਲਓ, ਮੇਰੀ ਰੋਜ਼ ਉਨ੍ਹਾਂ ਨਾਲ ਚਾਰ ਵਾਰ ਗੱਲ ਹੁੰਦੀ ਹੈ।

**ਸਵਾਲ - ਵਿਜੇ ਮਾਲਿਆ ਦੇ ਦੇਸ਼ ਛੱਡਣ ਤੋਂ ਪਹਿਲਾਂ ਅਰੁਣ ਜੇਤਲੀ ਨਾਲ ਮੁਲਾਕਾਤ ਦੇ ਬਿਆਨ ’ਤੇ ਤੁਹਾਡੀ ਕੀ ਪ੍ਰਤੀਕਿਰਿਆ ਹੈ ?**

ਜਵਾਬ–ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਾਲਿਆ ਮਾਮਲੇ ਦੇ ਨਾਲ–ਨਾਲ ਰਾਫੇਲ ਡੀਲ ’ਤੇ ਵੀ ਜਵਾਬ ਦੇਣਾ ਚਾਹੀਦਾ ਹੈ ਕਿਉਂਕਿ ਗੱਲ ਹੁਣ ਸਿੱਧੇ ਪ੍ਰਧਾਨ ਮੰਤਰੀ ਤੱਕ ਪਹੁੰਚ ਗਈ ਹੈ। ਉਹ ਈਮਾਨਦਾਰੀ ਨੂੰ ਮੁੱਦਾ ਬਣਾ ਕੇ ਸੱਤਾ ਵਿਚ ਆਏ ਸਨ, ਹੁਣ ਉਨ੍ਹਾਂ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ 560 ਕਰੋੜ ਰੁਪਏ ਦਾ ਏਅਰਕ੍ਰਾਫਟ 1500 ਕਰੋੜ ਵਿਚ ਕਿਉਂ ਖਰੀਦਿਆ ਅਤੇ 10 ਦਿਨ ਪੁਰਾਣੀ ਕੰਪਨੀ ਨੂੰ ਇਸ ਮਾਮਲੇ ਵਿਚ ਠੇਕਾ ਕਿਵੇਂ ਮਿਲ ਗਿਆ। ਵਿਜੇ ਮਾਲਿਆ ਨੂੰ ਦੇਸ਼ ਵਿਚੋਂ ਕਿਉਂ ਭਜਾਇਆ ਗਿਆ। ਇਸ ਗੱਲ ਸਬੰਧੀ ਮੋਦੀ ਦੇ ਸਮਰਥਕ ਵੀ ਉਨ੍ਹਾਂ ਤੋਂ ਨਾਰਾਜ਼ ਹਨ ਅਤੇ ਉਨ੍ਹਾਂ ਦੀਆਂ ਉਮੀਦਾਂ ਵੀ ਟੁੱਟ ਚੁੱਕੀਆਂ ਹਨ।

**ਸਵਾਲ - ਹਰਵਿੰਦਰ ਸਿੰਘ ਫੂਲਕਾ ਅਸਤੀਫਾ ਦੇਣ ’ਤੇ ਅੜੇ ਹਨ, ਇਸ ’ਤੇ ਤੁਹਾਡੀ ਉਨ੍ਹਾਂ ਨਾਲ ਕੋਈ ਗੱਲਬਾਤ ਹੋਈ ਹੈ ?**

ਜਵਾਬ–ਉਨ੍ਹਾਂ ਦੀ ਮੰਗ ਬਿਲਕੁਲ ਜਾਇਜ਼ ਹੈ। ਉਹ ਐੱਫਆਈਆਰ. ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦਾ ਨਾਂ ਪਾਉਣ ਦੀ ਮੰਗ ਕਰ ਰਹੇ ਹਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਬਹਿਬਲ ਕਲਾਂ ਵਿਚ ਹੋਈ ਫਾਇਰਿੰਗ ਦੇ ਮਾਮਲੇ ਵਿਚ ਬਾਦਲਾਂ ’ਤੇ ਉਂਗਲੀ ਉਠਾਈ ਗਈ ਹੈ ਅਤੇ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਲੋਕਾਂ ਨੇ ਉਨ੍ਹਾਂ ਨੂੰ ਵਿਧਾਨ ਸਭਾ ਦੇ ਅੰਦਰ ਸੰਘਰਸ਼ ਕਰਨ ਅਤੇ ਲੜਨ ਲਈ ਭੇਜਿਆ ਹੈ। ਮੇਰੀ ਵੀ ਉਨ੍ਹਾਂ ਨਾਲ ਮੁਲਾਕਾਤ ਹੋਈ ਹੈ।

**ਸਵਾਲ - ਕੀ ਪੰਜਾਬ ਵਿਚ ਤੁਸੀਂ ਨਾਂਹ-ਪੱਖੀ ਚੋਣ ਪ੍ਰਚਾਰ ਕਾਰਨ ਹਾਰੇ ?**

ਜਵਾਬ–ਮੇਰਾ ਚੋਣ ਪ੍ਰਚਾਰ ਮੁੱਦਿਆਂ ’ਤੇ ਆਧਾਰਿਤ ਸੀ। ਅਸੀਂ ਤਾਂ ਇਥੇ ਬਿਜਲੀ, ਪਾਣੀ, ਸਿਹਤ ਅਤੇ ਸਿੱਖਿਆ ਦੇ ਆਲੇ–ਦੁਆਲੇ ਪ੍ਰਚਾਰ ਕੀਤਾ ਸੀ। ਕੁਝ ਵੱਡੇ ਪੱਧਰ ’ਤੇ ਗੜਬੜ ਹੋਈ ਹੈ, ਮੈਂ ਕਹਿ ਨਹੀਂ ਸਕਦਾ ਪਰ ਜੋ ਮਾਹੌਲ ਸੀ, ਉਹ ਅਜਿਹਾ ਨਹੀਂ ਸੀ ਕਿ ਆਮ ਆਦਮੀ ਪਾਰਟੀ ਦਾ ਇੰਨਾ ਬੁਰਾ ਹਾਲ ਹੋਵੇ।

**ਸਵਾਲ - ਪਾਰਟੀ ਵਿਚ ਚੱਲ ਰਹੀ ਖਿੱਚ-ਧੂਹ ਅਤੇ ਨੀਤੀਆਂ ਕਾਰਨ ਤੁਹਾਡੇ ਕੱਟੜ ਐੱਨਆਰਆਈ. ਸਮਰਥਕ ਨਾਰਾਜ਼ ਹਨ, ਤੁਸੀਂ ਕੀ ਕਰੋਗੇ ?**

ਜਵਾਬ–ਜੋ ਲੋਕ ਨਾਰਾਜ਼ ਹਨ ਕੀ ਉਨ੍ਹਾਂ ਨੇ ਮੇਰੇ ਕੰਮ ਨਹੀਂ ਦੇਖੇ। ਆਮ ਆਦਮੀ ਪਾਰਟੀ ਦੇ ਕੰਮਾਂ ਦੇ ਆਧਾਰ ’ਤੇ ਸਾਡੇ ਬਾਰੇ ਧਾਰਨਾ ਬਣਾਈ ਜਾਵੇ। ਜੇਕਰ ਮੈਂ ਭ੍ਰਿਸ਼ਟਾਚਾਰ ਕਰਾਂ ਤਾਂ ਸੂਲੀ ’ਤੇ ਟੰਗ ਦਿਓ।

ਅਸੀਂ ਕੰਮ ਦੇ ਵਾਅਦੇ ਨਾਲ ਆਏ ਹਾਂ ਅਤੇ ਰੁਕਾਵਟਾਂ ਦੇ ਬਾਵਜੂਦ ਕੰਮ ਕੀਤਾ ਹੈ। ਜੇਕਰ ਮੈਂ ਕਿਸੇ ਦੇ ਮੈਸੇਜ ਦਾ ਜਵਾਬ ਨਾ ਦੇਵਾਂ ਤਾਂ ਨਾਰਾਜ਼ਗੀ ਹੈ। ਜੇਕਰ ਮੈਂ ਸ਼ਰਟ ਅੰਦਰ ਕਰ ਲਵਾਂ ਤਾਂ ਨਾਰਾਜ਼ਗੀ ਹੈ।

ਜੇਕਰ ਪਾਰਟੀ ਵਿਚ ਕੁਝ ਹੋ ਰਿਹਾ ਹੈ ਤਾਂ ਨਾਰਾਜ਼ਗੀ ਹੈ। ਸਾਨੂੰ ਆਪਣੇ ਫੈਸਲੇ ਲੈਣ ਦਿੱਤੇ ਜਾਣ, ਸਾਨੂੰ ਫੈਸਲਾ ਲੈਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਗੁਜਰਾਤ ਵਿਚ ਭਾਜਪਾ 30 ਸਾਲ ਤੋਂ ਸੱਤਾ ਵਿਚ ਹੈ, ਮੱਧ ਪ੍ਰਦੇਸ਼ ਵਿਚ 15 ਸਾਲ ਤੋਂ ਉਨ੍ਹਾਂ ਦਾ ਰਾਜ ਹੈ ਪਰ ਅਸੀਂ ਜੋ ਕੰਮ 3 ਸਾਲ ਵਿਚ ਕੀਤੇ, ਉਹ ਕੰਮ ਇਨ੍ਹਾਂ ਦੋਵਾਂ ਸੂਬਿਆਂ ਵਿਚ ਨਹੀਂ ਹੋਏ।

# ਦੁਨੀਆ ਦੀਆਂ ਖ਼ਤਰਨਾਕ ਜੇਲ੍ਹਾਂ : ਜਿੱਥੇ ਬੰਦਾ ਹੀ ਬੰਦੇ ਨੂੰ ਮਾਰ ਕੇ ਖਾ ਜਾਂਦਾ ਏ

**ਦੁਨੀਆਂ ਵਿੱਚ 7 ਅਜਿਹੀਆਂ ਖ਼ਤਰਨਾਕ ਜੇਲ੍ਹਾਂ ਹਨ ਜਿਨ੍ਹਾਂ ਦੀ ਕਲਪਨਾ ਨਾਲ ਵੱਡੇ ਤੋਂ ਵੱਡੇ ਦੋਸ਼ੀ ਵੀ ਕੰਬ ਉੱਠਣ। ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿੱਚ ਕੈਦੀ ਇੱਕ ਦੂਜੇ ਨੂੰ ਜੀਊਂਦਾ ਖਾ ਜਾਂਦੇ ਹਨ। ਇਥੋਂ ਜੀਊਂਦੇ ਵਾਪਿਸ ਮੁੜ ਕੇ ਆਉਣਾ ਬੇਹੱਦ ਮੁਸ਼ਕਲ ਹੈ।**



**ਕੈਂਪ 22, ਨਾਰਥ ਕੋਰੀਆ :** ਨਾਰਥ ਕੋਰੀਆ ਨੂੰ ਪੂਰੀ ਦੁਨੀਆ ਉੱਥੋਂ ਦੇ ਤਾਨਾਸ਼ਾਹ ਲੀਡਰ ਕਿਮ ਜੋਂਗ ਉਨ ਲਈ ਜਾਣਦੀ ਹੈ, ਪਰ ਇੱਕ ਹੋਰ ਕਿਮ ਜੋਂਗ ਸੀ ਜਿਸ ਨੇ ਇਹ ਜੇਲ੍ਹ ਬਣਵਾਈ ਸੀ। ਕੈਂਪ 22 ਦਾ ਨਿਰਮਾਣ 1965 ਵਿੱਚ ਕਿਮ ਜੋਂਗ ਇਲ ਦੇ ਕਹਿਣ ਉੱਤੇ ਹੋਇਆ ਸੀ, ਇਸ ਜੇਲ ਵਿੱਚ 50 ਹਜ਼ਾਰ ਤੋਂ ਜ਼ਿਆਦਾ ਕੈਦੀ ਰਹਿੰਦੇ ਹਨ। ਇੱਥੇ ਕੈਦੀਆਂ 'ਤੇ ਅਣਮਨੁੱਖੀ ਤਸ਼ਦਦ ਕੀਤਾ ਜਾਂਦਾ ਹੈ ਤੇ ਬਾਇਓਲਾਜਿਕਲ ਹਥਿਆਰਾਂ ਦਾ ਇਸਤੇਮਾਲ ਵੀ ਕੀਤਾ ਜਾਂਦਾ ਹੈ।



**ਲਾ ਸਾਂਤੇ ਜੇਲ, ਫਰਾਂਸ :** ਫਰਾਂਸ ਦੀ ਰਾਜਧਾਨੀ ਪੈਰਿਸ ਤੋਂ ਥੋੜ੍ਹੀ ਦੂਰੀ ਉੱਤੇ ਸਥਿਤ ਇਹ ਜੇਲ ਸੁਸਾਈਡ ਚੇਲ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਜੇਲ ਦੀ ਸ਼ੁਰੂਆਤ ਤੋਂ ਹੀ ਇੱਥੇ ਕੈਦੀਆਂ ਦੇ ਆਤਮ-ਹੱਤਿਆਵਾਂ ਦੀਆਂ ਖ਼ਬਰਾਂ ਆਉਂਦੀਆਂ ਸਨ, ਜੋ ਦੱਸਣ ਲਈ ਕਾਫੀ ਸੀ ਕਿ ਇੱਥੇ ਉਨ੍ਹਾਂ ਨੂੰ ਕਿਸ ਤਰ੍ਹਾਂ ਤੜਪਾਇਆ ਜਾਂਦਾ ਹੋਵੇਗਾ। 1999 'ਚ ਸੌ ਤੋਂ ਜ਼ਿਆਦਾ ਕੈਦੀਆਂ ਨੇ ਆਤਮ-ਹੱਤਿਆ ਕਰ ਲਈ ਸੀ। ਆਤਮ-ਹੱਤਿਆ ਕਾਰਣ ਕੁੱਝ ਲੋਕ ਇਹ ਵੀ ਕਹਿੰਦੇ ਹਨ ਕਿ ਜੇਲ ਵਿੱਚ ਭੂਤਾਂ ਦਾ ਰਾਜ ਹੈ।



**ਗੀਤਾਰਮਾ ਸੈਂਟਰਲ ਜੇਲ, ਰਵਾਂਡਾ :** ਰਵਾਂਡਾ ਵਿੱਚ ਬਣੀ ਇਸ ਜੇਲ ਨੂੰ ਦੁਨੀਆਂ ਦੀ ਸਭ ਤੋਂ ਬੁਰੀ ਜੇਲ ਵੀ ਕਿਹਾ ਜਾਂਦਾ ਹੈ। ਇੱਥੋਂ ਦੇ ਕੈਦੀਆਂ ਬਾਰੇ ਇਹ ਵੀ ਮਸ਼ਹੂਰ ਹੈ ਕਿ ਉਹ ਦੂਜੇ ਨੂੰ ਮਾਰ ਕੇ ਖਾਂਦੇ ਹਨ। ਇਸ ਜੇਲ ਵਿੱਚ ਸਿਰਫ਼ 600 ਕੈਦੀ ਹੀ ਰਹਿ ਸਕਦੇ ਹਨ ਪਰ ਇੱਥੋਂ 6 ਹਜ਼ਾਰ ਤੋਂ ਵੀ ਜ਼ਿਆਦਾ ਕੈਦੀਆਂ ਨੂੰ ਰੱਖਿਆ ਜਾਂਦਾ ਹੈ।



**ਅਲ ਹਾਇਰ ਜੇਲ, ਸਾਊਦੀ ਅਰਬ :** ਸਾਊਦੀ ਅਰਬ ਦੀ ਇਸ ਖ਼ਤਰਨਾਕ ਜੇਲ ਵਿੱਚ ਵੀ ਕੈਦੀਆਂ ਦੇ ਨਾਲ ਅਜਿਹੇ ਤਸ਼ੱਦਦ ਕੀਤੇ ਜਾਂਦੇ ਹਨ ਕਿ ਉਹ ਆਪਣੀ ਜਾਨ ਖ਼ੁਦ ਹੀ ਲੈ ਲੈਂਦੇ ਹਨ। ਇੱਕ ਰਿਪੋਰਟ ਮੁਤਾਬਕ ਸਾਲ 2002 ਵਿੱਚ ਜੇਲ ਪ੍ਰਸ਼ਾਸਨ ਦੇ ਟਾਰਚਰ ਤੋਂ ਤੰਗ ਆ ਕੇ ਕੁੱਝ ਕੈਦੀਆਂ ਨੇ ਜੇਲ ਵਿੱਚ ਅੱਗ ਲਗਾ ਦਿੱਤੀ ਸੀ, ਜਿਸ ਵਿੱਚ ਲਗਭਗ 200 ਲੋਕ ਮਾਰੇ ਗਏ ਸਨ।

**ਟਡਮੋਰ ਜੇਲ, ਸੀਰੀਆ :** ਸੀਰੀਆ ਦੇ ਕਿਸੇ ਜੇਲ ਵਿੱਚ ਅਗਰ ਕੈਦੀ ਸਭ ਤੋਂ ਜ਼ਿਆਦਾ ਮਰਦੇ ਹਨ ਤਾਂ ਉਹ ਟਡਮੋਰ ਜੇਲ ਹੈ। ਇਸ ਜੇਲ ਵਿੱਚ ਕੈਦੀਆਂ ਨੂੰ ਭੁੱਖਾ ਰੱਖਣਾ ਆਮ ਗੱਲ ਹੈ, ਇਹ ਜੇਲ ਕਿੰਨੀ ਖ਼ਤਰਨਾਕ ਹੈ। ਇਸਦਾ ਅੰਦਾਜ਼ਾ ਇਸੇ ਗੱਲ ਤੋਂ ਲਗਾ ਸਕਦੇ ਹਾਂ ਕਿ ਇਸਨੂੰ 'ਡੈਥ ਵਾਰੰਟ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।



**ਲਾ ਸਾਬਾਨੇਟਾ, ਵੇਨੇਜ਼ੁਏਲਾ :** ਵੇਨੇਜ਼ੁਏਲਾ ਜੇਲ ਵਿੱਚ ਕੈਦੀ ਗੈਂਗ ਬਣਾ ਕੇ ਰਹਿੰਦੇ ਹਨ। ਜਿਸ ਕਾਰਣ ਇੱਥੇ ਕਈ ਵਾਰ ਖ਼ੂਨੀ ਗੈਂਗਵਾਰ ਹੁੰਦੇ ਹਨ। ਸਾਲ 1994 ਵਿੱਚ ਜੇਲ ਵਿੱਚ ਇੱਕ ਅਜਿਹਾ ਖੌਫਨਾਕ ਗੈਂਗਵਾਰ ਹੋਇਆ ਕਿ ਉਸ ਵਿੱਚ 100 ਤੋਂ ਜ਼ਿਆਦਾ ਕੈਦੀ ਮਾਰੇ ਗਏ ਸਨ।





**ਬੇਂਗਵਾਂਗ ਜੇਲ, ਥਾਈਲੈਂਡ :** ਥਾਈਲੈਂਡ ਦੀ ਇਸ ਜੇਲ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਕੈਦੀਆਂ ਨੂੰ ਟਾਰਚਰ ਕਰਨ ਲਈ ਕੈਮੀਕਲ ਦਾ ਇਸਤੇਮਾਲ ਕੀਤਾ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਮੌਤ ਦੀ ਸਜ਼ਾ ਪਾਉਣ ਵਾਲੇ ਕੈਦੀਆਂ ਨੂੰ ਜੇਲ ਵਿੱਚ ਲੋਹੇ ਦੀਆਂ ਜ਼ੰਜੀਰਾਂ ਨਾਲ ਬੰਨ੍ਹਿਆ ਜਾਂਦਾ ਹੈ। ਕੁੱਝ ਸਮੇਂ ਪਹਿਲਾਂ ਤੱਕ ਇੱਥੇ ਮੌਤ ਦੀ ਸਜ਼ਾ ਦੇਣ ਲਈ ਮੁਜਰਿਮ ਦਾ ਸਿਰ ਵੀ ਕੱਟਿਆ ਜਾਂਦਾ ਸੀ।

## ਮਨਪ੍ਰੀਤ ਸਿੰਘ ਸੰਭਾਲਣਗੇ ਹਾਕੀ ਇੰਡੀਆ ਦੀ ਕਮਾਨ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਹਾਕੀ ਇੰਡੀਆ ਨੇ 18 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ। ਅਰਜਨ ਐਵਾਰਡੀ ਮਨਪ੍ਰੀਤ ਸਿੰਘ ਹੁਣ ਭਾਰਤੀ ਹਾਕੀ ਟੀਮ ਦੇ ਨਵੇਂ ਕਪਤਾਨ ਹੋਣਗੇ। ਮਨਪ੍ਰੀਤ ਆਗਾਮੀ 18 ਅਕਤੂਬਰ ਤੋਂ ਓਮਾਨ ਦੇ ਮਸਕਟ ਵਿਚ ਹੋਣ ਵਾਲੀ ਪੰਜਵੀਂ ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿਚ 18 ਮੈਂਬਰੀ ਭਾਰਤੀ ਹਾਕੀ ਟੀਮ ਦੀ ਕਪਤਾਨੀ ਸੰਭਾਲੇਗਾ। ਟੀਮ ਦੀ ਉਪ ਕਪਤਾਨੀ ਚਿਂਗਲੇਨਸਾਨਾ ਸਿੰਘ ਨੂੰ ਸੌਂਪੀ ਗਈ ਹੈ। ਭਾਰਤੀ ਟੀਮ ਵਿਚ ਮਾਹਰ ਗੋਲਕੀਪਰ ਪੀਆਰ ਸ੍ਰੀਜੇਸ਼ ਵੀ ਸ਼ਾਮਲ ਹੈ, ਜਦਕਿ ਨੌਜਵਾਨ ਗੋਲਕੀਪਰ ਕ੍ਰਿਸ਼ਨਾ ਬਹਾਦਰ ਪਾਠਕ ਨੂੰ ਵੀ ਟੀਮ ਵਿਚ ਥਾਂ ਦਿੱਤੀ ਗਈ ਹੈ। ਡਿਫੈਂਸ ਵਿਚ ਕੋਠਾਜੀਤ ਸਿੰਘ ਨੇ ਟੀਮ ਵਿਚ ਵਾਪਸੀ ਕੀਤੀ ਹੈ। 20 ਸਾਲ ਦੇ ਹਾਰਦਿਕ ਸਿੰਘ ਸੀਨੀਅਰ ਟੀਮ ਵਿਚ ਆਪਣਾ ਪਲੇਠਾ ਮੈਚ ਖੇਡੇਗਾ। ਹਰਮਨਪ੍ਰੀਤ ਸਿੰਘ, ਗੁਰਿੰਦਰ ਸਿੰਘ, ਵਰੁਣ ਕੁਮਾਰ, ਸੁਰਿੰਦਰ ਸਿੰਘ ਅਤੇ ਜਰਮਨਜੀਤ ਸਿੰਘ ਭਾਰਤ ਦੇ ਡਿਫੈਂਸ ਨੂੰ ਸੰਭਾਲਣਗੇ।

ਮਿਡਫੀਲਡਰ ਖੇਡਣ ਲਈ ਮਨਪ੍ਰੀਤ ਸਿੰਘ (ਕਪਤਾਨ), ਚਿਂਗਲੇਨਸਾਨਾ ਸਿੰਘ, ਲਲਿਤ ਕੁਮਾਰ ਉਪਾਧਿਆਇ, ਨੀਲਕਾਂਤਾ ਸ਼ਰਮਾ, ਸੁਮੀਤ ਨੂੰ ਲਿਆ ਗਿਆ ਹੈ। ਫਾਰਵਰਡ ਲਈ ਗੁਰਜੰਟ ਸਿੰਘ, ਆਕਾਸ਼ਦੀਪ ਸਿੰਘ, ਮਨਦੀਪ ਸਿੰਘ, ਦਿਲਪ੍ਰੀਤ ਸਿੰਘ ਖੇਡਣਗੇ। ਕੋਚ ਹਰਿੰਦਰ ਸਿੰਘ ਨੇ ਕਿਹਾ ਕਿ, "ਸਾਡੀ ਟੀਮ ਵਿਚ ਨੌਜਵਾਨਾਂ ਅਤੇ ਤਜਰਬੇਕਾਰ ਖਿਡਾਰੀਆਂ ਦਾ ਬਿਹਤਰੀਨ ਜੋੜ ਹੈ। ਭੁਵਨੇਸ਼ਵਰ ਵਿਚ ਹੋਣ ਵਾਲੇ ਵਿਸ਼ਵ ਕੱਪ ਤੋਂ ਪਹਿਲਾਂ ਸਾਡੇ ਕੋਲ ਕੁਝ ਖਿਡਾਰੀਆਂ ਨੂੰ ਪਰਖਣ ਦਾ ਸ਼ਾਨਦਾਰ ਮੌਕਾ ਹੈ। ਮੈਨੂੰ ਯਕੀਨ ਹੈ ਕਿ ਇਹ ਖਿਡਾਰੀ ਓਮਾਨ ਵਿਚ ਟੀਮ ਨੂੰ ਚੰਗਾ ਨਤੀਜਾ ਦੇਣਗੇ।"

ਭਾਰਤੀ ਟੀਮ ਅਗਲੇ ਤਿੰਨ ਹਫ਼ਤਿਆਂ ਤਕ ਭੁਵਨੇਸ਼ਵਰ ਵਿਚ ਕੌਮੀ ਕੋਚਿੰਗ ਕੈਂਪ ਵਿਚ ਆਪਣੀਆਂ ਤਿਆਰੀਆਂ ਨੂੰ ਮਜ਼ਬੂਤ ਕਰੇਗੀ, ਜਿਸ ਮਗਰੋਂ ਟੀਮ ਓਮਾਨ ਲਈ ਰਵਾਨਾ ਹੋਵੇਗੀ, ਜਿੱਥੇ ਟੂਰਨਾਮੈਂਟ 18 ਤੋਂ 28 ਅਕਤੂਬਰ ਤਕ ਖੇਡਿਆ ਜਾਵੇਗਾ। ਗੌਰਤਲਬ ਹੈ ਕਿ ਭਾਰਤ ਨੇ ਸੰਨ 2016 ਵਿਚ ਮਲੇਸ਼ੀਆ ਦੇ ਕੌਂਤਨ ਵਿਚ ਪਾਕਿਸਤਾਨ ਨੂੰ 3-2 ਗੋਲਾਂ ਨਾਲ ਹਰਾ ਕੇ ਇਹ ਖ਼ਿਤਾਬ ਜਿੱਤਿਆ ਸੀ। ਇਸ ਵਾਰ ਇਸ ਟੂਰਨਾਮੈਂਟ ਵਿਚ ਵਿਸ਼ਵ ਦੀ ਪੰਜਵੇਂ ਨੰਬਰ ਦੀ ਟੀਮ ਭਾਰਤ ਨੇ ਮਲੇਸ਼ੀਆ, ਪਾਕਿਸਤਾਨ, ਦੱਖਣੀ ਕੋਰੀਆ, ਜਾਪਾਨ ਅਤੇ ਮੇਜ਼ਬਾਨ ਓਮਾਨ ਨਾਲ ਖੇਡਣਾ ਹੈ।

## ਕਿਮ ਕੁਮਾਰੀ ਨੇ ਜਿੱਤਿਆ ਮਿਸ ਇੰਡੀਆ ਦਾ ਖਿਤਾਬ

**ਨਿਊਜਰਸੀ/ਰਾਜ ਗੋਗਨਾ :** ਨਿਊਜਰਸੀ 'ਚ ਹਰ ਸਾਲ ਬਿਊਟੀ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਾਰ ਸਾਲ-2018 ਦਾ ਸੁੰਦਰਤਾ ਮੁਕਾਬਲਾ ਨਿਊਜਰਸੀ ਸੂਬੇ ਦੇ ਨਾਮਵਰ ਭਾਰਤੀ ਹੋਟਲ ਰਾਇਲ ਐਲਬਰਟ ਪੈਲੇਸ ਫੋਰਡ ਵਿਖੇ ਹੋਇਆ। ਇਸ ਮੁਕਾਬਲੇ 'ਚ ਮਿਸ ਟੀਨ, ਮਿਸ ਤੇ ਮਿਸਜ਼ ਕੈਟਾਗਰੀ ਦੇ ਮੁਕਾਬਲੇ ਹੋਏ। ਮਿਸ ਟੀਨ ਮੁਕਾਬਲੇ ਵਿਚ ਈਸ਼ਾ ਕੋਡੇ ਨੇ ਬਾਜ਼ੀ ਮਾਰੀ। ਮਿਸ ਇੰਡੀਆ (ਨਿਊਜਰਸੀ) ਦਾ ਖਿਤਾਬ ਕਿਮ ਕੁਮਾਰੀ ਸਪੁੱਤਰੀ ਸੁਰਿੰਦਰ ਕੁਮਾਰ ਗੋਗਨਾ ਨੇ ਜਿੱਤਿਆ ਅਤੇ ਮਿਸਜ਼ ਇੰਡੀਆ (ਨਿਊਜਰਸੀ) ਵਿਚ ਰੁਚਿਤਾ ਮੋਦੀ ਸ਼ਾਹ ਚੁਣੀ ਗਈ। ਪ੍ਰਬੰਧਕਾਂ ਵੱਲੋਂ ਜੇਤੂਆਂ ਦੇ ਸਿਰਾਂ ਉਤੇ ਤਾਜ ਸਜਾ ਕੇ ਗਿਆ ਮਾਣ ਦਿੱਤਾ ਗਿਆ। ਇਹ ਪ੍ਰਤਿਯੋਗਤਾ ਨਿਊਜਰਸੀ 'ਚ ਉੱਘੇ ਹੋਟਲ ਕਾਰੋਬਾਰੀ ਐਲਬਰਟ ਡਿਸਾਨੀ ਸਟੇਟ ਡਾਇਰੈਕਟਰ ਸ਼ੋਬਨਾ ਪਟੇਲ ਵੱਲੋਂ ਕਰਵਾਈ ਗਈ ਸੀ।




## ਭਾਜਪਾ ਦੇ ਹੀ ਸਾਬਕਾ ਮੰਤਰੀ ਨੇ ਮੋਦੀ ਤੋਂ ਆਜ਼ਾਦ ਮੀਡੀਆ ਨੂੰ ਖ਼ਤਰਾ ਦੱਸਿਆ

**ਚੰਡੀਗੜ੍ਹ/ਬਿਊਰੋ ਨਿਊਜ਼ :**

ਭਾਰਤੀ ਜਨਤਾ ਪਾਰਟੀ ਦੀ ਅਟੱਲ ਬਿਹਾਰੀ ਵਾਜਪਈ ਦੀ ਸਰਕਾਰ ਵਿਚ ਕੇਂਦਰੀ ਮੰਤਰੀ ਰਹੇ ਉੱਘੇ ਪੱਤਰਕਾਰ ਅਰੁਣ ਸ਼ੋਰੀ ਨੇ ਕਿਹਾ ਕਿ ਜੇ ਭਾਜਪਾ ਸੰਨ 2019 ਦੀਆਂ ਲੋਕ ਸਭਾ ਚੋਣਾਂ 'ਚ ਮੁੜ ਸੱਤਾ ਵਿਚ ਆ ਗਈ ਤਾਂ ਪੱਤਰਕਾਰਾਂ ਲਈ ਹਾਲਾਤ ਐਮਰਜੈਂਸੀ ਨਾਲੋਂ ਵੀ ਮਾੜੇ ਹੋ ਜਾਣਗੇ। ਇਥੇ ਪ੍ਰੈਸ ਕਲੱਬ 'ਚ ਉਨ੍ਹਾਂ ਕਿਹਾ ਕਿ ਸਾਡੇ ਕੋਲ ਆਜ਼ਾਦੀ ਦੇ ਕੁਝ ਮਹੀਨੇ ਰਹਿ ਗਏ ਹਨ ਤੇ ਸਾਨੂੰ ਇਸ ਸਮੇਂ ਨੂੰ ਗਠਜੋੜ ਬਣਾਉਣ ਲਈ ਵਰਤਣਾ ਚਾਹੀਦਾ ਹੈ। ਇਹ ਪੁੱਛੇ ਜਾਣ ਉਤੇ ਕਿ ਬਾਬਰੀ ਮਸਜਿਦ ਢਾਹੇ ਜਾਣ ਅਤੇ ਗੁਜਰਾਤ ਦੰਗਿਆਂ ਤੋਂ ਕਾਫ਼ੀ ਸਮਾਂ ਲੰਘ ਜਾਣ ਬਾਅਦ ਵੀ ਉਹ ਭਾਜਪਾ ਤੋਂ ਦੂਰ ਕਿਉਂ ਨਹੀਂ ਹੋਏ? ਉਨ੍ਹਾਂ ਕਿਹਾ ਕਿ ਉਹ ਭਾਜਪਾ ਵਿੱਚ ਅਟਲ ਬਿਹਾਰੀ ਵਾਜਪਾਈ ਕਰ ਕੇ ਸਨ। ਸ੍ਰੀ ਵਾਜਪਾਈ ਮੋਦੀ ਨੂੰ ਹਟਾਉਣਾ ਚਾਹੁੰਦੇ ਸਨ ਤੇ ਜੇ ਉਹ ਅਜਿਹਾ ਕਰਦੇ ਤਾਂ ਭਾਜਪਾ ਵੰਡੀ ਜਾਣੀ ਸੀ। ਰਾਫਾਲ ਸੌਦੇ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ, "ਜਦੋਂ ਸਰਕਾਰ ਲਈ ਮਾੜੀ ਸਥਿਤੀ ਬਣਦੀ ਹੈ ਤਾਂ ਇਹ ਮੀਡੀਆ ਰਾਹੀ ਲੋਕਾਂ ਦਾ ਧਿਆਨ ਅਸਲ ਮੁੱਦੇ ਤੋਂ ਹਟਾਉਣ ਦਾ ਯਤਨ ਕਰਦੀ ਹੈ। ਇਸ ਮੁੱਦੇ 'ਤੇ ਮੀਡੀਆ ਨੇ ਸਾਨੂੰ ਕੁਝ ਥਾਂ ਦਿੱਤੀ ਪਰ ਅਗਲੇ ਦਿਨ ਮੰਤਰੀਆਂ ਦੇ ਬਿਆਨਾਂ ਨੂੰ ਬਹੁਤ ਜ਼ਿਆਦਾ ਵਧਾ ਚੜ੍ਹਾ ਕੇ ਛਾਪਿਆ ਗਿਆ ਤੇ ਇਸ ਤਰ੍ਹਾਂ ਉਨ੍ਹਾਂ ਵੱਲੋਂ ਪੇਸ਼ ਕੀਤੇ ਤੱਥ ਹੀ ਛੁਪ ਗਏ।"



ਇਸ ਸਮੇਂ ਜ਼ਿੰਦਗੀ ਅਤੇ ਮੌਤ ਨਾਲ ਸਬੰਧਤ ਮੁੱਦਿਆਂ ਨੂੰ ਅਣਗੌਲਿਆ ਕਰ ਦਿੱਤਾ ਗਿਆ ਹੈ। ਸਮਾਂ ਆਏਗਾ ਜਦੋਂ ਮੁੱਦਿਆਂ ਨੂੰ ਕੋਈ ਦਬਾਅ ਨਹੀਂ ਸਕੇਗਾ। ਉਨ੍ਹਾਂ ਕਿਹਾ ਕਿ ਮੀਡੀਆ ਆਪਣੇ ਲਾਲਚ ਕਾਰਨ ਮੁੱਦਿਆਂ ਤੋਂ ਧਿਆਨ ਲਾਂਭੇ ਕਰ ਰਿਹਾ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਈਵੈਂਟ ਮੈਨੇਜਰ ਹੈ ਅਤੇ ਮੀਡੀਆ ਘਰਾਣੇ ਪ੍ਰਾਪੇਗੰਡਾ ਦਾ ਸਾਧਨ ਬਣ ਕੇ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਸੂਚਨਾ ਦੇ ਅਧਿਕਾਰ ਰਾਹੀਂ ਸੱਚ ਦਾ ਪਤਾ ਲਾਉਂਦੇ 62 ਵਿਅਕਤੀ ਮਾਰੇ ਗਏ ਹਨ ਪਰ ਉਨ੍ਹਾਂ ਦੀਆਂ ਮੌਤਾਂ ਨੂੰ ਕਿਸੇ ਨੇ ਉਭਾਰਿਆ ਨਹੀਂ, ਇਹ ਮਾੜੀ ਗੱਲ ਹੈ।

## ਕੌਮਾਂਤਰੀ ਯੂਨੀਵਰਸਿਟੀ ਦਰਜਾਬੰਦੀ ਵਿਚ ਭਾਰਤ ਨੇ ਮਾਰੀਆਂ ਮੱਲਾਂ

**ਲੰਡਨ/ਬਿਊਰੋ ਨਿਊਜ਼ :** ਯੂਨੀਵਰਸਿਟੀਆਂ ਦੀ ਆਲਮੀ ਦਰਜਾਬੰਦੀ ਵਿੱਚ ਭਾਰਤ ਨੇ ਆਪਣੀ ਸਥਿਤ ਹੋਰ ਸੁਧਾਰਦਿਆਂ ਇਸ ਵਾਰ 49 ਥਾਵਾਂ ਉਤੇ ਕਬਜ਼ਾ ਕੀਤਾ ਹੈ, ਜਦੋਂਕਿ ਬੀਤੇ ਸਾਲ ਭਾਰਤ ਨੂੰ 42 ਸਥਾਨ ਮਿਲੇ ਸਨ। 'ਟਾਈਮਜ਼ ਉਚੇਰੀ ਸਿੱਖਿਆ ਆਲਮੀ ਯੂਨੀਵਰਸਿਟੀ ਦਰਜਾਬੰਦੀ' ਵਿੱਚ ਆਈਆਈਟੀ ਇੰਦੌਰ ਨੇ ਪਹਿਲੀ ਵਾਰ ਥਾਂ ਬਣਾਉਂਦਿਆਂ ਦੇਸ਼ ਦੀ ਦੂਜੀ ਚੋਟੀ ਦੀ ਯੂਨੀਵਰਸਿਟੀ ਦਾ ਦਰਜਾ ਹਾਸਲ ਕੀਤਾ ਹੈ, ਜੋ ਦੁਨੀਆ ਭਰ ਦੇ ਸਿਖਰਲੇ 400 ਅਦਾਰਿਆਂ ਵਿੱਚ ਸ਼ੁਮਾਰ ਹੋ ਗਈ ਹੈ। ਇਸ ਨੇ ਆਈਆਈਟੀ ਬੰਬਈ ਨੂੰ ਪਛਾੜਿਆ ਹੈ, ਜਦੋਂਕਿ ਦੇਸ਼ ਦਾ ਚੋਟੀ ਦਾ ਵਿੱਦਿਅਕ ਅਦਾਰਾ ਵੀ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸਿਜ਼, ਬੰਗਲੌਰ ਹੀ ਹੈ।

## ਆਦਿੱਤਿਆ ਇੰਸਾ ਦੀ ਗ੍ਰਿਫ਼ਤਾਰੀ ਲਈ ਬਣੇਗੀ 'ਸਿੱਟ'

**ਚੰਡੀਗੜ੍ਹ/ਬਿਊਰੋ ਨਿਊਜ਼ :** ਬਦਨਾਮ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੰਚਕੂਲਾ ਵਿੱਚ ਫੈਲੀ ਹਿੰਸਾ ਦੇ ਇੱਕ ਸਾਲ ਬਾਅਦ ਹਾਈ ਕੋਰਟ ਨੇ ਆਦਿੱਤਿਆ ਇੰਸਾਂ ਸਣੇ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਦੇ ਹੁਕਮ ਦਿੱਤੇ ਹਨ। ਆਦਿੱਤਿਆ ਇੰਸਾਂ ਦੀ ਪੁਲਿਸ ਨੂੰ ਕਾਫੀ ਦੇਰ ਤੋਂ ਭਾਲ ਹੈ। ਉਹ ਡੇਰੇ ਦੀਆਂ ਕਈ ਗੈਰਕਾਨੂੰਨੀ ਸਰਗਰਮੀਆਂ ਵਿਚ ਸ਼ਾਮਲ ਪਾਏ ਜਾਣ ਕਾਰਨ ਕਈ ਕੇਸਾਂ ਵਿਚ ਨਾਮਜ਼ਦ ਹੈ।

## ਬਲਾਤਕਾਰੀ 'ਫਲਾਹਾਰੀ ਬਾਬੇ' ਨੂੰ ਹੋਈ ਉਮਰ ਕੈਦ

**ਅਲਵਰ/ਬਿਊਰੋ ਨਿਊਜ਼ :** ਹਿੰਦੁਸਤਾਨ ਦੇ ਅਖੌਤੀ ਬਾਬਿਆਂ ਉਤੇ ਪਿਛਲੇ ਕਾਫੀ ਸਮੇਂ ਤੋਂ 'ਸਾੜ੍ਹਸਤੀ' ਚੱਲ ਰਹੀ ਹੈ। ਅਲਵਰ ਦੀ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਅਦਾਲਤ ਨੇ ਇਕ ਵਿਦਿਆਰਥਣ ਨਾਲ ਬਲਾਤਕਾਰ ਦੇ ਦੋਸ਼ ਹੇਠ ਫਲਾਹਾਰੀ ਬਾਬਾ ਨਾਮੀ ਅਖੌਤੀ ਸਾਧ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਹ ਬੀਤੇ ਸਾਲ ਸਤੰਬਰ ਤੋਂ ਜੇਲ੍ਹ ਵਿੱਚ ਬੰਦ ਹੈ।

## 'ਹੱਸਦਾ ਪੰਜਾਬ' ਸੰਸਥਾ ਵਲੋਂ 'ਵਿਸਾਖੀ ਮੇਲਾ' ਕਰਵਾਉਣ ਦਾ ਐਲਾਨ

**ਡੈਲਸ ਟੈਕਸਸ/ਬਿਊਰੋ ਨਿਊਜ਼ :** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਐਸੋਸੀਏਸ਼ਨ 'ਹੱਸਦਾ ਪੰਜਾਬ' ਵਲੋਂ 'ਵਿਸਾਖੀ-ਮੇਲਾ' ਆਉਂਦੇ ਸਾਲ 18 ਮਈ 2019, ਦਿਨ ਸ਼ਨਿਚਰਵਾਰ ਨੂੰ ਕਰਵਾਇਆ ਜਾਵੇਗਾ। ਇਸ ਵਿਚ ਗਿੱਧੇ ਭੰਗੜੇ, ਮੋਨੋ ਐਕਟਿੰਗ, ਸਕਿੱਟਾਂ ਅਤੇ ਗੀਤ-ਸੰਗੀਤ ਰਾਹੀਂ ਸਿਰਮੌਰ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਹ ਫੈਸਲਾ ਸੰਸਥਾ ਦੇ ਬੋਰਡ ਮੈਂਬਰਾਂ ਦੀ ਇੱਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਸੰਸਥਾ ਵਲੋਂ ਪਿਛਲੇ ਦਿਨੀਂ ਕਰਵਾਈਆਂ ਗਈਆਂ ਸਭਿਆਚਾਰਕ ਸਰਗਰਮੀਆਂ ਦਾ ਲੇਖਾ ਜੋਖਾ ਵੀ ਕੀਤਾ ਗਿਆ। ਮੈਂਬਰਾਂ ਨੇ ਸੰਸਥਾ ਦੇ ਕਾਰਜਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਭਵਿੱਖ ਵਿਚ ਇਸ ਨੂੰ ਹੋਰ ਵੀ ਵਧੀਆ ਬਣਾਉਣ ਦਾ ਤਹੱਈਆ ਕੀਤਾ।

# ਮਾਇਆਵਤੀ ਕਾਂਗਰਸ ਦੀਆਂ ਇਛਾਵਾਂ 'ਤੇ ਫੇਰਨ ਲੱਗੀ ਪਾਣੀ

- **ਪ੍ਰਧਾਨ ਮੰਤਰੀ ਬਣਨ ਦੇ ਵੱਡੇ ਸੁਪਨੇ ਪਾਲਣ ਲੱਗੀ**
- **ਬੋਲੀ ਮੈਨੂੰ ਪ੍ਰਧਾਨ ਬਣਾਉਣਾ ਹੈ ਤਾਂ ਸਮਝੌਤਾ ਕਰੋ**
- **ਭਾਜਪਾ ਵੀ ਮਾਇਆਵਤੀ ਨਾਲ ਬਣਾਉਣਾ ਚਾਹੁੰਦੀ ਏ ਗੱਠਜੋੜ**
- **ਮਾਇਆਵਤੀ ਤੋਂ ਬਿਨਾਂ ਯੂਪੀ 'ਚ ਮਹਾਂਗਠਜੋੜ ਬਣਨਾ ਤੇ ਭਾਜਪਾ ਨੂੰ ਹਰਾਉਣਾ ਔਖਾ**

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਯੂ. ਪੀ. ਵਿਚ ਇਕ ਤੋਂ ਬਾਅਦ ਇਕ ਤਿੰਨ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਹਾਰਨ, ਮੌਜੂਦਾ ਲੋਕ ਸਭਾ ਵਿਚ ਇਕ ਵੀ ਸੀਟ ਨਾ ਮਿਲਣ ਦੇ ਬਾਵਜੂਦ ਬਹੁਜਨ ਸਮਾਜ ਦੀ ਸੁਪਰੀਮੋ ਭੈਣ ਮਾਇਆਵਤੀ ਨੇ ਇਸ ਦੇਸ਼ ਦੀ ਪਹਿਲੀ ਦਲਿਤ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਨਹੀਂ ਛੱਡੀ ਹੈ। ਮਾਇਆਵਤੀ ਨੇ 2012 ਵਿਚ ਇਕ ਚੋਣ ਰੈਲੀ ਦੌਰਾਨ ਦਹਾੜ ਲਾਈ ਸੀ ਕਿ ਸੱਤਾ ਦੀ ਚਾਬੀ ਉਨ੍ਹਾਂ ਦੇ ਹੱਥ ਵਿਚ ਹੈ। ਫਿਰ 2014 ਵਿਚ ਬਸਪਾ ਨੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਐਲਾਨਿਆ ਸੀ।

ਇਸ ਸਾਲ ਮਈ ਵਿਚ ਬਸਪਾ ਦੀ ਕੌਮੀ ਕਾਰਜਕਾਰਨੀ ਨੇ ਇਕ ਮਤਾ ਪਾਸ ਕਰ ਕੇ ਇਹ ਐਲਾਨ ਕਰ ਦਿੱਤਾ ਕਿ 2019 ਦੀਆਂ ਚੋਣਾਂ ਵਿਚ ਮਾਇਆਵਤੀ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਹੋਵੇਗੀ। ਉਹ ਅਜਿਹਾ ਕਿਸੇ ਮਕਸਦ ਤੋਂ ਬਿਨਾਂ ਨਹੀਂ ਕਰ ਰਹੀ, ਕਿਉਂਕਿ ਇਸ ਇਰਾਦੇ ਦਾ ਮਕਸਦ ਪਾਰਟੀ ਵਰਕਰਾਂ ਨੂੰ ਪ੍ਰੇਰਿਤ ਕਰਨਾ ਸੀ, ਤਾਂ ਕਿ ਉਹ 'ਦਲਿਤ ਦੀ ਬੇਟੀ ਸਿਖਰ 'ਤੇ ਪਹੁੰਚ ਰਹੀ ਹੈ' ਦਾ ਸੁਪਨਾ ਵੇਚ ਸਕਣ। ਘੱਟੋ-ਘੱਟ ਇੰਨਾ ਹੋਵੇ ਕਿ ਮਾਇਆਵਤੀ 2019 ਤੋਂ ਬਾਅਦ ਦੇ ਚੋਣ ਦ੍ਰਿਸ਼ ਵਿਚ ਇਕ ਕਿੰਗਮੇਕਰ ਵਜੋਂ ਉੱਭਰੇ।

ਮਜ਼ੇ ਦੀ ਗੱਲ ਇਹ ਹੈ ਕਿ ਬਸਪਾ ਦੇ ਲਗਾਤਾਰ ਪਤਨ ਦੇ ਬਾਵਜੂਦ ਸਿਆਸੀ ਪਾਰਟੀਆਂ ਇਸ ਨਾਲ ਇਕ ਸਾਧਾਰਨ ਵਜ੍ਹਾ ਕਰਕੇ ਗੱਠਜੋੜ ਬਣਾਉਣ ਲਈ ਇਕ-ਦੂਜੀ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਵਿਚ ਹਨ ਕਿਉਂਕਿ ਬਸਪਾ ਦੀਆਂ ਵੋਟਾਂ 'ਟਰਾਂਸਫਰ' ਹੋਣ ਯੋਗ ਹਨ। ਇਥੇ ਇਕ ਵੱਡਾ ਸਵਾਲ ਇਹ ਹੋ ਸਕਦਾ ਹੈ ਕਿ ਮਾਇਆਵਤੀ ਕੀ ਆਪਣੀ ਇੱਛਾ ਪੂਰੀ ਕਰ ਸਕੇਗੀ? ਦੂਜੇ ਪਾਸੇ ਵਿਰੋਧੀ ਧਿਰ ਦੀ ਏਕਤਾ ਲਈ ਵੱਡੀਆਂ ਯੋਜਨਾਵਾਂ ਵਿਚ ਉਨ੍ਹਾਂ ਦੇ ਢੁੱਕਵੇਂਪਣ 'ਤੇ ਸਵਾਲ ਨਹੀਂ ਉਠਾਇਆ ਜਾ ਸਕਦਾ। ਇਥੋਂ ਤਕ ਕਿ ਭਾਜਪਾ ਵੀ ਬਸਪਾ ਨਾਲ ਗੱਠਜੋੜ ਬਣਾਉਣ ਦੇ ਵਿਰੁੱਧ ਨਹੀਂ ਹੈ।

ਬਸਪਾ ਦੀ 18 ਸੂਬਿਆਂ ਵਿਚ ਮੌਜੂਦਗੀ ਹੈ। ਜੇ ਵੋਟ ਹਿੱਸੇਦਾਰੀ ਦੀ ਗੱਲ ਕਰੀਏ ਤਾਂ ਕਾਂਗਰਸ ਤੇ ਭਾਜਪਾ ਤੋਂ ਬਾਅਦ ਇਹ ਤੀਜੀ ਸਭ ਤੋਂ ਵੱਡੀ ਪਾਰਟੀ ਹੈ। 2014 ਵਿਚ ਇਕ ਵੀ ਸੀਟ ਨਾ ਮਿਲਣ ਦੇ ਬਾਵਜੂਦ ਬਸਪਾ ਨੇ ਯੂ. ਪੀ. ਵਿਚ 19.8 ਫੀਸਦੀ ਵੋਟਾਂ ਹਾਸਿਲ ਕੀਤੀਆਂ, ਜਦਕਿ ਮੱਧ ਪ੍ਰਦੇਸ਼ ਅਤੇ ਉੱਤਰਾਖੰਡ ਵਿਚ 4.5 ਫੀਸਦੀ ਤੋਂ ਜ਼ਿਆਦਾ। ਇਸ ਤੋਂ ਇਲਾਵਾ ਇਸ ਨੇ ਕਰਨਾਟਕ, ਪੰਜਾਬ, ਦਿੱਲੀ, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਸਨਮਾਨਜਨਕ ਵੋਟ ਹਿੱਸੇਦਾਰੀ ਹਾਸਿਲ ਕੀਤੀ।

ਗੋਰਖਪੁਰ ਤੇ ਫੂਲਪੁਰ ਵਿਚ ਪਿੱਛੇ ਜਿਹੇ ਹੋਈਆਂ ਉਪ-ਚੋਣਾਂ ਵਿਚ ਸਪਾ ਦਾ ਸਮਰਥਨ ਕਰਨ ਤੋਂ ਬਾਅਦ ਮਾਇਆਵਤੀ ਦੀ ਤਾਕਤ ਵਧੀ ਹੈ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਇਕਜੁੱਟ ਵਿਰੋਧੀ ਧਿਰ ਭਾਜਪਾ ਨੂੰ ਆਸਾਨੀ ਨਾਲ ਹਰਾ ਸਕਦੀ ਹੈ। ਕਰਨਾਟਕ ਵਿਚ ਜਨਤਾ ਦਲ (ਐਸ) ਨਾਲ ਅਜਿਹਾ ਹੀ ਚੋਣਾਂ ਤੋਂ ਪਹਿਲਾਂ ਗੱਠਜੋੜ ਇਕਜੁੱਟ ਵਿਰੋਧੀ ਧਿਰ ਦੀ ਸਫਲਤਾ ਨੂੰ ਦਰਸਾਉਂਦਾ ਹੈ। ਇਸ ਗੱਲ ਦੀ ਸੰਭਾਵਨਾ ਸੀ ਕਿ ਇਸ ਨੂੰ ਸ਼ਾਇਦ ਸਾਲ ਦੇ ਅਖੀਰ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ 2019 ਦੀਆਂ ਲੋਕ ਸਭਾ ਚੋਣਾਂ ਤਕ



ਖਿੱਚਿਆ ਜਾ ਸਕਦਾ ਸੀ।

ਪਹਿਲਾ ਇਮਤਿਹਾਨ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ, ਜਿਥੇ ਇਨ੍ਹਾਂ ਸਾਰੇ ਭਾਜਪਾ ਦੇ ਸ਼ਾਸਨ ਵਾਲੇ ਸੂਬਿਆਂ ਵਿਚ ਤੇਜ਼ ਸੱਤਾ ਵਿਰੋਧੀ ਲਹਿਰ ਚੱਲ ਰਹੀ ਹੈ। ਭਾਜਪਾ ਜਾਂ ਕਾਂਗਰਸ ਲਈ ਹਾਰ ਜਾਂ ਜਿੱਤ ਦੇ ਦੂਰਗਸ ਨਤੀਜੇ ਨਿਕਲਣਗੇ। ਰਾਜਸਥਾਨ ਵਿਚ ਦਲਿਤਾਂ ਦੀ ਗਿਣਤੀ ਕੁਲ ਆਬਾਦੀ ਦਾ 17 ਫੀਸਦੀ ਤੋਂ ਵੱਧ ਹੈ, ਮੱਧ ਪ੍ਰਦੇਸ਼ ਵਿਚ 15 ਫੀਸਦੀ ਅਤੇ ਛੱਤੀਸਗੜ੍ਹ ਵਿਚ ਲੱਗਭਗ 12 ਫੀਸਦੀ। ਤਿੰਨਾਂ ਸੂਬਿਆਂ ਵਿਚ 65 ਲੋਕ ਸਭਾ ਸੀਟਾਂ ਹਨ। 2013 ਦੀਆਂ ਰਾਜਸਥਾਨ ਵਿਧਾਨ ਸਭਾ ਚੋਣਾਂ ਵਿਚ ਬਸਪਾ ਨੂੰ 3.5 ਫੀਸਦੀ, ਮੱਧ ਪ੍ਰਦੇਸ਼ ਵਿਚ 6.3 ਫੀਸਦੀ ਤੇ ਛੱਤੀਸਗੜ੍ਹ ਵਿਚ 4.25 ਫੀਸਦੀ ਵੋਟਾਂ ਮਿਲੀਆਂ ਸਨ। ਇਸ ਲਈ ਮਾਇਆਵਤੀ ਲੈਣ-ਦੇਣ ਦੀ ਸਥਿਤੀ ਵਿਚ ਹੈ।

ਹਾਲਾਂ ਕਿ ਮਹਾਗੱਠਜੋੜ, ਜਿਸ ਦੇ ਬਣਨ ਦੀ ਉਮੀਦ ਕਾਂਗਰਸ ਕਰ ਰਹੀ ਸੀ, ਲਈ ਜਾਣ ਦੀ ਬਜਾਏ ਮਾਇਆਵਤੀ ਨੇ ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਨਾਲ ਗੱਠਜੋੜ ਕਰ ਕੇ ਆਪਣੀ ਉਮੀਦ ਛੱਤੀਸਗੜ੍ਹ 'ਤੇ ਕੇਂਦ੍ਰਿਤ ਕਰ ਦਿੱਤੀ ਹੈ। ਅਜੀਤ ਜੋਗੀ ਨੇ ਕਾਂਗਰਸ ਨੂੰ ਛੱਡ ਕੇ ਆਪਣੀ ਪਾਰਟੀ 'ਜਨਤਾ ਕਾਂਗਰਸ' ਦਾ ਗਠਨ ਕਰ ਲਿਆ ਸੀ। ਮਾਇਆਵਤੀ ਨੇ ਦਿਖਾਇਆ ਹੈ ਕਿ ਉਹ ਅੱਖਾਂ ਮੀਚ ਕੇ ਭਾਜਪਾ ਵਿਰੋਧੀ ਮੋਰਚੇ ਵਿਚ ਸ਼ਾਮਿਲ ਨਹੀਂ ਹੋਵੇਗੀ।

ਇਹ ਕਾਂਗਰਸ ਲਈ ਦੋਹਰਾ ਅਪਮਾਨ ਹੈ ਕਿ ਗੱਠਜੋੜ ਲਈ ਮਾਇਆਵਤੀ ਨੇ ਅਜੀਤ ਜੋਗੀ ਨੂੰ ਚੁਣਿਆ। ਦੂਜੇ ਝਟਕੇ ਦੇ ਤੌਰ 'ਤੇ ਮੱਧ ਪ੍ਰਦੇਸ਼ ਵਿਚ ਬਸਪਾ ਨੇ ਸਾਰੀਆਂ ਸੀਟਾਂ 'ਤੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ, ਜਦਕਿ ਕਾਂਗਰਸ ਸੀਟਾਂ ਦੀ ਵੰਡ ਦੇ ਫਾਰਮੂਲੇ ਨੂੰ ਲੈ ਕੇ ਟਾਲ-ਮਟੋਲ ਕਰ ਰਹੀ ਸੀ। ਜਿਥੇ ਬਸਪਾ ਨੇ ਮੱਧ ਪ੍ਰਦੇਸ਼ ਵਿਚ ਸਿਰਫ 4 ਸੀਟਾਂ ਜਿੱਤੀਆਂ ਸਨ, ਉਥੇ ਹੀ ਦਲਿਤ ਵੋਟਰ ਸ਼ਾਇਦ ਸੰਤੁਲਨ ਨੂੰ ਉਨ੍ਹਾਂ ਦੇ ਪੱਖ ਵਿਚ ਝੁਕਾ ਸਕਦੇ ਹਨ, ਖਾਸ ਕਰਕੇ ਚੰਬਲ ਖੇਤਰ ਵਿਚ।

ਕਾਂਗਰਸ ਨੂੰ ਤੀਜਾ ਝਟਕਾ ਦਿੰਦਿਆਂ ਬਸਪਾ ਸ਼ਾਇਦ ਰਾਜਸਥਾਨ ਵਿਚ ਸਪਾ ਤੇ ਖੱਬੀਆਂ ਪਾਰਟੀਆਂ ਵਲੋਂ ਬਣਾਏ ਤੀਜੇ ਮੋਰਚੇ ਨਾਲ ਗੱਠਜੋੜ ਕਰ ਸਕਦੀ ਹੈ, ਜਿਥੇ ਕਾਂਗਰਸ ਜਿੱਤਣ ਦੀ ਸਥਿਤੀ ਵਿਚ ਹੈ। ਜੇ ਕਾਂਗਰਸ ਸੀਟਾਂ ਦੀ ਵੰਡ ਦੇ ਮਾਮਲੇ ਵਿਚ ਬਸਪਾ ਪ੍ਰਤੀ ਜ਼ਿਆਦਾ ਉਦਾਰ ਹੁੰਦੀ ਤਾਂ ਮਾਮਲਾ ਇੰਨਾ ਨਾ ਵਿਗੜਦਾ। ਕਾਂਗਰਸ ਅਜੇ ਵੀ 'ਬਹੁਮਤ ਵਾਲੀ ਪਾਰਟੀ' ਦੀ ਮਾਨਸਿਕਤਾ ਵਿਚ ਹੈ ਤੇ ਇਸ ਅਸਲੀਅਤ ਨੂੰ ਮਹਿਸੂਸ ਨਹੀਂ ਕਰ ਰਹੀ ਕਿ ਉਹ ਆਪਣੀ ਤਾਕਤ ਗੁਆ ਚੁੱਕੀ ਹੈ। ਇਸ ਲਈ ਵਿਰੋਧੀ ਧਿਰ ਦੀਆਂ ਵੋਟਾਂ ਵੰਡ ਹੋ ਸਕਦੀਆਂ ਹਨ, ਜਿਸ ਦਾ ਲਾਭ ਸ਼ਾਇਦ ਭਾਜਪਾ ਨੂੰ ਹੋਵੇਗਾ। ਸੱਤਾ ਵਿਚ ਵਾਪਸੀ ਕਰਨ ਦੀ ਭਾਜਪਾ ਦੀ ਉਮੀਦ ਪੂਰੀ ਤਰ੍ਹਾਂ ਨਾਲ ਇਕ ਵੰਡੀ ਹੋਈ ਵਿਰੋਧੀ ਧਿਰ 'ਤੇ ਟਿਕੀ ਹੈ ਤੇ ਕੇਂਦਰ ਵਿਚ ਸੱਤਾ ਵਿਚ ਹੋਣ ਦੇ ਨਾਤੇ ਭਾਜਪਾ ਮਾਇਆਵਤੀ ਤੇ ਵਿਰੋਧੀ ਧਿਰ ਦੇ ਹੋਰਨਾਂ ਨੇਤਾਵਾਂ 'ਤੇ ਦਬਾਅ ਬਣਾਉਣ ਦੀ ਸਥਿਤੀ ਵਿਚ ਹੈ, ਜੋ ਵੱਖ-ਵੱਖ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਮਾਇਆਵਤੀ ਤੇ ਅਜੀਤ ਜੋਗੀ ਦੋਵੇਂ ਹੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਸੀ. ਬੀ. ਆਈ. ਜਾਂਚ ਦਾ ਸਾਹਮਣਾ ਕਰ ਰਹੇ ਹਨ।

ਇਹ ਸਭ ਦਰਸਾਉਂਦਾ ਹੈ ਕਿ ਜੇ ਚੀਜ਼ਾਂ ਨਾਲ ਸਹੀ ਢੰਗ ਨਾਲ ਨਾ ਨਜਿੱਠਿਆ ਗਿਆ ਤਾਂ ਵਿਰੋਧੀ ਧਿਰ ਦੀ ਮਹਾਗੱਠਜੋੜ ਦੀ ਯੋਜਨਾ ਸਿਰੇ ਨਹੀਂ ਚੜ੍ਹੇਗੀ। ਇਹੋ ਮਾਇਆਵਤੀ ਨੇ ਯੂ. ਪੀ. ਵਿਚ ਕੀਤਾ, ਜੋ ਜ਼ਿਆਦਾ ਮਾਇਨੇ ਰੱਖਦਾ ਹੈ। ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪਣੀ ਸਿਆਸੀ ਹੋਂਦ ਲਈ ਵਿਰੋਧੀ ਪਾਰਟੀਆਂ ਸ਼ਾਇਦ ਇਕੱਠੀਆਂ ਹੋ ਜਾਣ ਪਰ ਜ਼ਿਆਦਾਤਰ ਪਾਰਟੀਆਂ ਨੇ ਚੋਣਾਂ ਤੋਂ ਬਾਅਦ ਦੀਆਂ ਸਥਿਤੀਆਂ ਨੂੰ ਧਿਆਨ ਵਿਚ ਰੱਖਿਆ ਹੋਇਆ ਹੈ। ਹੁਣ ਜੋ ਸਥਿਤੀ ਹੈ, ਉਸ ਨੂੰ ਦੇਖਦਿਆਂ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਮਾਇਆਵਤੀ ਨੇ ਆਪਣਾ ਰਾਹ ਖ਼ੁਦ ਚੁਣ ਕੇ ਕਾਂਗਰਸ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ।

# ਇੰਡੋਨੇਸ਼ੀਆ ਵਿਚ ਭੂਚਾਲ ਤੋਂ ਬਾਅਦ ਆਈ ਸੁਨਾਮੀ ਕਾਰਨ ਭਾਰੀ ਤਬਾਹੀ

**ਪਾਲੂ (ਇੰਡੋਨੇਸ਼ੀਆ)/ਬਿਊਰੋ ਨਿਊਜ਼ :**
ਇੰਡੋਨੇਸ਼ੀਆ 'ਚ ਭੂਚਾਲ ਅਤੇ ਸੁਨਾਮੀ ਨੇ ਕਹਿਰ ਮਚਾ ਦਿੱਤਾ ਹੈ। ਇਸ ਕੁਦਰਤੀ ਆਫਤ ਦੀ ਮਾਰ ਹੇਠ ਆਏ ਸੁਲਾਵੇਸੀ ਟਾਪੂ 'ਚ ਮੌਤਾਂ ਦੀ ਗਿਣਤੀ ਵਧ ਕੇ 1200 ਦੇ ਕਰੀਬ ਹੋ ਗਈ ਹੈ। ਸੁਲਾਵੇਸੀ ਇਲਾਕੇ 'ਚ ਆਈ ਇਸ ਕੁਦਰਤੀ ਆਫ਼ਤ ਦੀ ਮਾਰ ਤੋਂ ਬਚੇ ਹੋਏ ਲੋਕਾਂ ਵੱਲੋਂ ਲੁੱਟ-ਖੋਹ ਦੀਆਂ ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ। ਹਾਲਾਂਕਿ ਸਥਾਨਕ ਪੁਲੀਸ ਨੇ ਇਨ੍ਹਾਂ ਵਾਰਦਾਤਾਂ ਨੂੰ ਰੋਕਣ ਲਈ ਯਤਨ ਕਰਨੇ ਆਰੰਭ ਹੋਏ ਹਨ। ਬਚਾਅ ਅਤੇ ਰਾਹਤ ਕਾਰਜਾਂ ਲਈ ਫ਼ੌਜ ਵੀ ਤਾਇਨਾਤ ਕਰ ਦਿੱਤੀ ਗਈ ਹੈ। ਪਾਲੂ ਦੇ ਕਈ ਇਲਾਕਿਆਂ ਵਿਚ ਪੁਲੀਸ ਨੇ ਲੋਕਾਂ ਨੂੰ ਦੁਕਾਨਾਂ ਲੁੱਟਣ ਤੋਂ ਰੋਕਣ ਲਈ ਚਿਤਾਵਨੀ ਵਜੋਂ ਫਾਇਰ ਵੀ ਕੀਤੇ ਹਨ ਤੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਹਨ। ਸੰਯੁਕਤ ਰਾਸ਼ਟਰ ਮੁਤਾਬਕ ਇਸ ਵੇਲੇ ਲਗਭਗ ਦੋ ਲੱਖ ਲੋਕਾਂ ਨੂੰ ਤੁਰੰਤ ਮਦਦ ਦੀ ਲੋੜ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਬੱਚੇ ਵੀ ਸ਼ਾਮਲ ਹਨ। ਆਫ਼ਤ ਦੀ ਮਾਰ ਤੋਂ ਬਚੇ ਹੋਏ ਲੋਕ ਭੁੱਖ ਤੇ ਪਿਆਸ ਨਾਲ ਜੂਝ ਰਹੇ ਹਨ। ਇਸ ਤੋਂ ਇਲਾਵਾ ਖਾਧ ਪਦਾਰਥਾਂ ਤੇ ਸਾਫ਼ ਪਾਣੀ ਦੀ ਵੀ ਵੱਡੀ ਕਮੀ ਹੈ। ਸਥਾਨਕ ਹਸਪਤਾਲਾਂ ਵਿਚ ਜ਼ਖ਼ਮੀਆਂ ਦੀ ਵੱਡੀ ਭੀੜ ਲੱਗੀ ਹੋਈ ਹੈ। ਪੁਲੀਸ ਨੇ ਦੁਕਾਨਾਂ ਵਿਚੋਂ ਖਾਧ ਪਦਾਰਥ ਤੇ ਪਾਣੀ ਚੋਰੀ ਕਰਨ ਵਾਲੇ ਕਰੀਬ 35 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਦੇ ਕੌਮੀ ਡਿਪਟੀ ਮੁਖੀ ਅਰੀ ਦੋਨੋ ਸੁਕਮੰਟੋ ਨੇ ਕਿਹਾ ਕਿ ਪਹਿਲੇ ਦੋ ਦਿਨ ਤਕ ਤਾਂ ਲੋਕਾਂ ਨੂੰ ਇਨ੍ਹਾਂ ਵਸਤਾਂ ਦੀ ਲੋੜ ਸੀ, ਪਰ ਹੁਣ ਕੰਮ ਹੱਦੋਂ ਵਧ ਗਿਆ ਹੈ ਤੇ



ਕਾਰਵਾਈ ਕਰਨੀ ਪਈ। ਉਨ੍ਹਾਂ ਕਿਹਾ ਕਿ ਜ਼ਰੂਰੀ ਵਸਤਾਂ ਦੀ ਸਪਲਾਈ ਹੁਣ ਕੀਤੀ ਜਾ ਰਹੀ ਹੈ। ਇਕ ਸਥਾਨਕ ਵਿਅਕਤੀ ਨੇ ਕਿਹਾ ਕਿ ਸਰਕਾਰੀ ਅਫ਼ਸਰ ਤਾਂ ਖ਼ਬਰ ਲੈਣ ਆ ਰਹੇ ਹਨ, ਪਰ ਪਾਣੀ ਤੇ ਖਾਣੇ ਦੀ ਬੇਹੱਦ ਲੋੜ ਹੈ। ਮਸ਼ੀਨਰੀ ਦੀ ਘਾਟ ਹੋਣ ਕਾਰਨ ਕੁਝ ਥਾਵਾਂ 'ਤੇ ਬਚਾਅ ਤੇ ਰਾਹਤ ਕਾਰਜ ਪ੍ਰਭਾਵਿਤ ਹੋਏ ਹਨ।

ਕੌਮੀ ਆਫ਼ਤ ਏਜੰਸੀ ਵੱਲੋਂ ਮ੍ਰਿਤਕਾਂ ਦੀ ਦੱਸੀ ਗਈ ਗਿਣਤੀ ਪਿਛਲੇ ਅੰਕੜੇ ਨਾਲੋਂ ਦੁੱਗਣੀ ਤੋਂ ਵੱਧ ਹੈ। ਇੰਡੋਨੇਸ਼ੀਆ ਦੇ ਉਪ ਰਾਸ਼ਟਰਪਤੀ ਯੂਸੁਫ਼ ਕੱਲਾ ਨੇ ਖ਼ਦਸ਼ਾ ਜਤਾਇਆ ਹੈ ਕਿ ਭੂਚਾਲ ਅਤੇ ਸੁਨਾਮੀ ਕਾਰਨ ਮ੍ਰਿਤਕਾਂ ਦੀ ਗਿਣਤੀ 'ਹਜ਼ਾਰਾਂ' 'ਚ ਹੋ ਸਕਦੀ ਹੈ। ਤਬਾਹੀ ਵਾਲੇ ਸ਼ਹਿਰ ਪਾਲੂ ਦੇ ਇਕ ਕੈਂਪ 'ਚ ਬੱਚੇ ਨਾਲ ਆਈ 35 ਵਰ੍ਹਿਆਂ ਦੀ ਰੀਸਾ ਕੁਸੁਮਾ ਨੇ ਕਿਹਾ,"ਹਰ ਇਕ ਮਿੰਟ ਬਾਅਦ ਐਂਬੂਲੈਂਸ ਇਕ ਲਾਸ਼ ਲਿਆਉਂਦੀ ਹੈ। ਸਾਫ਼ ਪੀਣ ਵਾਲੇ ਪਾਣੀ ਦੀ ਕਮੀ ਹੋ ਗਈ ਹੈ। ਹਰ ਥਾਂ 'ਤੇ ਬਾਜ਼ਾਰਾਂ ਨੂੰ ਲੁੱਟਿਆ ਜਾ ਰਿਹਾ ਹੈ।" ਇੰਡੋਨੇਸ਼ੀਆ ਦੇ ਮੈਟਰੋ ਟੀਵੀ ਨੇ ਡੋਂਗਲਾ ਸ਼ਹਿਰ ਦੀਆਂ ਤਸਵੀਰਾਂ ਦਿਖਾਈਆਂ ਜੋ ਭੂਚਾਲ ਦੇ ਕੇਂਦਰ ਨੇੜੇ ਸੀ। ਉਥੇ ਤਬਾਹੀ ਦਾ ਮੰਜ਼ਰ ਸਾਫ਼ ਦੇਖਿਆ ਜਾ ਸਕਦਾ ਸੀ। ਇਕ ਵਸਨੀਕ ਨੇ ਕਿਹਾ ਕਿ ਭੂਚਾਲ ਮਗਰੋਂ ਜ਼ਿਆਦਾਤਰ ਲੋਕ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਹਨ। ਪਾਲੂ ਸ਼ਹਿਰ 'ਚ ਫ਼ੌਜ ਅਤੇ ਰਾਹਤ ਕਰਮੀ ਮਲਬੇ 'ਚ ਲੋਕਾਂ ਦੀ ਭਾਲ 'ਚ ਜੁਟੇ ਹੋਏ ਹਨ। ਇਕ ਹੋਟਲ ਦੇ ਮਲਬੇ 'ਚ ਘੱਟੋ ਘੱਟ 150 ਵਿਅਕਤੀ ਦੱਬੇ ਹੋਣ ਦਾ ਖ਼ਦਸ਼ਾ ਜਤਾਇਆ ਗਿਆ ਹੈ। ਕੌਮੀ ਖੋਜ ਅਤੇ ਬਚਾਅ ਏਜੰਸੀ ਦੇ ਮੁਖੀ ਮੁਹੰਮਦ ਸਿਓਗੀ ਨੇ ਕਿਹਾ ਕਿ ਹੋਟਲ ਰੋਆ-ਰੋਆ 'ਚੋਂ ਉਨ੍ਹਾਂ ਇਕ ਮਹਿਲਾ ਨੂੰ ਜ਼ਿੰਦਾ ਬਚਾਇਆ। ਉਨ੍ਹਾਂ ਕਿਹਾ ਕਿ ਸਹਾਇਤਾ ਲਈ ਕਈ ਲੋਕਾਂ ਦੀਆਂ ਆਵਾਜ਼ਾਂ ਸੁਣਾਈ ਪੈ ਰਹੀਆਂ ਹਨ ਪਰ ਮਲਬੇ ਨੂੰ ਸਾਫ਼ ਕਰਨ ਲਈ ਭਾਰੀ ਮਸ਼ੀਨਰੀ ਦੀ ਲੋੜ ਹੈ। ਜਦੋਂ ਭੂਚਾਲ ਅਤੇ ਸੁਨਾਮੀ ਆਈ ਤਾਂ ਸੈਂਕੜੇ ਲੋਕ 'ਬੀਚ ਫੈਸਟੀਵਲ' ਦੀ ਤਿਆਰੀ 'ਚ ਰੁੱਝੇ ਹੋਏ ਸਨ ਅਤੇ ਉਨ੍ਹਾਂ ਦਾ ਅਜੇ ਤਕ ਪਤਾ ਨਹੀਂ ਲੱਗ ਰਿਹਾ। ਸੈਟੇਲਾਈਟ ਤਸਵੀਰਾਂ 'ਚ ਦਿਖਾਇਆ ਗਿਆ ਹੈ ਕਿ ਕਈ ਇਲਾਕਿਆਂ 'ਚ ਭਾਰੀ ਨੁਕਸਾਨ ਹੋਇਆ ਹੈ। ਭੂਚਾਲ ਮਗਰੋਂ ਆਈ ਸੁਨਾਮੀ ਕਾਰਨ ਵੱਡੇ ਜਹਾਜ਼ ਹਵਾ 'ਚ ਉਛਲ ਗਏ ਅਤੇ ਪੁਲ ਟੁੱਟ ਗਏ। ਹਸਪਤਾਲ ਜ਼ਖ਼ਮੀਆਂ ਨਾਲ ਭਰੇ ਪਏ ਹਨ ਅਤੇ ਕਈ ਲੋਕਾਂ ਦਾ ਇਲਾਜ ਖੁੱਲ੍ਹੇ ਸਥਾਨਾਂ 'ਤੇ ਹੋ ਰਿਹਾ ਹੈ। ਬਹੁਤੀਆਂ ਥਾਵਾਂ 'ਤੇ ਬਿਜਲੀ ਸਪਲਾਈ ਠੱਪ ਹੈ। ਸਰਕਾਰੀ ਏਜੰਸੀ ਨੇ ਦੱਸਿਆ ਕਿ ਕਰੀਬ 17 ਹਜ਼ਾਰ ਲੋਕਾਂ ਨੂੰ ਬਚਾਇਆ ਜਾ ਚੁੱਕਿਆ ਹੈ। ਕਰੀਬ 24 ਲੱਖ ਲੋਕਾਂ 'ਤੇ ਭੂਚਾਲ ਦਾ ਅਸਰ ਪਿਆ ਹੈ।

# ਖਾਲਸਾ ਰਾਜ ’ਚ ਗੁਰਮਤਿ ਸੰਗੀਤ ਤੇ ਢਾਡੀ ਪਰੰਪਰਾ ਦਾ ਹੋਇਆ ਵਿਕਾਸ

**ਡਾ. ਜਸਬੀਰ ਕੌਰ**



ਮਹਾਰਾਜਾ ਰਣਜੀਤ ਸਿੰਘ ਇੱਕ ਚਮਕਦਾ ਸਿਤਾਰਾ ਸੀ, ਜੋ ਅਠਾਰ੍ਹਵੀਂ ਸਦੀ ਦੇ ਅੰਤ ਵਿੱਚ ਭਾਰਤ ਦੇ ਉੱਤਰ-ਪੱਛਮੀ ਆਕਾਸ਼ ਉੱਤੇ ਪੈਦਾ ਹੋਇਆ ਤੇ ਪੰਜਾਹ ਸਾਲ ਲਗਾਤਾਰ ਭਾਰਤੀ ਗਗਨ ਉੱਤੇ ਰਾਜ ਕਰਦਾ ਰਿਹਾ। ਮਹਾਰਾਜਾ ਰਣਜੀਤ ਸਿੰਘ ਸ਼ੁਕਰਚੱਕੀਆ ਮਿਸਲ ਦੇ ਬਾਨੀ, ਸਿੱਖ ਮਹਾਨ, ਜਰਨੈਲ ਸ. ਚੜ੍ਹਤ ਸਿੰਘ ਦਾ ਪੋਤਾ ਤੇ ਸ. ਮਹਾ ਸਿੰਘ ਦਾ ਸਪੁੱਤਰ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਏਨਾ ਜ਼ਿਆਦਾ ਸੀ ਕਿ ਉਸ ਨੇ ਕਦੀ ਵੀ ਗੁਰੂ ਮਹਾਰਾਜ ਦੀ ਅਗਵਾਈ ਤੋਂ ਬਿਨਾਂ ਕੋਈ ਵੱਡਾ ਫ਼ੈਸਲਾ ਨਹੀਂ ਸੀ ਲਿਆ। ਮਹਾਰਾਜਾ ਰਣਜੀਤ ਸਿੰਘ ਗੁਰਬਾਣੀ ਅਤੇ ਗੁਰਮਤਿ ਸੰਗੀਤ ਦਾ ਬਹੁਤ ਪ੍ਰੇਮੀ ਸੀ। ਉਹਨਾਂ ਦੇ ਸ਼ਾਸਨ ਕਾਲ ਵਿੱਚ ਗੁਰਮਤਿ ਅਤੇ ਭਾਰਤੀ ਸੰਗੀਤ ਦਾ ਬੜਾ ਜ਼ਿਕਰਯੋਗ ਕੰਮ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਕੀਰਤਨਕਾਰ ਅਤੇ ਰਾਗੀਆਂ, ਸੰਗੀਤਕਾਰਾਂ ਨੂੰ ਰਾਜ ਦਰਬਾਰ ਵੱਲੋਂ ਮਹੀਨੇ ਦੀ ਤਨਖ਼ਾਹ ਦਿੱਤੀ ਜਾਂਦੀ ਸੀ।

ਮਹਾਰਾਜਾ ਰਣਜੀਤ ਸਿੰਘ ਇੱਕ ਉੱਚ ਧਾਰਮਿਕ ਵਿਚਾਰਾਂ ਦੇ ਵਿਅਕਤੀ ਹੋਣ ਦੇ ਬਾਵਜੂਦ ਇੱਕ ਨਿਸ਼ਠਾਵਾਨ ਸਿੱਖ ਸਨ। ਉਹ ਆਪਣੇ ਆਪ ਨੂੰ ਮਹਾਰਾਜਾ ਨਾ ਕਹਿਲਾ ਕੇ ਸਿੰਘ ਸਾਹਿਬ ਕਹਿਲਾਉਣਾ ਵਧੇਰੇ ਪਸੰਦ ਕਰਦੇ ਸਨ। ਗੁਰੂ ਘਰ ਦੀ ਸੇਵਾ ਵਜੋਂ ਉਹ ਹਰ ਸਾਲ 12 ਲੱਖ ਰੁਪਏ ਦਸਵੰਧ ਵਜੋਂ ਕੱਢਦੇ ਸਨ ਅਤੇ ਖਰਚਦੇ ਸਨ। ਹੋਰ ਕਈ ਕੀਮਤੀ ਵਸਤਰ ਦਰਬਾਰ ਸਾਹਿਬ ਸਤਿਕਾਰ ਵਜੋਂ ਭੇਟ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਵੱਲੋਂ ਚਲਾਈ ਹੋਈ ਕੀਰਤਨ ਪ੍ਰਣਾਲੀ ਨੂੰ ਅਗਾਂਹ ਤੋਰਨ ਵਿੱਚ ਬੜਾ ਵੱਡਾ ਯੋਗਦਾਨ ਪਾਇਆ ਅਤੇ ਜੋ ਉੱਚ-ਕੋਟੀ ਦੇ ਰਾਗੀ ਸਨ ਉਹਨਾਂ ਦੀ ਸਰਪ੍ਰਸਤੀ ਕੀਤੀ, ਕਿਉਂਕਿ ਆਪ ਕੀਰਤਨ ਅਤੇ ਗੁਰਮਤਿ ਦੇ ਬਹੁਤ ਪ੍ਰੇਮੀ ਸਨ। ਕਈ-ਕਈ ਘੰਟੇ ਉਹ ਦਰਬਾਰ ਸਾਹਿਬ ਵਿੱਚ ਬੈਠ ਕੇ ਕੀਰਤਨ ਸੁਣਦੇ ਸਨ। ਰਾਜ ਪ੍ਰਬੰਧ ਅਤੇ ਜੰਗਾਂ-ਯੁੱਧਾਂ ਵਿੱਚ ਵਧੇਰੇ ਰੁੱਝੇ ਹੋਣ ਕਰਕੇ ਭਾਵੇਂ ਉਹ ਖ਼ੁਦ ਸ਼ਾਸਤਰੀ ਸੰਗੀਤ ਵਿੱਦਿਆ ਦਾ ਗਿਆਨ ਪ੍ਰਾਪਤ ਨਹੀਂ ਕਰ ਸਕੇ, ਪਰ ਰਾਗਮਈ ਕੀਰਤਨ ਦੇ ਪ੍ਰੇਮੀ ਹੋਣ ਕਰਕੇ ਉਨ੍ਹਾਂ ਦੇ ਰਾਜਕਾਲ ਵਿੱਚ ਸੰਗੀਤ ਦਾ ਬਹੁਤ ਵਿਕਾਸ ਹੋਇਆ। ਮਹਾਰਾਜਾ ਦੇ ਦਰਬਾਰ ਵਿੱਚ ਪ੍ਰੀਸ਼ਦ ਜੀ ਅਤੇ ਮਨੋਹਰ ਰਾਮ ਦੇ ਪ੍ਰਸਿੱਧ ਯੁਗਲ-ਬੱਧ ਗਾਇਕਾਂ ਦਾ ਪਤਾ ਲੱਗਦਾ ਹੈ, ਜੋ ਪਹਿਲਾਂ ਮੁਸਲਮਾਨਾਂ ਦੇ ਅੰਤਿਮ ਬਾਦਸ਼ਾਹ, ਬਹਾਦਰਸ਼ਾਹ ਜ਼ਫ਼ਰ ਦੇ ਸਮੇਂ ਉਸ ਦੇ ਰਾਜ-ਮਹਿਲਾਂ ਦੇ ਦਰਬਾਰੀ ਗਾਇਕ ਸਨ। ਇਨ੍ਹਾਂ ਯੁਗਲ-ਬੱਧ ਕਲਾਕਾਰਾਂ ਨੇ ਆਪਣੀ ਸੰਗੀਤਮਈ ਕਲਾ ਨਾਲ ਰਾਜ ਦਰਬਾਰ ਦੇ ਅੰਦਰ ਇੱਕ ਸੰਗੀਤਕ ਮਾਹੌਲ ਪੈਦਾ ਕਰ ਦਿੱਤਾ। ਮਹਾਰਾਜਾ ਨੇ ਖ਼ੁਸ਼ ਹੋ ਕੇ ਇਨ੍ਹਾਂ ਨੂੰ ਆਪਣੇ ਦਰਬਾਰ ਵਿੱਚ ਰੱਖ ਲਿਆ। ਮਹਾਰਾਜਾ ਰਣਜੀਤ ਸਿੰਘ ਕਲਾ ਦੇ ਚੰਗੇ ਪਾਰਖੂ ਸਨ। ਉਹ ਉੱਤਮ ਕਲਾਕਾਰਾਂ ਨੂੰ ਆਪਣੇ ਦਰਬਾਰ ਵਿੱਚ ਸਨਮਾਨ ਤੇ ਸਥਾਨ ਦਿੰਦੇ ਸਨ। ਉਨ੍ਹਾਂ ਦੇ ਰਾਜ ਦਰਬਾਰ ਵਿੱਚ ਉੱਚ ਕੋਟੀ ਦੇ ਰਾਗੀ, ਢਾਡੀ ਅਤੇ ਸਾਜੀਦੇ ਸਨ, ਜਿਨ੍ਹਾਂ ਨੂੰ ਰਾਜ ਸਹਾਇਤਾ ਵੀ ਪ੍ਰਾਪਤ ਸੀ। ਤਬਲੇ ਦੇ ਪ੍ਰਸਿੱਧ ਘਰਾਣਾ ‘ਨਾਈਆਂ ਦੇ ਘਰਾਣੇ’ ਦਾ ਨਿਰਮਾਣ ਵੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਰਬਾਰ ਤੋਂ ਹੀ ਹੋਇਆ। ਇਸ ਘਰਾਣੇ ਨਾਲ ਸੰਬੰਧਿਤ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਮੋਰਾਂ ਬਾਈ ਨਾਮ ਦੀ ਇੱਕ ਉੱਚ ਕੋਟੀ ਦੀ ਗਾਇਕਾ ਦਾ ਜ਼ਿਕਰ ਆਉਂਦਾ ਹੈ, ਜਿਸ ਨੇ ਮਹਾਰਾਜਾ ਪਾਸੋਂ ਸ਼ਾਸਤਰੀ ਗਾਇਕ ਨਾਲ ਸੰਗਤ ਕਰਨ ਲਈ ਇੱਕ ਚੰਗੇ ਤਬਲਾ ਵਾਦਕ ਦੀ ਮੰਗ ਕੀਤੀ, ਜੋ ਤਬਲਾ ਵਜਾਉਣ ਵਿੱਚ ਚੰਗਾ ਮਾਹਿਰ ਹੋਵੇ ਅਤੇ ਰਾਜ ਦਰਬਾਰ ਵਿੱਚ ਸੰਗੀਤ ਗਾਇਨ ਕਰਨ ਵੇਲੇ ਤਬਲਾ ਵਜਾ ਸਕੇ। ਮਹਾਰਾਜੇ ਨੇ ਇਹ ਮੰਗ ਸਵੀਕਾਰ ਕਰ ਲਈ ਅਤੇ ਦਰਬਾਰ ਵਿੱਚ ਕੰਮ ਕਰਦੇ ਇੱਕ ਨਾਈ ਨੇ ਆਪਣਾ ਬੱਚਾ ਵਜ਼ੀਫ਼ਾ’ ਵਜੋਂ ਦੇਣਾ ਸਵੀਕਾਰ ਕੀਤਾ, ਜਦਕਿ ਉਸ ਸਮੇਂ ਨਾਈ ਦੀ ਮਾਹਵਾਰੀ ਤਨਖ਼ਾਹ ਕੇਵਲ ਸੱਤ ਰੁਪਏ ਮਹੀਨਾ ਸੀ। ਉਸ ਨਾਈ ਦੇ ਸਪੁੱਤਰ ਮੱਝਾ ਸਿੰਘ ਨੂੰ ਮਹਾਰਾਜਾ ਨੇ ਉੱਚ ਕੋਟੀ ਦੇ ਗੁਣੀ ਪਖਾਵਜੀ ਅਤੇ ਤਬਲਾ ਵਾਚਕਾਂ ਤੋਂ ਵਿੱਦਿਆ ਦਿਵਾ ਕੇ ਇੱਕ ਚੰਗਾ ਪਖਾਵਜੀ ਅਤੇ ਤਬਲਾ ਵਾਚਕ ਵਜੋਂ ਤਿਆਰ ਕੀਤਾ। ਬਾਅਦ ਵਿੱਚ ਭਾਈ ਮੱਝਾ ਸਿੰਘ ਦਰਬਾਰ ਸਾਹਿਬ ਵਿੱਚ ਲਗਾਤਾਰ ਕੀਰਤਨ ਕਰਦੇ ਰਹੇ। ਉਸ ਸਮੇਂ ਦਰਬਾਰ ਸਾਹਿਬ ਵਿੱਚ ਭਾਈ ਮੱਝਾ ਸਿੰਘ ਨੂੰ ਮਹੱਤਵਪੂਰਨ ਸਥਾਨ ਹਾਸਲ ਸੀ ਅਤੇ ਮਾਸਕ ਵੇਤਨ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਨੁਸਾਰ ਦਰਬਾਰ ਸਾਹਿਬ ਦੇ ਚੜ੍ਹਾਵੇ ਵਿੱਚੋਂ ਵੀ ਇੱਕ ਤਿਹਾਈ ਹਿੱਸਾ ਮਾਇਆ ਦਿੱਤੀ ਜਾਂਦੀ ਸੀ। ਮੱਝਾ ਸਿੰਘ ਦੇ ਤਿੰਨ ਪੁੱਤਰ ਹੋਏ ਜੋ ਬਾਅਦ ਵਿੱਚ ਦਰਬਾਰ ਸਾਹਿਬ ਦੇ ਹਜ਼ੂਰੀ ਕੀਰਤਨੀਏ ਬਣੇ ਅਤੇ ਗੁਰਮਤਿ ਸੰਗੀਤ ਪੱਧਤੀ ਦੇ ਅਨੁਸਾਰ ਸੰਗਤਾਂ ਨੂੰ ਰਾਗਾਂ ਵਿੱਚ ਕੀਰਤਨ ਸਰਵਣ ਕਰਵਾਉਂਦੇ ਰਹੇ। ਉਸ ਵੇਲੇ ਤੋਂ ਤਬਲੇ ਦਾ ਇੱਕ ਘਰਾਣਾ ਨਾਈਆਂ ਦੇ ਘਰਾਣੇ ਵਜੋਂ ਹੋਂਦ ਵਿੱਚ ਆਇਆ। ਕਸੂਰ ਘਰਾਣੇ ਦੇ ਪ੍ਰਸਿੱਧ ਗਾਇਕ ਇਸਮਦ ਅਲੀ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਗਾਇਕ ਸਨ, ਜੋ ਚੰਗੇ ਉੱਚ ਕੋਟੀ ਦੇ ਸੰਗੀਤਕਾਰ ਸਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੇ ਦੌਰ ਵਿੱਚ ਢਾਡੀਆਂ ਨੂੰ ਵੀ ਆਪਣਾ ਹੁਨਰ ਚਮਕਾਉਣ ਦਾ ਮੌਕਾ ਮਿਲਿਆ। ਸਿੱਖ ਇਤਿਹਾਸ ਦੇ ਅਨੇਕਾਂ ਪ੍ਰਸੰਗ ਇਸੇ ਕਾਲ ਵਿੱਚ ਸਿਰਜੇ ਗਏ। ਹੁਣ ਢਾਡੀਆਂ ਨੂੰ ਸਿੱਖ ਪੰਥ ਵੱਲੋਂ ਏਨੀ ਮਾਨਤਾ ਮਿਲੀ ਕਿ ਹਰ ਧਾਰਮਿਕ ਤੇ ਸਾਮਾਜਿਕ ਇਕੱਠ ਵਿੱਚ ਇਨ੍ਹਾਂ ਦੀ ਹਾਜ਼ਰੀ ਲਾਜ਼ਮੀ ਹੋ ਗਈ। 1899 ਈ. ਵਿੱਚ ਖਾਲਸਾ ਪ੍ਰਾਜੈਕਟ ਸੁਸਾਇਟੀ ਅੰਮ੍ਰਿਤਸਰ ਵੱਲੋਂ ਛਪੀ ਖ਼ਾਲਸਾ ਡਾਇਰੈਕਟਰੀ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਢਾਡੀਆਂ ਦੀ ਸੂਚੀ ਮਿਲਦੀ ਹੈ, ਜਿਸ ਵਿੱਚ ਭਾਈ ਸੇਰੂ, ਭਾਈ ਲਭੂ, ਭਾਈ ਕਾਲੂ, ਭਾਈ ਅਤਰਾ, ਭਾਈ ਚਤਰਾ, ਭਾਈ ਲਾਭ ਸਿੰਘ, ਭਾਈ ਹੁਕਮਾ, ਭਾਈ ਫੇਰੂ, ਭਾਈ ਲਸਕਰੀਆ, ਭਾਈ ਵਲੈਤੀ, ਭਾਈ ਸ਼ੇਰ ਸਿੰਘ ਅਤੇ ਸੁੰਦਰ ਸਿੰਘ ਆਦਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੌਰਾਨ ਢਾਡੀ ਵਾਰਾਂ ਗਾਇਨ ਕਰਦੇ ਰਹੇ। ਉੱਪਰਲੀ ਸੂਚੀ ਤੋਂ ਇਹ ਸਪੱਸ਼ਟ ਹੈ ਕਿ ਉਨ੍ਹੀਵੀਂ ਸਦੀ ਦੇ ਅੰਤਲੇ ਸਮੇਂ ਦੌਰਾਨ ਸਿੱਖ ਢਾਡੀਆਂ ਦੀ ਇਹ ਪਰੰਪਰਾ ਮੁੜ ਜ਼ੋਰ ਫੜ ਗਈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਗੁਰਦੁਆਰਿਆਂ ਦੀ ਉਸਾਰੀ ਅਤੇ ਸਿੱਖ ਲਹਿਰ ਦੇ ਪੁਨਰ-ਨਿਰਮਾਣ ਦੇ ਨਾਲ-ਨਾਲ ਸਿੱਖ ਢਾਡੀ ਪਰੰਪਰਾ ਦਾ ਤੇ ਗੁਰਮਤਿ ਸੰਗੀਤ ਦਾ ਵੀ ਪੂਰੀ ਤਰ੍ਹਾਂ ਵਿਕਾਸ ਹੋਇਆ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦਰਬਾਰ ਸਮੇਂ ਹੀ ਕਈ ਮਹੱਤਵਪੂਰਨ ਸਿੱਖ ਰਾਗੀਆਂ ਦਾ ਜ਼ਿਕਰ ਮਿਲਦਾ ਹੈ ਜੋ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਗੁਰੂ ਸਾਹਿਬ ਵੱਲੋਂ ਚਲਾਈ ਹੋਈ ਨਿਰਧਾਰਿਤ ਸੰਗੀਤ ਪ੍ਰਣਾਲੀ ਅਨੁਸਾਰ ਕੀਰਤਨ ਕਰਦੇ ਸਨ। ਉਨ੍ਹਾਂ ਵਿੱਚ ਭਾਈ ਮਨਸਾ ਸਿੰਘ ਜੀ ਰਾਗੀ ਉਸ ਸਮੇਂ ਦਰਬਾਰ ਸਾਹਿਬ ਵਿੱਚ ਰਸ ਭਰਿਆ ਕੀਰਤਨ ਕਰਦੇ ਅਤੇ ਗੁਰਸਿੱਖੀ ਜੀਵਨ ਬਤੀਤ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਉਨ੍ਹਾਂ ਦਾ ਕੀਰਤਨ ਸੁਣਨ ਲਈ ਲਾਹੌਰ ਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਆਉਂਦੇ ਸਨ। ਇੱਕ ਦਿਨ ਮਹਾਰਾਜਾ ਲਾਹੌਰੋਂ ਇਸ ਖ਼ਿਆਲ ਨਾਲ ਅੰਮ੍ਰਿਤਸਰ ਪੁੱਜੇ ਕਿ ਅਜਿਹੇ ਉੱਚ ਕੋਟੀ ਦੇ ਗੁਰਮੁੱਖ ਕੀਰਤਨਕਾਰ ਸਿੰਘ ਨੂੰ ਅਸ਼ਰਫ਼ੀਆਂ ਭੇਟ ਕਰਕੇ ਦੌਲਤ ਨਾਲ ਮਾਲਾ-ਮਾਲ ਕਰ ਦੇਈਏ, ਜੋ ਏਨਾ ਸੋਹਣਾ ਅਤੇ ਰਸਦਾਰ ਕੀਰਤਨ ਕਰਦਾ ਹੈ, ਪਰ ਭਾਈ ਸਾਹਿਬ ਨੇ ਮਹਾਰਾਜਾ ਸਾਹਿਬ ਨੂੰ ਆਪਣੇ ਘਰ ਆਉਂਦਿਆਂ ਦੇਖ ਕੇ ਆਪਣਾ ਘਰ ਦਾ ਬੂਹਾ ਬੰਦ ਕਰ ਲਿਆ ਤੇ ਮਹਾਰਾਜਾ ਸਾਹਿਬ ਨੂੰ ਕਿਹਾ ਕਿ ਆਪ ਦੇ ਚਰਨਾਂ ਵਿੱਚ ਲੱਛਮੀ ਦਾ ਨਿਵਾਸ ਹੈ ਅਤੇ ਲੱਛਮੀ ਦੇ ਆਉਣ ਨਾਲ ਕੀਰਤਨ ਵਿੱਚ ਜੋ ਪ੍ਰੇਮ ਤੇ ਰਸ ਹੈ, ਉਹ ਘੱਟ ਜਾਵੇਗਾ। ਭਾਈ ਮਨਸਾ ਸਿੰਘ ਨੇ ਘਰ ਦੇ ਦਰਵਾਜ਼ੇ ਨਹੀਂ ਖੋਲ੍ਹੇ ਅਤੇ ਮਹਾਰਾਜਾ ਰਣਜੀਤ ਸਿੰਘ ਭੇਟਾ ਦਿੱਤੇ ਬਗ਼ੈਰ ਹੀ ਉੱਥੋਂ ਵਾਪਸ ਚਲੇ ਗਏ। ਇਸ ਤਰ੍ਹਾਂ ਹੀ ਭਾਈ ਸ਼ਾਮ ਸਿੰਘ ਰਾਗੀ ਤੇ ਭਾਈ ਰਾਉ ਰਬਾਬੀ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਆਪਸੀ ਗੱਲਬਾਤ ਦਾ ਵੇਰਵਾ ਮਿਲਦਾ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਕਾਲ ਦੇ ਕੀਰਤਨੀਆਂ ਦੇ ਕਿੰਨੇ ਹੀ ਨਾਮ ਸੰਤ ਸ਼ਾਮ ਸਿੰਘ ਦੇ ਗ੍ਰੰਥ ਵਿੱਚ ਦਰਜ ਹਨ ਜਿਵੇਂ :

ਭਾਈ ਅੰਬੀਰਾ ਸਿੰਘ ਜੀ, ਭਾਈ ਮਨਸਾ ਸਿੰਘ ਰਾਗੀ, ਭਾਈ ਮਾਨ ਸਿੰਘ, ਚੌਂਕੀ ਸਾਹਿਬ ਕੇ ਭਾਈ ਦੇਵਾ ਸਿੰਘ, ਭਾਈ ਰਾਉ ਰਬਾਬੀ, ਭਾਈ ਸਾਵਣ ਚੰਦ ਰਾਗੀ, ਭਾਈ ਨੱਥਨ ਸਾਹਿਬ ਰਬਾਬੀ, ਫ਼ਿਰੂਕਾ ਨਿਵਾਸੀ ਭਾਈ ਦਰਬਾਰਾ ਸਿੰਘ, ਤਿੰਨ ਪਹਿਰੇ ਵਾਲੇ ਭਾਈ ਨੌਧ ਸਿੰਘ ਜੀ, ਭਾਈ ਲਾਲ ਚੰਦ, ਭਾਈ ਚੰਦਾ ਸਿੰਘ ਜੀ ਮੋਨੀ, ਸਿਤਾਰ ਵਾਲੇ ਪਰਉਪਕਾਰੀ ਪੰਡਤ ਰਾਮ ਚੰਦ ਜੀ, ਭਾਈ ਰਾਮ ਸਿੰਘ ਦੁਤਾਰੇ ਵਾਲਾ, ਪੰਡਿਤ ਰਤਨ-ਹਰੀ ਜੀ, ਭਾਈ ਹਰਿ ਕ੍ਰਿਸ਼ਨ ਜੀ ਰਾਗੀ, ਕੀਰਤਕਾਰ ਭਾ ਛੱਜੂ ਭਗਤ, ਭਾਈ ਸਹਾਈ ਸਿੰਹ, ਭਾਈ ਨੱਥਾ ਸਿੰਘ, ਭਾਈ ਰੂਪ ਸਿੰਘ, ਰਾਗੀ ਸਿੰਘ, ਭਾਈ ਰਾਉ ਰਬਾਬੀ ਜੀ, ਭਾਈ ਸ਼ਾਮ ਸਿੰਘ ਰਾਗੀ ਤੇ ਭਾਈ ਰਾਉ ਰਬਾਬੀ ਆਦਿ। ਬਾਬਾ ਗੁਰਮੁਖ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਕੀਰਤਨੀਏ ਸਨ ਅਤੇ ਸਾਰੇ ਸਾਜ ਵਜਾਉਣ ਵਿੱਚ ਮਾਹਿਰ ਸਨ। ਇਸੇ ਤਰ੍ਹਾਂ ਹੀ ਪੁਰਾਤਨ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਵਸਤੂਆਂ ਦੇ ਭਾਅ ਸਸਤੇ ਹੋਣ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਖ਼ਜ਼ਾਨੇ ’ਚੋਂ ਜੋ ਰੁਜੀਨਾ ਮਿਲਦਾ ਸੀ ਉਹ ਇੱਕ ਦਿਨ ਦਾ ਵੱਧ ਤੋਂ ਵੱਧ ਇੱਕ ਰੁਪਿਆ ਤੇ ਘੱਟ ਤੋਂ ਘੱਟ ਚਾਰ ਪੈਸੇ ਹੁੰਦਾ ਸੀ। ਮਹੀਨੇ ਬਾਅਦ ਤਨਖ਼ਾਹ ਫਿਰ ਵੱਧ ਕੇ ਘੱਟ ਤੋਂ ਘੱਟ ਪੰਜ ਰੁਪਏ ਜਾਂ ਸੱਤ ਰੁਪਏ ਅਤੇ ਵੱਧ ਤੋ ਵੱਧ 30 ਰੁਪਏ ਜਾਂ 40 ਰੁਪਏ ਮਹੀਨਾ ਮਿਲਦੀ ਸੀ। ਕੀਰਤਨ ਕਰਦਿਆਂ ਸਮੇਂ ਸੰਗਤਾਂ ਵੱਲੋਂ ਜੋ ਸ਼ਬਦ ਭੇਟ ਅਰਦਾਸ ਹੁੰਦੀ ਸੀ, ਉਹ ਰਾਗੀਆਂ ਤੇ ਰਬਾਬੀਆਂ ਦੀ ਹੁੰਦੀ ਸੀ ਭਾਵੇਂ ਉਹ ਕਿੰਨੀ ਹੋਵੇ। ਸੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕੀਰਤਨ ਦਾ ਬਹੁਤ ਪ੍ਰਚਾਰ ਹੋਇਆ। ਇਸੇ ਕਾਲ ਦੇ ਕੀਰਤਨੀਏ ਰਾਗੀ ਸਿੰਘਾਂ ਨੂੰ ਤਨਖ਼ਾਹਾਂ ਵੀ ਮਿਲਣ ਲੱਗ ਪਈਆਂ ਅਤੇ ਚੰਗੇ ਕੀਰਤਨੀਏ ਵੀ ਤਿਆਰ ਕੀਤੇ ਗਏ।

---

# ਦੁਨੀਆ ਭਰ ’ਚ ਵਸਦੇ ਪੰਜਾਬੀਆਂ ਦੀਆਂ ਲੋੜਾਂ ਤੇ ਦੁਖਾਂਤ

**ਡਾ. ਜਸਵਿੰਦਰ ਸਿੰਘ**

ਪੰਜਾਬ ਦੇ ਜਨ-ਜੀਵਨ ਉੱਤੇ ਪੰਜਾਬੀਆਂ ਦੇ ਪਰਵਾਸੀ ਵਰਤਾਰੇ ਦੇ ਪ੍ਰਭਾਵ ਅਤੇ ਪੰਜਾਬ ਵੱਸਦੇ ਪੰਜਾਬੀ ਨੂੰ ਨਾ ਸਿਰਫ ਅਮੀਰ ਮੁਲਕਾਂ ਦੀ ਚਮਕ ਦਮਕ ਹੀ ਚਕਾਚੌਂਧ ਕਰੀ ਰੱਖਦੀ ਹੈ, ਸਗੋਂ ਵਲੈਤੀਆਂ ਦੀ ਵੱਡੀ ਅਮੀਰੀ ਦਾ ਭਰਪੂਰ ਬਿੰਬ ਉਹਨਾਂ ਨੂੰ ਬੁਰੀ ਤਰ੍ਹਾਂ ਉਕਸਾਉਂਦਾ ਰਹਿੰਦਾ ਹੈ। ਇਸ ਚਕਾਚੌਂਧ ਨੂੰ ਵਲੈਤੀਆਂ ਦੀਆਂ ਕੁਝ ਦਿਨਾਂ ਦੀਆਂ ਭਲਵਾਨੀ ਗੇੜੀਆਂ ਸਮੇਂ ਵਿਖਾਵੇ ਦੇ ਖ਼ਰਚੇ ਤੇ ਟੌਹਰ ਅਸਮਾਨੇ ਚਾੜ੍ਹ ਦਿੰਦੀ ਹੈ। ਪੰਜਾਬ ਦੇ ਜਿਹਨਾਂ ਖੇਤਰਾਂ ਵਿਚ ਵਲੈਤੀ ਖੱਟੀਆਂ ਕਮਾਈਆਂ ਆਈਆਂ ਹਨ, ਉਹ ਮੁਖ ਤੌਰ ਤੇ ਹਵਾਲੇ ਅਥਵਾ ਦੋ ਨੰਬਰ ਰਾਹੀਂ ਆਈਆਂ ਹਨ। ਉਹਨਾਂ ਦੀ ਪੂਰੀ ਗਿਣਤੀ ਮਿਣਤੀ ਤਾਂ ਸੰਭਵ ਨਹੀਂ, ਪਰ ਇਸ ਪੈਸੇ ਨਾਲ ਵਿਸ਼ੇਸ਼ ਕਰ ਦੁਆਬੇ, ਕੁਝ-ਕੁਝ ਮਾਝੇ, ਤੇ ਹੁਣ ਸਾਰੇ ਪੰਜਾਬ ਵਿਚ ਸਿਰਫ ਜ਼ਮੀਨਾਂ ਖ਼ਰੀਦੀਆਂ ਗਈਆਂ, ਬਹੁਮੰਜ਼ਲੀ ਕੋਠੀਆਂ ਉਸਾਰੀਆਂ ਗਈਆਂ, ਕਾਰਾਂ ਤੇ ਹੋਰ ਖੱਪਤਕਾਰੀ ਵਸਤਾਂ ਹੀ ਖਰੀਦੀਆਂ ਗਈਆਂ ਹਨ। ਮੁੱਖ ਤੌਰ ’ਤੇ ਇਹ ਪੈਸਾ ਖੱਪਤਕਾਰੀ ਖੇਤਰ ਵਿਚ ਲੱਗਾ। ਇਸ ਵਿਚੋਂ ਬਹੁਤ ਥੋੜ੍ਹਾ ਪੈਸਾ ਸਾਂਝੇ ਜਾਂ ਚੰਗੇ ਸਮਾਜਕ ਖੇਤਰਾਂ ਭਾਵ ਸਿੱਖਿਆ, ਸਿਹਤ ਜਾਂ ਹੋਰ ਜ਼ਰੂਰੀ ਸਹੀ ਸਮਾਜਕ ਆਰਥਕ ਉਤਪਾਦਨ ਦੇ ਖੇਤਰਾਂ ਵਿੱਚ ਲੱਗਾ। ਪੰਜਾਬੀ ਪਰਵਾਸੀਆਂ ਦੇ ਇਸ ਡਾਲਰ ਪੌਂਡ ਦੇ ਵਹਾਓ ਨੇ ਸਾਡੀ ਜੀਵਨ ਸ਼ੈਲੀ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਡਾਲਰਾਂ ਤੇ ਪੌਂਡਾਂ ਦੀ ਚਮਕ ਦੇ ਨਾਲ ਨਾਲ ਪੰਜਾਬੀ ਪਰਵਾਸੀਆਂ ਦੀ ਉਹਨਾਂ ਮੁਲਕਾਂ ਦੀ ਉੱਚੀ ਸੁਰ ਵਿੱਚ ਕੀਤੀ ਜਾਂਦੀ ਪ੍ਰਸੰਸਾ ਦਾ ਵੀ ਵੱਡਾ ਰੋਲ ਹੈ। ਸਾਡੀਆਂ ਹਾਲਤਾਂ ਦੀ ਕੀਤੀ ਜਾਂਦੀ ਭਰਪੂਰ ਬਦਖੋਹੀ ਜੋ ਪਹਿਲਾਂ ਹੀ ਮੰਦਹਾਲੀ ਤੇ ਭ੍ਰਿਸ਼ਟ ਵਿਵਸਥਾ ਵਿੱਚ ਜੀ ਰਹੇ ਦੁੱਖੀ ਬੰਦੇ ਦੇ ਮਨ ਵਿੱਚ ਵਲੈਤਾਂ ਨੂੰ ਤਤਫੱਟ ਆਕਰਸ਼ਕ ਸੁਪਨ ਸੰਸਾਰ ਜਾਪਣ ਲੱਗਦੀ ਹੈ ਤੇ ਉਹ ਹਰ ਹੀਲੇ ਇਸ ‘ਸੁਪਨ ਸੰਸਾਰ’ ਵਿੱਚ ਪੁੱਜਣਾ ਚਾਹੁੰਦਾ ਹੈ। ਇਸ ਨੂੰ ਰੋਕ ਸਕਣਾ ਏਜੰਟਾਂ ਦੇ ਧੋਖਿਆਂ, ਵਿਦੇਸ਼ ਜਾਣ ਵਾਲਿਆਂ ਪੰਜਾਬੀਆਂ ਦੀਆਂ ਮੌਤਾਂ ਦੇ ਜੱਗ ਜ਼ਾਹਿਰ ਹੋਣ ਦੇ ਬਾਵਜੂਦ ਸੰਭਵ ਨਹੀਂ। ਸਾਡੀ ਪਹਿਲਾਂ ਹੀ ਆਰਥਿਕ ਮੰਦਹਾਲੀਆਂ ਵਿੱਚ ਘਿਰੀ ਜੀਵਨ ਜਾਚ, ਵਿਕਰਾਲ ਖੇਤੀ ਸੰਕਟ, ਭ੍ਰਿਸ਼ਟਾਚਾਰੀ, ਬੇਰੁਜ਼ਗਾਰੀ ਆਦਿ ਸਦਕਾ ਭੈੜੀ ਜ਼ਿੰਦਗੀ ਲਈ ਇਹ ਪਰੀ ਮੁਲਕ ਸਵਰਗ ਦੇ ਦਰਵਾਜ਼ੇ ਖੁੱਲ੍ਹਣ ਵਾਂਗ ਹਨ। ਬਾਹਰ ਜਾਣ ਦੀ ਮੂੰਹ-ਜ਼ੋਰ ਇਸ ਰੁਚੀ ਨੇ ਕਾਨੂੰਨਨ ਤੋਂ ਵਧੀਕ ਗੈਰ-ਕਾਨੂੰਨਨ ਢੰਗ ਨਾਲ ਬਾਹਰ ਜਾਣ ਦਾ ਅਜਿਹਾ ਚੱਕਰਵਿਊ ਸਥਾਪਿਤ ਕੀਤਾ ਹੈ, ਜਿਸ ਨੇ ਅਗੋਂ ਕਈ ਅਜੀਬ ਵਰਤਾਰੇ ਪੈਦਾ ਕੀਤੇ ਹਨ; ਮਸਲਨ ਪੈਸੇ ਦੀ ਬਰਬਾਦੀ, ਏਜੰਟਾਂ ਟਾਊਟਾਂ ਦੀ ਭਰਮਾਰ (ਸਮੇਤ ਪੁਲਿਸ ਤੇ ਹੋਰ ਅਫ਼ਸਰਸ਼ਾਹੀ ਦੇ) ਤੇ ਗ਼ੈਰ-ਸਮਾਜੀ ਅਨਸਰਾਂ ਦੀ ਚਾਂਦੀ, ਦੋ ਨੰਬਰ ਦੇ ਪੈਸੇ ਤੋਂ ਉਤਪੰਨ ਫਜ਼ੂਲ ਖਰਚੀ, ਵਿਖਾਵੇ ਤੇ ਹੋਰ ਕਈ ਮੰਦ ਰੁਚੀਆਂ, ਸਾਮਾਜਿਕ ਟੁੱਟ ਭੱਜ। ਆਪਣੀ ਭੂਮੀ, ਸਾਮਾਜਿਕ-ਪ੍ਰਬੰਧ ਨੂੰ ਸੰਵਾਰਨ/ਸੰਘਰਸ਼ ਕਰਨ ਤੋਂ ਟਾਲਾ ਆਦਿ।



ਇਸ ਅੰਨ੍ਹੇ ਪਰਵਾਸ ਦੀ ਰੁਚੀ ਕਰਕੇ ਸਾਡੇ ਪਵਿੱਤਰ ਸਾਕਾਦਾਰੀ ਸੰਬੰਧਾਂ ਨੂੰ ਵੱਡੀਆਂ ਬੇਹੁਰਮਤੀਆਂ ਵਿਚੋਂ ਲੰਘਣਾ ਪੈ ਰਿਹਾ ਹੈ। ਵਿਆਹ ਦੂਸਰੇ ਮੁਲਕੀਂ ਪਰਵਾਸ ਧਾਰਨ ਕਰਨ ਦਾ ਸੱਭ ਤੋਂ ਵੱਡਾ ਕਾਨੂੰਨੀ, ਉੱਤਮ, ਪੱਕਾ ਤੇ ਫੌਰੀ ਢੰਗ ਬਣਦਾ ਹੈ। ਪਰਵਾਸ ਦੇ ਮੰਤਵ ਹਿੱਤ ਵਿਆਹ ਕਰਨ/ਕਰਵਾਉਣ ਦੇ ਵਰਤਾਰੇ ਦੇ ਪਸੰਦੀਦਾ ਢੰਗ ਬਣ ਜਾਣ/ਰਹਿ ਜਾਣ ਕਰਕੇ ਵਿਆਹ ਵਿਧੀ ਵਿੱਚ ਚੌਖੇ ਰੌਚਕ ਬਦਲਾਵ ਆਏ ਹਨ। ਇਹਨਾਂ ਖਾਸ ਵਿਆਹਾਂ ਲਈ ਏਨੇ ਜੋੜ-ਤੋੜ, ਏਨੀ ਖਿੱਚ-ਧੂਹ ਤੇ ਏਨੇ ਅਨਰਥ ਵਾਪਰਦੇ ਹਨ। ਇਹ ਘਰ ਘਰ ਦੀ ਕਹਾਣੀ ਬਣ ਚੁੱਕੀ ਹੈ।

ਬਾਹਰ ਪਲੀਆਂ ਕੁੜੀਆਂ ਏਧਰਲੇ ਪੰਜਾਬੀ ਮੁੰਡੇ ਨਾਲ ਵਿਆਹ ਕਰਨ ਲਈ ਬਹੁਤਾ ਤਿਆਰ ਨਹੀਂ ਹੁੰਦੀਆਂ। ਜੇ ਉਹ ਤਿਆਰ ਹੋਣ ਤਾਂ ਹਰੇਕ ਉੱਚੀ ਤੋਂ ਉੱਚੀ ਡਿਗਰੀ ਵਾਲਾ ਲਾੜਾ ਹੱਥ ਜੋੜੀ ਤਿਆਰ ਬਰ ਤਿਆਰ ਖੜ੍ਹਾ ਹੁੰਦਾ ਹੈ। ਬਾਹਰਲੇ ਪੰਜਾਬੀ ਮੁੰਡੇ ਪੰਜਾਬੋਂ ਕੁੜੀ ਲਿਜਾਣ ਨੂੰ ਵੱਡੀ ਤਰਜੀਹ ਦਿੰਦੇ ਹਨ, ਜੋ ਉਹਨਾਂ ਨੂੰ ਵਧੇਰੇ ਸਮਰਪਿਤ ਤੇ ਸੇਵਾ ਭਾਵ ਵਾਲੀ ਲੱਗਦੀ ਹੈ ਤੇ ਏਧਰੋਂ ਪੰਜਾਬੀ ਮਾਪੇ ਬੁੱਢੇ, ਦਹਾਜੂ, ਸ਼ਰਾਬੀ, ਅਧਖੜ, ਅਨਪੜ੍ਹ ਵਲੈਤੀ ਲਾੜਿਆਂ ਨੂੰ ਤਲਾਸ਼ਦੇ/ਉਡੀਕਦੇ ਰਹਿੰਦੇ ਹਨ। ਵਲੈਤੀ ਲਾੜਾ-ਲਾੜੀ ਪੰਜਾਬੀਆਂ ਦੀ ਵੱਡੀ ਪਸੰਦੀਦਾ ਖਿੱਚ ਹੈ। ਵਲੈਤੀਂ ਪਹੁੰਚਣ ਦਾ ਇਕ ਕਾਨੂੰਨੀ ਪੱਕਾ ਪਰਮਿਟ ਹੈ। ਏਸ ਕਰਕੇ ‘ਪਰਵਾਸੀ ਵਰ’ ਸਰਬ-ਕਲਾ ਸੰਪੂਰਨ ਹੋ ਨਿਬੜਦਾ ਹੈ। ਪਿੱਛੋਂ ਜੋ ਵਾਪਰਦਾ, ਵਾਪਰੇ! ਵੇਖੀ ਜਾਊ!

ਅਤਿਅੰਤ ਨੇੜੇ ਦੇ ਕਦੇ ਵੀ ਨਾ ਸੋਚੇ ਜਾਣ ਵਾਲੇ ਸਾਕਾਂ ਵਿਚ ਸ਼ਰੇਆਮ ਪੂਰੀਆਂ ਧਾਰਮਿਕ ਰਸਮਾਂ ਨਾਲ ਸਾਰੇ ਸਾਕਾਂ/ਸਮਾਜ ਸਨਮੁਖ ਪੂਰੀ ਧਾਰਮਿਕ ਮਰਿਯਾਦਾ ਮੁਤਾਬਕ ਵਿਆਹ ਰਚਾ ਕੇ ਬਾਹਰ ਜਾਣ ਦਾ ਰਾਹ ਪੱਧਰ ਕੀਤਾ ਜਾਂਦਾ ਹੈ। ਗੁਰਦਵਾਰਿਆਂ, ਮੰਦਰਾਂ ਦਾ ਤਸਦੀਕ ਵਿਆਹ ਸਰਟੀਫੀਕੇਟ, ਸਰਕਾਰੀ ਰਜਿਸਟਰਡ ਵਿਆਹ, ਹਨੀਮੂਨ ਵਾਸਤੇ ਹੋਟਲਾਂ ਦੀ ਬੁਕਿੰਗ, ਫੋਟੋਆਂ, ਐਲਬਮਾਂ ਸਭ ਅਸਲੀ ਬਣਦੇ ਹਨ; ਜੇ ਹੁੰਦਾ ਹੈ ਤਾਂ ਵਿਆਹ ਨਕਲੀ ਹੁੰਦਾ ਹੈ। ਭੈਣ ਦਾ ਭਰਾ ਨਾਲ, ਪਿਓ ਦਾ ਧੀ ਨਾਲ, ਭੂਆ ਦਾ ਭਤੀਜੇ ਨਾਲ, ਗੱਲ ਕੀ ਹਰ ਕਾਬੂ ਰਿਸ਼ਤਾ ਵਿਆਹ ਦੀ ਤਰਕੀਬ ਨਹੀਂ ਬਾਹਰ ਜਾਣ ਦਾ ਵਸੀਲਾ ਬਣਦਾ ਹੈ। ਇਸ ਤੋਂ ਵੱਡਾ ਪਾਕਿ-ਪਵਿੱਤਰ ਰਿਸ਼ਤਿਆਂ ਨਾਲ ਹੋਰ ਖਿਲਵਾੜ ਕੀ ਹੋ ਸਕਦਾ ਹੈ?

ਵਿਆਹਾਂ ਨੂੰ ਇਕ ਸਕੈਂਡਲ ਵਜੋਂ ਪੈਸਾ ਕਮਾਉਣ ਦਾ ਜ਼ਰੀਆ ਬਣਾਉਦਿਆਂ ਕਿਸੇ ਨੱਚਣ ਵਾਲੀ ਕੁੜੀ ਨੂੰ ਬਾਹਰੋਂ ਆਈ ਕੁੜੀ ਦੱਸ ਕੇ, ਮੋਟਾ ਸੌਦਾ ਕਰਕੇ ਸਾਰਾ ਫਰਜ਼ੀ ਵਿਆਹ ਕਰ ਦਿੱਤਾ ਜਾਂਦਾ ਹੈ। ਮਗਰੋਂ ਮੁਕਲਾਵੇ ਆਈ ‘ਲਾੜੀ’ ਸੱਭ ਕੁਝ ਬਟੋਰ ਖਿਸਕ ਜਾਂਦੀ ਹੈ। ਇਵੇਂ ਹੀ ਬਾਹਰੋਂ ਆਇਆ ਮੁੰਡਾ ਦਸ ਕੇ ਕੁੜੀ ਵਾਲਿਆਂ ਨਾਲ ਮੋਟਾ ਸੌਦਾ ਤਹਿ ਕਰ ਵਿਆਹ ਕਰ ਦੇਣਾ, ਮੁੰਡੇ ਦਾ ਹਨੀਮੂਨ ਮਨਾ ਉਡਾਰੀ ਮਾਰ ਜਾਣਾ ਤੇ ਮੁੜ ਹੱਥ ਨਾ ਆਉਣਾ ਵੀ ਇਹ ਆਮ ਦਸਤੂਰ ਬਣ ਗਿਆ ਹੈ। ਇਹ ਸਰਦੇ-ਪੁੱਜਦੇ ਟਾਊਟਾਂ ਦਾ ਮੁਖ ਧੰਦਾ ਬਣ ਗਿਆ ਹੈ।

ਜਰਮਨ ਅਮਰੀਕਾ ਤੇ ਹੋਰ ਮੁਲਕਾਂ ਵਿੱਚ ਪਹੁੰਚੇ ਪੰਜਾਬੀ

ਬਾਕੀ ਸਫ਼ਾ 28 ’ਤੇ

# ਸਿੱਖ ਚਿੰਤਨ ਅਨੁਸਾਰ ਰਾਜ ਦਾ ਸੰਕਲਪ ਕੀ ਹੋਵੇ

**ਡਾ. ਜਸਪਾਲ ਸਿੰਘ**

ਸਿੱਖ ਸਾਹਿਤ ਵਿਚਲੇ ਰਾਜ ਦੇ ਸੰਕਲਪ ਬਾਰੇ ਗੱਲ ਕਰਦਿਆਂ ਸਾਡੀ ਸਭ ਤੋਂ ਪਹਿਲੀ ਮਾਨਤਾ ਇਹ ਹੈ ਕਿ ਸਿੱਖ ਚਿੰਤਨ ਇਕ ਸੰਪੂਰਨ ਧਰਮ-ਚਿੰਤਨ ਹੈ ਅਤੇ ਇਸ ਸੰਪੂਰਨ ਸਿੱਖ-ਚਿੰਤਨ ਅਨੁਸਾਰ ਧਰਮ ਦਾ ਕਾਰਜ ਖੇਤਰ ਅਸੀਮ ਹੈ। ਪਾਰਲੌਕਿਕ ਅਤੇ ਲੌਕਿਕ ਦੋਹਾਂ ਖੇਤਰਾਂ ਦੀਆਂ ਬਣਤਰਾਂ ਸਿੱਖ ਧਰਮ ਚਿੰਤਨ ਦੇ ਘੇਰੇ ਵਿਚ ਹਨ। ਰਾਜ ਵੀ ਸਿੱਖ-ਚਿੰਤਨ ਦਾ ਇਕ ਕੇਂਦਰੀ ਵਿਸ਼ਾ ਹੈ। ਗੁਰੂ ਨਾਨਕ ਸਾਹਿਬ ਜੀ ਮੱਧ-ਕਾਲ ਦੇ ਪਹਿਲੇ ਧਰਮ-ਆਗੂ ਹਨ, ਜਿਹਨਾਂ ਨੇ ਭਗਤੀ ਪਰੰਪਰਾ ਦੀ ਸਾਂਝੀ ਵਿਚਾਰਧਾਰਾ ਦੇ ਨਾਲ-ਨਾਲ ਰਾਜ ਤੇ ਸਮਾਜ ਪ੍ਰਤੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਪੂਰੀ ਗੁਰੂ ਪਰੰਪਰਾ ਨੇ ਇਸ ਵਿਲੱਖਣ ਗੁਣ ਨੂੰ ਅਪਣਾਈ ਰੱਖਿਆ। ਸ਼ੁਰੂ ਵਿਚ ਗੁਰੂ ਪਰੰਪਰਾ ਦਾ ਤਤਕਾਲੀਨ ਨਿਰੰਕੁਸ਼ ਰਾਜ ਬਾਰੇ ਪ੍ਰਤੀਕਰਮ ਬਾਣੀ ਰੂਪ ਵਿਚ ਪ੍ਰਗਟ ਹੁੰਦਾ ਰਿਹਾ, ਪਰ ਸਮਾਂ ਪਾ ਕੇ ਜਦੋਂ ਪ੍ਰਸਥਿਤੀਆਂ ਨੇ ਜ਼ਰੂਰੀ ਬਣਾ ਦਿੱਤਾ ਤਾਂ ਗੁਰੂ ਪਰੰਪਰਾ ਦਾ ਪ੍ਰਤੀਕਰਮ ਹਥਿਆਰਬੰਦ ਘੋਲ ਵਿਚ ਬਦਲ ਗਿਆ।

ਇਸੇ ਹਕੀਕਤ ਨਾਲ ਜੁੜੀ ਸਾਡੀ ਇਹ ਵੀ ਸਪੱਸ਼ਟ ਮਾਨਤਾ ਹੈ ਕਿ ਜਦੋਂ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਨਿਰਭਉ ਹੋ ਕੇ ਖੰਡਨ ਕਰਦੀ ਹੈ, ਉਦੋਂ ਉਸ ਦੇ ਅੰਤਹਕਰਣ ਵਿਚ ਇਕ ਆਦਰਸ਼ਵਾਦੀ ਰਾਜ ਦਾ ਸੰਕਲਪ ਮੌਜੂਦ ਹੁੰਦਾ ਹੈ। ਜਦੋਂ ਗੁਰੂ ਨਾਨਕ ਸਾਹਬ ਜੀ ਨੇ ਤੱਤਕਾਲੀਨ ਹਿੰਦੁਸਤਾਨ ਦੀ ਲੋਧੀ ਹਕੂਮਤ ਬਾਰੇ ਜਾਂ ਵਿਦੇਸ਼ੀ ਹਮਲਾਵਰ ਬਾਬਰ ਦੇ ਹਮਲੇ ਬਾਰੇ ਆਪਣਾ ਪ੍ਰਤੀਕਰਮ ਬਾਣੀ ਵਿਚ ਪ੍ਰਗਟਾਇਆ ਸੀ, ਉਦੋਂ ਉਹਨਾਂ ਦੇ ਅੰਤਹਕਰਣ ਵਿਚ ਰਾਜ ਦਾ ਇਕ ਆਦਰਸ਼ਵਾਦੀ ਸੰਕਲਪ ਮੌਜੂਦ ਸੀ। ਇਸੇ ਤਰ੍ਹਾਂ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਹਥਿਆਰਬੰਦ ਘੋਲ ਦੀ ਆਰੰਭਤਾ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਤੱਤਕਾਲੀਨ ਰਾਜ ਵਿਰੁੱਧ ਧਰਮ ਯੁੱਧ ਦਾ ਐਲਾਨ ਕੀਤਾ ਤੇ ਖਾਲਸਾ ਪੰਥ ਦੀ ਸਿਰਜਣਾ ਕੀਤੀ, ਉਦੋਂ ਵੀ ਉਹਨਾਂ ਦੇ ਜ਼ਿਹਨ ਵਿਚ ਇਕ ਆਦਰਸ਼ਵਾਦੀ ਰਾਜ ਦੀ ਬਣਤਰ ਮੌਜੂਦ ਸੀ। ਜਦੋਂ ਵਿਹਾਰ ਰੂਪ ਵਿਚ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਖੰਡਨ ਕਰ ਰਹੀ ਹੁੰਦੀ ਹੈ ਉਦੋਂ ਸਿਧਾਂਤ ਰੂਪ ਵਿਚ ਉਸ ਦੇ ਹਿਰਦੇ ਵਿਚ ਇਕ ਆਦਰਸ਼ਵਾਦੀ ਰਾਜ ਦਾ ਸੰਕਲਪ ਮੌਜੂਦ ਹੁੰਦਾ ਹੈ। ਇਹ ਸੰਕਲਪ ਸਰਬੱਤ ਦੇ ਭਲੇ ਦੇ ਹਿੱਤ ਵਿਚ ਹੁੰਦਾ ਹੈ। ਇਥੇ ਜ਼ਿਕਰਯੋਗ ਹੈ ਕਿ ਜਿਥੇ ਕਿਤੇ ਵੀ ਗੁਰਬਾਣੀ ਰਾਜ ਦਾ ਖੰਡਨ ਕਰਦੀ ਹੈ, ਉਥੇ ਮਨੁੱਖੀ ਅਧਿਕਾਰਾਂ ਤੇ ਇਨਸਾਫ਼ ਬਾਰੇ ਸੋਚ ਲਾਜ਼ਮੀ ਹੁੰਦੀ ਹੈ। ਸਿੱਖੀ ਵਿਚ ਰਾਜ ਦਾ ਸੰਕਲਪ ਮੀਰੀ-ਪੀਰੀ ਦੇ ਸਿੱਖ ਸਿਧਾਂਤ ਉਪਰ ਆਧਾਰਿਤ ਹੈ। ਗੁਰੂ ਪਰੰਪਰਾ ਦਾ ਮੱਤ ਸੀ ਕਿ ਧਰਮ ਤੇ ਰਾਜ ਦੋਵੇਂ ਮਨੁੱਖ ਨਾਲ ਸੰਬੰਧਿਤ ਸੰਸਥਾਵਾਂ ਹਨ। ਦੋਹਾਂ ਵਿਚਾਲੇ ਬੁਨਿਆਦੀ ਸਾਂਝ ਹੈ। ਰਾਜਨੀਤੀ 'ਤੇ ਧਰਮ ਦਾ ਕੁੰਡਾ ਰਹਿਣਾ ਚਾਹੀਦਾ ਹੈ, ਇਹ ਮੀਰੀ-ਪੀਰੀ ਦਾ ਸਿਧਾਂਤ ਹੈ। ਇਹ ਚਿੰਤਨ ਨਸਲੀ ਰਾਜ ਦੀ ਸਥਾਪਨਾ ਦਾ ਸੰਕਲਪ ਨਹੀਂ। ਇਸ ਵਿਚ ਆਦਰਸ਼ਵਾਦ ਦੀ ਨੀਤੀ ਸਮਾਈ ਹੁੰਦੀ ਹੈ, ਜੋ ਸਰਬੱਤ ਦੇ ਭਲੇ ਹਿੱਤ ਵਿਚ ਹੁੰਦੀ ਹੈ। ਕਹਿਣ ਤੋਂ ਭਾਵ ਸਿੱਖ ਚਿੰਤਨ ਦੇ ਰਾਜ ਵਿਚ ਰੂਹਾਨੀਅਤ ਸਮਾਈ ਹੋਈ ਹੈ, ਜੋ ਕਿ ਨਸਲਵਾਦੀ ਰਾਜ ਦੀ ਵਿਰੋਧੀ ਹੈ। ਅਸਲ ਵਿਚ ਸਿੱਖ ਸਾਹਿਤ ਵਿਚ ਰੱਬ ਨੂੰ ਦੁਨਿਆਵੀ ਰਾਜਿਆਂ ਉਪਰ ਸਰਵਉੱਚ ਰਾਜੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਦੁਨਿਆਵੀ ਰਾਜ ਨੂੰ ਰੱਬੀ ਰਾਜ ਦੇ ਹੁਕਮ ਦੀ ਪਾਬੰਦ ਸੰਸਥਾ ਮੰਨਿਆ ਗਿਆ ਹੈ। ਦੁਨਿਆਵੀ ਰਾਜ ਦੀ ਸਥਾਪਨਾ ਅਤੇ ਵਿਸਥਾਪਨਾ ਰੱਬ ਰਾਜੇ ਦੇ ਹੱਥ ਹੈ ਅਤੇ ਸੰਪੂਰਨ ਸ੍ਰਿਸ਼ਟੀ ਰੱਬ ਦੇ ਨਿਹਚਲ ਰਾਜ ਦੇ ਅਧਿਕਾਰ ਖੇਤਰ ਵਿਚ ਹੈ। ਅਸਲ ਵਿਚ ਸਿੱਖ ਚਿੰਤਨ ਅਨੁਸਾਰ ਰੱਬ ਇਕ ਸਿਧਾਂਤ ਪੁਰਖ ਹੈ ਅਤੇ ਉਹ ਅਮੂਰਤ ਸਿਧਾਂਤ ਦੀ ਤਰ੍ਹਾਂ ਸ੍ਰਿਸ਼ਟੀ ਦੀ ਸੰਪੂਰਨ



ਰਚਨਾ ਵਿਚ ਸਮਾਇਆ ਹੋਇਆ ਹੈ। ਰੱਬ-ਰਾਜਾ, ਅਮੂਰਤ ਰਾਜਤੰਤਰ ਦੇ ਰੂਪ ਵਿਚ ਲੋਕ-ਪ੍ਰਲੋਕ ਦੋਵਾਂ ਖੇਤਰਾਂ ਵਿਚ ਕਾਰਜਸ਼ੀਲ ਹੈ। ਸਿੱਖ ਵਿਚਾਰਧਾਰਾ ਦਾ ਰਾਜ, ਅਮੂਰਤ ਦੈਵੀ ਸਿਧਾਂਤ ਦੁਆਰਾ ਨਿਰਦੇਸ਼ਤ ਹੁੰਦਾ ਹੈ ਅਤੇ ਹਮੇਸ਼ਾ ਹੀ ਸ਼ਕਤੀ ਦੇ ਮੂਲ ਸ੍ਰੋਤ ਰੱਬ ਰਾਜੇ ਨਾਲ ਜੁੜਿਆ ਰਹਿੰਦਾ ਹੈ। ਜਿਥੋਂ ਤੱਕ ਸਿੱਖ ਪਰੰਪਰਾ ਦੀ ਰਾਜ ਵਿਵਸਥਾ ਦਾ ਸੰਬੰਧ ਹੈ, ਉਹ ਰਾਜਤੰਤਰ ਅਤੇ ਲੋਕਤੰਤਰ ਦੋਹਾਂ ਤੋਂ ਵਿਲੱਖਣ ਹੈ, ਕਿਉਂਕਿ ਇਸ ਵਿਚ ਰਾਜੇ ਜਾਂ ਲੋਕ ਪਾਤਸ਼ਾਹ ਦੀ ਚੋਣ ਨਿਵੇਕਲੇ ਢੰਗ ਨਾਲ ਕਰਨੀ ਮਿਥੀ ਗਈ ਹੈ। ਰਾਜਤੰਤਰ ਵਿਚ ਰਾਜਾ ਨਾਮਜ਼ਦ ਹੁੰਦਾ ਹੈ ਤੇ ਲੋਕਤੰਤਰ ਵਿਚ ਰਾਜਾ ਲੋਕਾਂ ਦੁਆਰਾ ਚੁਣਿਆ ਜਾਂਦਾ ਹੈ। ਸਿਖ ਪਰੰਪਰਾ ਪੰਜ ਪਿਆਰਿਆਂ ਦੇ ਵਿਧਾਨ ਉਪਰ ਟਿਕੀ ਹੋਈ ਹੈ। ਸਿਖ ਵਿਧਾਨ ਅਨੁਸਾਰ ਪੰਜ ਪਿਆਰੇ ਨਾਮਜ਼ਦ ਨਹੀਂ ਹੁੰਦੇ, ਨਾ ਹੀ ਚੁਣੇ ਜਾਂਦੇ ਹਨ। ਉਹ ਆਪਣੀ ਯੋਗਤਾ, ਚਰਿੱਤਰ ਦੇ ਗੁਣਾਂ ਦੁਆਰਾ, ਸਿੱਧ ਕਰਦੇ ਹਨ। ਇਸ ਤਰ੍ਹਾਂ ਸਿੱਖ ਪਰੰਪਰਾ ਗੁਣਤੰਤਰ ਰੂਪੀ ਰਾਜ ਦਾ ਪ੍ਰਗਟਾਵਾ ਕਰਦੀ ਹੈ। ਪੰਜਾਂ ਪਿਆਰਿਆਂ ਦੀ ਮਰਿਆਦਾ ਵਿਚ ਗੁਰੂ-ਪਰੰਪਰਾ ਦੀ ਸੰਪੂਰਨ ਸੱਤਾ ਤੇ ਲੋਕ-ਸੱਤਾ ਇਕ ਦੂਜੇ ਵਿਚ ਸਮਾਅ ਜਾਂਦੀਆਂ ਹਨ। ਸੰਗਤ ਵਿਚੋਂ ਚੁਣੇ ਪੰਜ ਪਿਆਰੇ, ਸੱਤਾ ਦੇ ਧਾਰਨੀ ਬਣ ਕੇ, ਮੁੜ ਸੰਗਤ ਨੂੰ ਸਮਰਪਿਤ ਹੋ ਜਾਂਦੇ ਹਨ। ਇਹ ਪੰਜ ਪਿਆਰੇ ਗੁਰੂ (ਗ੍ਰੰਥ) ਨੂੰ ਸਮਰਪਿਤ ਹੋ ਕੇ ਕਾਰਜ ਕਰਦੇ ਹਨ ਅਤੇ ਇਹ ਪਿਆਰੇ ਬਰਾਬਰ ਦਾ ਦਰਜਾ ਰੱਖਦੇ ਹਨ ਤੇ ਇਨ੍ਹਾਂ ਦੇ ਫੈਸਲੇ ਸਰਬਸੰਮਤੀ ਨਾਲ ਹੁੰਦੇ ਹਨ।

ਪੰਜਾਂ ਪਿਆਰਿਆਂ ਦੀ ਇਸ ਮਰਿਯਾਦਾ ਵਿਚ 'ਜੈਕਾਰੇ' ਦਾ ਬੜਾ ਮਹੱਤਵ ਹੈ। 'ਜੈਕਾਰਾ' ਸਰਬੱਤ ਲੋਕ ਵਿਚ ਪ੍ਰਵਾਨਗੀ ਦਾ ਪ੍ਰਗਟਾਵਾ ਹੈ। ਪੰਜ ਪਿਆਰੇ ਸਰਬਸੰਮਤੀ ਨਾਲ ਫੈਸਲਾ ਕਰਦੇ ਹਨ ਤੇ ਫਿਰ ਉਸ ਨੂੰ ਜੈਕਾਰੇ ਰਾਹੀਂ ਵਡੇਰੀ ਪ੍ਰਵਾਨਗੀ ਲਈ ਸੰਗਤ ਵਿਚ ਪੇਸ਼ ਕਰਦੇ ਹਨ। ਇਸ ਤਰ੍ਹਾਂ ਸਿੱਖ ਲੋਕਤੰਤਰ ਵਿਚ ਪ੍ਰਤੀਨਿਧ-ਲੋਕਤੰਤਰ ਤੇ ਪ੍ਰਤੱਖ-ਲੋਕਤੰਤਰ ਦਾ ਵੀ ਸੁਮੇਲ ਨਜ਼ਰ ਆਉਂਦਾ ਹੈ। ਸਿੱਖ ਰਾਜ ਸੰਕਲਪ ਵਿਚ ਪੰਜਾਂ ਪਿਆਰਿਆਂ ਦੀ ਇਹ ਪਰੰਪਰਾ ਰਾਜ ਦੀ ਵਿਵਸਥਾ ਨਿਰਧਾਰਿਤ ਕਰਨ ਵਿਚ ਇਕ ਪੈਟਰਨ ਵਜੋਂ ਕਾਰਜਸ਼ੀਲ ਹੈ।

ਇਤਿਹਾਸ ਗਵਾਹ ਹੈ ਕਿ ਸਾਰੀ ਮੱਧਕਾਲੀਨ ਰਾਜਨੀਤੀ ਵਿਚ ਦੈਵੀ ਅਧਿਕਾਰਾਂ ਦੇ ਸਿਧਾਂਤ ਦੀ ਆੜ ਵਿਚ ਰਾਜਤੰਤਰੀ ਫਾਸ਼ੀਵਾਦ ਅਰਥਾਤ ਜ਼ਾਲਮਾਨਾ ਸੋਚ ਪ੍ਰਫੁਲਿਤ ਹੋ ਰਹੀ ਸੀ, ਜਿਸ ਵਿਚ ਸ਼ਾਸਕ ਦਾ ਫੈਸਲਾ ਸੁਪਰੀਮ ਤੇ ਅਟੱਲ ਹੁੰਦਾ ਹੈ। ਪਰ ਸਿੱਖ ਪਰੰਪਰਾ ਨੇ ਨਾ ਤਾਂ ਰਾਜ ਦੇ ਦੈਵੀ ਅਧਿਕਾਰਾਂ ਦੇ ਸਿਧਾਂਤ ਨੂੰ ਮਾਨਤਾ ਦਿੱਤੀ ਅਤੇ ਨਾ ਹੀ ਫਾਸ਼ੀਵਾਦੀ ਰਾਜਤੰਤਰ ਵਿਵਸਥਾ ਦਾ ਸਮਰਥਨ ਕੀਤਾ। ਸਿੱਖ ਚਿੰਤਨ ਅਜਿਹੇ ਰਾਜ ਵਿਵਸਥਾ ਦਾ ਸਮਰਥਕ ਹੈ, ਜਿਸ ਵਿਚ ਰਾਜਾ 'ਪੰਚਾਇਣ' ਅਰਥਾਤ ਜਨ-ਪ੍ਰਤੀਨਿਧੀ 'ਪੰਚਾਂ' ਦੇ ਭੈਅ ਵਿਚ ਰਤਿਆ, ਸੰਜਮ ਵਿਚ ਵਿਚਰਦਾ ਹੈ। ਦੂਜੇ ਪਾਸੇ ਸਿੱਖ ਚਿੰਤਨ ਰਾਜਾ ਨੂੰ ਹਉਮੈਂ ਅਤੇ ਸਵਾਰਥ ਤਿਆਗ ਕੇ ਪਰਜਾ ਦੇ ਹਿੱਤ ਵਿਚ ਕਾਰਜਸ਼ੀਲ ਹੋਣ ਦੀ ਹਦਾਇਤ ਦਿੰਦਾ ਹੈ। ਗੁਰਬਾਣੀ ਅਨੁਸਾਰ ਜਿਹੜਾ ਰਾਜਾ ਹੰਕਾਰ ਅਧੀਨ ਕੰਮ ਕਰਦਾ ਹੈ ਉਸ ਨੂੰ ਬੁਰੇ ਸਿੱਟੇ ਭੁਗਤਣੇ ਪੈਂਦੇ ਹਨ ਤੇ ਉਹ ਲੋਕ ਪ੍ਰਵਾਨਿਤ ਨਹੀਂ ਹੋ ਸਕਦਾ। ਗੁਰਬਾਣੀ ਵਿਚ ਦਸਿਆ ਗਿਆ ਹੈ ਕਿ ਜਿਹੜਾ ਰਾਜਾ ਅਭਿਮਾਨ ਵਿਚ ਖਚਿਤ ਰਹਿੰਦਾ ਹੈ, ਉਸ ਨੂੰ ਬੁਰੇ ਸਿੱਟੇ ਭੁਗਤਣੇ ਪੈਂਦੇ ਹਨ :

ਜਿਸ ਕੈ ਅੰਤਰਿ ਰਾਜ ਅਭਿਮਾਨੁ॥
ਸੋ ਨਰਕਪਾਤੀ ਹੋਵਤ ਸੁਆਨੁ॥



(ਗੁਰੂ ਗ੍ਰੰਥ ਸਾਹਿਬ, ਪੰਨਾ : 278)

ਪ੍ਰੇਮ ਸੁਮਾਰਗ ਗ੍ਰੰਥ ਨੇ ਰਾਜੇ ਦੇ ਅਧਿਕਾਰਾਂ ਤੋਂ ਜ਼ਿਆਦਾ ਉਸ ਦੇ ਪਰਜਾ ਪ੍ਰਤੀ ਸਮਰਪਿਤ ਹੋਣ 'ਤੇ ਜ਼ੋਰ ਦਿੱਤਾ ਹੈ। ਇਸ ਗ੍ਰੰਥ ਦੀਆਂ ਪੰਕਤੀਆਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਰੱਬ ਦੀ ਦਰਗਾਹ ਵਿਚ ਰਾਜੇ ਪਾਸੋਂ ਕਿਸ ਗੱਲ ਦੀ ਪੁੱਛ ਪ੍ਰਤੀਤ ਹੋਵੇਗੀ :

"ਉਸ ਕੋ ਬੰਦਗੀ ਨ ਪੁਛੀ ਐਗੀ, ਜੋ ਤੁਧ ਕਿਆ ਕੀਆ ਹੈ ? ਯਹੀ ਪੁੱਛੀ ਐਗਾ, ਜੋ ਕਿਸ ਨੇ ਤੇਰੇ ਰਾਜ ਮੈਂ ਆਰਾਮ ਪਾਇਆ ਹੈ, ਅਰ ਕਿਸ ਨੇ ਦੁਖ ਪਾਇਆ ਹੈ ?"

ਸਪੱਸ਼ਟ ਹੈ ਕਿ ਸਿੱਖ ਪਰੰਪਰਾ ਨੇ ਸ਼ਾਸਕ ਤੇ ਪਰਜਾ ਵਿਚਾਲੇ ਚਲੇ ਆ ਰਹੇ ਇਕਤਰਫਾ ਸਬੰਧਾਂ ਨੂੰ ਦੁਤਰਫਾ ਰੂਪ ਦਿੱਤਾ। ਇਹ ਸਿੱਖ ਰਾਜਨੀਤਕ ਸੋਚ ਦਾ ਬੜਾ ਮਹੱਤਵਸ਼ਾਲੀ ਯੋਗਦਾਨ ਹੈ। ਪਹਿਲਾਂ ਸੱਤਾ ਦਾ ਇਕੋ ਇਕ ਸ੍ਰੋਤ ਰਾਜਾ ਸੀ, ਜਿਸ ਤੋਂ ਸ਼ਕਤੀ ਲੋਕਾਂ ਵੱਲ ਪ੍ਰਵਾਹਿਤ ਹੁੰਦੀ ਸੀ। ਸਿੱਖ ਸੋਚ ਨੇ ਸੱਤਾ ਦੇ ਆਧਾਰ ਨੂੰ ਵਿਸ਼ਾਲ ਕੀਤਾ ਅਤੇ ਉਸ ਦੀ ਤੋਰ ਸ਼ਾਸਕ ਤੋਂ ਪਰਜਾ ਵੱਲ ਹੀ ਨਹੀਂ, ਪਰਜਾ ਤੋਂ ਸ਼ਾਸਕ ਵੱਲ ਵੀ ਨਿਸ਼ਚਿਤ ਕੀਤੀ। ਸੰਗਤ ਵਿਚੋਂ ਉਭਰੇ ਹੋਏ ਪਿਆਰਿਆਂ ਦੇ ਫੈਸਲਿਆਂ ਨੂੰ ਪ੍ਰਵਾਨਗੀ ਲਈ ਸੱਤਾਧਾਰੀ ਸ਼ਾਸਕ ਵਰਗੇ ਅਧਿਕਾਰ ਸੰਪੰਨ ਪ੍ਰਧਾਨ ਵਿਅਕਤੀ ਵਲ ਝਾਕਣਾ ਨਹੀਂ ਪੈਂਦਾ, ਸਗੋਂ ਮੁੜ ਸੰਗਤ ਵਲ ਮੁੜਨਾ ਪੈਂਦਾ ਹੈ। ਇਸ ਤਰ੍ਹਾਂ ਸਿੱਖ ਰਾਜ ਵਿਵਸਥਾ ਵਿਚ ਸੱਤਾ, ਸਿਖਰ ਤੋਂ ਸਮਤਲ ਧਰਾਤਲ ਵੱਲ, ਪਰਿਵਾਰ ਤੋਂ ਲੋਕਾਂ ਵੱਲ ਅਤੇ ਵਿਅਕਤੀ ਤੋਂ ਸਮਾਜ ਵੱਲ ਪ੍ਰਵਾਹਿਤ ਹੁੰਦੀ ਹੈ।

ਰਾਜ ਦੇ ਪ੍ਰਕਾਰਜਾਂ ਬਾਰੇ ਸਿੱਖ ਸਾਹਿਤ ਦੀ ਸਪਸ਼ਟ ਰਾਇ ਹੈ ਕਿ ਰਾਜ ਨੂੰ ਉਹ ਸਾਰੇ ਰਾਜਨੀਤਕ, ਸਾਮਾਜਿਕ, ਆਰਥਿਕ ਅਤੇ ਨਿਆਂਇਕ ਪ੍ਰਕਾਰਜ ਕਰਨੇ ਚਾਹੀਦੇ ਹਨ ਜਿਹੜੇ ਮਨੁੱਖੀ ਕਲਿਆਣ ਤੇ ਉਸ ਦੇ ਬਹੁਪੱਖੀ ਵਿਕਾਸ ਲਈ ਜ਼ਰੂਰੀ ਹਨ। ਅਸਲ ਵਿਚ ਸਿੱਖ ਸੰਕਲਪ ਰਾਜ ਦੇ ਵਿਸ਼ਾਲ ਕਾਰਜ ਖੇਤਰ ਦਾ ਹਾਮੀ ਹੈ ਅਤੇ ਇਸ ਤਰ੍ਹਾਂ ਉਹ ਕਲਿਆਣਕਾਰੀ ਰਾਜ ਦੇ ਸੰਕਲਪ ਨਾਲ ਮੇਲ ਖਾਂਦਾ ਹੈ।

ਸਿੱਖ ਚਿੰਤਨ ਅਨੁਸਾਰ ਰਾਜ ਸੰਕਲਪ ਦ੍ਰਿੜਤਾ ਅਤੇ ਸੱਚ ਉਪਰ ਟਿਕਿਆ ਹੋਇਆ ਹੈ। ਇਸ ਵਿਚ ਅਧਿਆਤਮਕ ਸੱਚ ਅਤੇ ਵਿਹਾਰਕ ਯਥਾਰਥ ਵਿਚ ਏਕਤਾ ਕਾਇਮ ਰੱਖੀ ਗਈ ਹੈ। ਰੱਬੀ ਹੁਕਮ ਵਿਚ ਵਿਚਰਨ ਵਾਲਾ ਇਹ ਹਲੇਮੀ ਰਾਜ, ਸਭ ਨੂੰ ਸੁਖਾਲੀ ਸਥਿਤੀ ਵਿਚ ਪਹੁੰਚਾਉਣ ਦੇ ਉਦੇਸ਼ ਦਾ ਧਾਰਨੀ ਹੈ। ਇਸ ਰਾਜ ਸੰਕਲਪ ਵਿਚ ਰਾਜਾ ਗੁਣਵਾਨ ਹੈ ਅਤੇ ਪਰਜਾ ਗਿਆਨਵਾਨ। ਰਾਜ ਸੰਚਾਲਨ ਨੂੰ ਮਰਿਆਦਿਤ ਕਰਨ ਲਈ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਕਰਨ, ਸਮਾਨਤਾ ਅਤੇ ਸੁਤੰਤਰਤਾ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ, ਸ਼ਕਤੀ ਤੇ ਸ਼ਸਤਰਾਂ ਦੇ ਪ੍ਰਯੋਗ ਵਿਚ ਸਾਧ ਅਤੇ ਸਾਧਨ ਦੀ ਸੁੱਚਤਾ ਬਣਾਈ ਰੱਖਣਾ ਆਦਿ ਇਸ ਰਾਜ ਸੰਕਲਪ ਦੇ ਪ੍ਰਮੁੱਖ ਗੁਣ ਹਨ। ਸਿੱਖ ਚਿੰਤਨ ਦਾ ਰਾਜ ਪ੍ਰਭੁਤਾ ਸੰਪੰਨ ਹੈ ਪਰ ਨਿਰੰਕੁਸ਼ ਨਹੀਂ। ਰੱਬ ਅਤੇ ਲੋਕਾਈ ਪ੍ਰਤੀ ਉੱਤਰਦਾਈ ਇਹ ਰਾਜ ਗੁਣ-ਮੂਲਕ ਲੋਕਤੰਤਰੀ ਨੁਹਾਰ ਵਾਲੀ ਰਾਜ ਵਿਵਸਥਾ ਦਾ ਹਮਾਇਤੀ ਹੈ।

ਇਸ ਤੋਂ ਇਲਾਵਾ ਇਸ ਰਾਜ ਦੇ ਸੰਕਲਪ ਦੀਆਂ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਇਹ ਹਨ- ਇਕ ਤਾਂ ਇਸ ਵਿਚ ਧਰਮ ਦਾ ਅੰਸ਼ ਇਕ ਅਤਿ ਜ਼ਰੂਰੀ ਤੱਤ ਹੈ। ਇਹ ਰਾਜ ਧਰਮ ਦੇ ਅਧੀਨ ਤਾਂ ਨਹੀਂ ਪਰ ਧਰਮ ਦਾ ਅਨੁਸਾਰੀ ਹੋਣਾ ਇਸ ਲਈ ਅਤਿ ਜ਼ਰੂਰੀ ਹੈ। ਦੂਜਾ ਰਾਜ ਦਾ ਸਿਖ ਸੰਕਲਪ ਵਿਅਕਤੀ ਦੀ ਸੁਤੰਤਰਤਾ ਦਾ ਮੁੱਦਈ ਤਾਂ ਹੈ ਪਰ ਇਸ ਵਿਚ ਕਿਤੇ ਵੀ ਵਿਅਕਤੀਗਤ ਜਾਂ ਅਰਾਜਕਤਾਵਾਦ ਦੀ ਗਲ ਨਹੀਂ, ਸਗੋਂ ਰਾਜ ਦੇ ਵਿਸ਼ਾਲ ਕਾਰਜ ਖੇਤਰ ਵਿਚ ਹੀ ਵਿਅਕਤੀ ਦੇ ਸੰਪੂਰਨ ਵਿਕਾਸ ਦਾ ਸੰਕਲਪ ਦਿੱਤਾ ਗਿਆ ਹੈ। ਸਿੱਖ ਧਰਮ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਵਿਚੋਂ ਪ੍ਰਤੀਬਿੰਬਤ ਰਾਜ, ਦੈਵੀ ਸੱਚ, ਸਰਬੱਤ ਦੇ ਭਲੇ ਅਤੇ ਮਨੁੱਖੀ ਭਲਾਈ ਨਾਲ ਜੁੜਿਆ ਹੋਇਆ ਹੈ। ਇਸੇ ਨੂੰ ਹੀ ਖਾਲਸਾ ਰਾਜ ਕਿਹਾ ਜਾ ਸਕਦਾ ਹੈ।

# ਸ਼ੇਰਾਂ ਦਾ ਬਾਦਸ਼ਾਹ - ਮਹਾਰਾਜਾ ਰਣਜੀਤ ਸਿੰਘ

**ਗੁਰਬਖ਼ਸ਼ ਸਿੰਘ**

ਸੰਨ 1815-16 ਦੀ ਗੱਲ ਐ, ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ (ਮਾਝੇ) ਦੇ ਇਲਾਕੇ ਵਿਚ ਇੱਕ ਡਾਕੂ ਮਾਨ ਸਿੰਘ ਉੱਠਿਆ, ਉਸ ਨੇ ਬੜੇ ਡਾਕੇ-ਧਾੜਾਂ ਮਾਰੀਆਂ। ਲਾਹੌਰ ਦੇ ਆਲੇ-ਦੁਆਲੇ ਡਾਕਿਆਂ ਦੀ ਅੱਤ ਕਰ ਛੱਡੀ। ਡਾਕੂ ਮਾਨ ਸਿੰਘ ਬੜਾ ਮਸ਼ਹੂਰ ਹੋਇਆ। ਡਾਕੇ ਮਾਰਨੇ , 60 ਕੁ ਸਾਥੀਆਂ ਦਾ ਜਥਾ ਬੜੀ ਦਹਿਸ਼ਤ। ਲੋਕੀ ਆਮ ਕਹਿਣ ਲੱਗ ਪਏ;

"ਦਿਨੇ ਰਾਜ ਕਾਣੇ ਦਾ ਰਾਤੀਂ ਰਾਜ ਮਾਹਣੇ ਦਾ।"

ਰਣਜੀਤ ਸਿੰਘ ਨੇ ਹੁਕਮ ਕੀਤਾ ਕੇ ਉਸ ਨੂੰ ਜਿਉਂਦਾ ਫੜਨਾ, ਜਿਵੇਂ ਮਰਜੀ ਹੋਵੇ। ਹੁਣ ਕੌਣ ਫੜੇ ਮਾਨ ਸਿੰਘ ਨੂੰ। ਮਾਨ ਸਿੰਘ ਬੜਾ ਚੁਸਤ, ਉਸ ਦੀ ਜਸੂਸੀ ਬੜੀ ਤਕੜੀ। ਜਿਧਰ ਫੌਜ ਦੀ ਟੁਕੜੀ ਜਾਵੇ ਉਧਰ ਉਹ ਮੂੰਹ ਨਾ ਕਰੇ, ਹੋਰ ਪਾਸੇ ਅੱਤ ਕਰਾ ਦੇਵੇ। ਅੱਕ ਕੇ ਰਣਜੀਤ ਸਿੰਘ ਨੇ ਢੰਡੋਰਾ ਫੇਰਿਆ, ਇੱਕ ਇਸ਼ਤਿਹਾਰ ਕੱਢਿਆ... ਕੀ ?

ਕਿ, "ਜਿਹੜਾ ਮਾਨ ਸਿੰਘ ਨੂੰ ਜਿਉਂਦਾ ਫੜ ਲਵੇ ਜਾ ਗ੍ਰਿਫਤਾਰ ਕਰ ਲਵੇ ਉਸ ਨੂੰ ਦੋ ਪਿੰਡ ਇਨਾਮ ਚ ਦਿੱਤੇ ਜਾਣਗੇ।" ਥੋੜੇ ਕੁ ਦਿਨਾਂ ਬਾਅਦ ਇੱਕ ਇਸ਼ਤਿਹਾਰ ਡਾਕੂ ਮਾਨ ਸਿੰਘ ਵਲੋਂ ਲਾਹੌਰ ਦੀਆਂ ਕੰਧਾਂ ਤੇ ਲੱਗਾ, ਲੋਕਾਂ ਨੇ ਦੇਖਿਆ... ਕੀ ?

ਕਿ "ਜਿਹੜਾ ਮੈਨੂੰ ਜਿਉਂਦਾ ਫੜ ਲਵੇ ਜਾਂ ਗ੍ਰਿਫਤਾਰ ਕਰ ਲਵੇ, ਮੈਂ ਉਸ ਨੂੰ ਲਾਹੌਰ ਦਾ ਰਾਜ ਦੇ ਦਿਆਂਗਾ।"

ਸਿਰਾ ਕਰ ਦਿੱਤਾ, ਰਣਜੀਤ ਸਿੰਘ ਬੜਾ ਤਪਿਆ, ਗੁੱਸਾ ਲੱਗਾ, ਇੱਕ ਡਾਕੂ ਦੀ ਏਨੀ ਹਿੰਮਤ। ਇੱਕ ਰਾਤ ਚੰਨ ਦੀ ਚਾਨਣੀ, ਖਬਰ ਮਿਲੀ ਕਿ ਮਾਨ ਸਿੰਘ ਲਾਹੌਰ ਦੇ ਆਲੇ ਦੁਆਲੇ ਤਾਕ ਵਿਚ ਫਿਰ ਰਿਹਾ, ਕੋਈ ਕਾਰਾ ਕਰੇਗਾ। ਸ਼ੇਰੇ ਪੰਜਾਬ ਨੇ ਆਪਣੇ ਨਾਲ 12-ਕੁ ਘੋੜ-ਸਵਾਰ ਜਵਾਨ ਚੋਟੀ ਦੇ ਲਏ, ਲਾਹੌਰੋਂ ਬਾਹਰ ਜੰਗਲ ਵਲ ਨਿਕਲ ਗਿਆ। ਕੁਝ ਦੇਰ ਬਾਅਦ 60-ਕੁ ਘੋੜਸਵਾਰਾਂ ਦਾ ਜਥਾ ਚੰਨ ਦੀ ਚਾਨਣੀ ਚ ਨਜ਼ਰੀਂ ਪਿਆ। ਇਹ ਮਾਨ ਸਿੰਘ ਹੀ ਸੀ। ਮਾਨ ਸਿੰਘ ਨੇ ਦੇਖ ਕੇ ਦਬਕਾ ਮਾਰਿਆ, "ਕਿਹੜਾ ਉਏ ! ਠਹਿਰ ਜਰਾ..." ਰਣਜੀਤ ਸਿੰਘ ਹੁਰੀਂ ਰੁਕ ਗਏ। ਮਾਨ ਸਿੰਘ ਨੇੜੇ ਆਇਆ, ਸੋਚਿਆ ਕਿ ਇਹ ਵੀ ਕੋਈ ਛੋਟਾ-ਮੋਟਾ ਡਾਕੂਆਂ ਦਾ ਜਥਾ ਈ ਐ।

ਰਣਜੀਤ ਸਿੰਘ ਦੇਖ ਕੇ ਕਹਿਣ ਲੱਗਾ, "ਕਿਉਂ ! ਬਹੁਤੇ ਸਾਥੀਆਂ ਦਾ ਰੋਹਬ ਦੱਸਦਾਂ।"

ਅੱਗੋਂ ਮਾਨ ਸਿੰਘ ਕਿਹੜਾ ਘੱਟ ਸੀ, "ਕਹਿੰਦਾ ਕੋਈ ਗੱਲ 'ਨੀ, ਬੰਦਿਆਂ ਦਾ ਰੋਹਬ ਕਾਹਦਾ, ਤੂੰ ਆ ਜਾ ਕੱਲੇ ਨਾਲ ਕੱਲਾ।" ਇਹੀ



ਰਣਜੀਤ ਸਿੰਘ ਚਾਹੁੰਦਾ ਸੀ। ਫੈਸਲਾ ਹੋਇਆ ਕਿ ਸਾਥੀ ਬਾਹਰ ਖੜ੍ਹ ਕੇ ਦੇਖਣਗੇ। ਲੱਗੀ ਤਲਵਾਰਬਾਜ਼ੀ ਹੋਣ,ਚੰਨ ਦੀ ਚਾਨਣੀ ਵਿਚ। ਕਹਿੰਦੇ ਨੇ ਘੰਟਿਆਂ ਤੱਕ ਦਾਅ ਪੇਚ , ਪਲੱਥੇਬਾਜ਼ੀ ਹੁੰਦੀ ਰਹੀ, ਕੋਈ ਫੈਸਲਾ ਨਾ ਹੋਇਆ। ਅੰਤ ਜਦ ਮਾਨ ਸਿੰਘ ਵਾਰ ਕਰੇ, ਰਣਜੀਤ ਸਿੰਘ ਹੱਸਿਆ ਕਰੇ। ਮਾਨ ਸਿੰਘ ਤਪ ਗਿਆ, ਲੱਗਾ ਗੁੱਸੇ ਚ ਵਾਰ 'ਤੇ ਵਾਰ ਕਰਨ ਤੇ ਹੱਫ ਗਿਆ। ਰਣਜੀਤ ਸਿੰਘ ਨੇ ਮੌਕਾ ਦੇਖ 'ਕਾਂ ਦੀ ਝਪਟ' (ਗੱਤਕੇ ਦਾ ਇੱਕ ਦਾਅ ਜੋ ਬਹੁਤ ਘੱਟ ਲੋਕੀਂ ਜਾਣਦੇ ਨੇ) ਮਾਰੀ। ਮਾਨ ਸਿੰਘ ਹੱਥੋਂ ਤਲਵਾਰ ਛੁਡਾ ਲਈ। ਜੱਫਾ ਮਾਰ ਕੇ ਡੇਗ ਲਿਆ, ਛਾਤੀ ਉਤੇ ਬੈਠ ਗਿਆ ਰਣਜੀਤ ਸਿੰਘ ਤੇ ਕਿਹਾ, "ਚੱਲ ਦੇਹ ਮੈਨੂੰ ਲਾਹੌਰ ਦੀ ਬਾਦਸ਼ਾਹੀ।" ਮਾਨ ਸਿੰਘ ਹੱਕਾ ਬੱਕਾ ਪਰ ਬਹਾਦੁਰ ਸੀ, ਕਹਿੰਦਾ "ਠੀਕ ਹੈ ਪਰ ਕਾਣੇ ਦਾ ਰਾਜ ਬੜਾ ਪੱਕਾ ਹੈ, ਐਵੇਂ ਤਾਂ ਲਾਹੌਰ ਨਹੀਂ ਮਿਲਦਾ ਪਰ ਆਪਣੇ ਸ਼ਹੀਦ ਹੋਣ ਦਾ ਸਮਾਂ ਆ ਗਿਆ। ਚਲੋ ਲਾਹੌਰ ਕਿਲ੍ਹੇ ਵੱਲ ਨੂੰ ਦੋ-ਦੋ ਹੱਥ ਦਿਖਾ ਕੇ ਮਰਨ ਦਾ ਸੁਆਦ ਈ ਹੋਰ ਹੁੰਦਾ।"

ਦੋਵੇਂ ਜਥੇ ਚੱਲ ਪਏ। ਲਾਹੌਰ ਕਿਲ੍ਹੇ ਲਾਗੇ ਪਹੁੰਚ ਕੇ ਰਣਜੀਤ ਸਿੰਘ ਦੇ ਸਿਪਾਹੀ ਨੇ ਪਹਿਰੇ ਉਤੇ ਖੜ੍ਹੇ ਡਿਉੜੀ ਬਰਦਾਰ ਨੂੰ ਰਾਤ ਦਾ 'ਕੋਡ ਵਰਡ' ਦੱਸਿਆ। ਉਸ ਨੇ ਦੌੜ ਕੇ ਕਿਲ੍ਹੇ ਦਾ ਦਰਵਾਜਾ ਖੋਲ੍ਹ ਦਿੱਤਾ। ਮਾਨ ਸਿੰਘ ਨੇ ਸਮਝਿਆ ਕਿ ਇਹ ਕੋਈ ਬਾਹਲਾ ਈ ਚਾਲੂ ਚਾਲਬਾਜ਼ ਆ, ਪਹਿਰੇਦਾਰ ਨਾਲ ਗੰਢ ਤੁੱਪ ਕੀਤੀ ਹੋਣੀ ਆ। ਜਦ ਅੰਦਰ ਦਾਖਲ ਹੋਇਆ, ਕੀ ਦੇਖਦਾ, ਕੋਈ ਸਮਝ ਨਾ ਆਵੇ। ਸਿਪਾਹੀਆਂ ਨੇ ਫੜ ਕੇ ਕੈਦ ਕਰ ਲਿਆ। ਸਵੇਰੇ ਦਰਬਾਰ 'ਚ ਪੇਸ਼ ਕੀਤਾ ਗਿਆ। ਰਣਜੀਤ ਸਿੰਘ ਕਹਿਣ ਲੱਗਾ, "ਦੇਖ ਮਾਨ ਸਿਆਂ ਤੇਰਾ ਐਲਾਨ ਝੂਠਾ ਨਹੀਂ ਹੋਇਆ, ਲਾਹੌਰ ਦਾ ਰਾਜ ਤਾਂ ਮੈਂ ਲੈ ਲਿਆ ਆਪੇ, ਤੂੰ ਸ਼ਰਮਿੰਦਾ ਨਹੀਂ, ਤੇਰਾ ਬਚਨ ਸੱਚਾ ਹੋਇਆ। ਹੁਣ ਦੱਸ ਤੇਰੀ ਸਲਾਹ ਕੀ ਹੈ ! ਇਹ ਜ਼ਿੰਦਗੀ ਭੰਗ ਦੇ ਭਾੜੇ ਗੁਆਉਣੀ ਹੈ ਜਾਂ ਕੌਮ-ਧਰਮ ਦੇ ਕੰਮ ਆਉਣਾ ਹੈ।"

ਕਹਿੰਦੇ ਨੇ ਕੇ ਮਾਨ ਸਿੰਘ ਖਾਲਸਾ ਫੌਜ 'ਚ ਭਰਤੀ ਹੋ ਗਿਆ, ਬਹਾਦਰ ਬੜਾ ਸੀ ਤੇ ਸਿਰਦਾਰ ਹਰੀ ਸਿੰਘ ਨਲੂਆ ਦੀ ਫੌਜ ਵਿਚ ਰਿਹਾ। ਹਜ਼ਾਰੇ ਦੀ ਲੜਾਈ ਵਿਚ ਲੜਦਾ ਹੋਇਆ ਅੰਤ ਸਿੱਖ ਰਾਜ ਦੇ ਸੂਰਜ ਨੂੰ ਬੁਲੰਦ ਕਰਦਾ ਹੋਇਆ, ਸ਼ਹੀਦ ਹੋਇਆ।

ਕਿਸੇ ਨੇ ਆਹ ਕਹਾਣੀ ਸੁਣਾਉਣ ਵਾਲੇ ਫੌਜੀ ਬਾਬੇ ਨੂੰ ਪੁੱਛਿਆ, "ਬਾਬਾ, ਰਣਜੀਤ ਸਿੰਘ ਸੱਚੀ ਹੀ ਇਨਾ ਬਹਾਦਰ ਸੀ?" ਬਾਬਾ ਅੱਖਾਂ ਲਾਲ ਕਰਕੇ ਕਹਿਣ ਲੱਗਾ, "ਪੁੱਤ! ਰਣਜੀਤ ਸਿੰਘ ਸ਼ੇਰਾਂ ਦਾ ਬਾਦਸ਼ਾਹ ਸੀ, ਕੋਈ ਨੰਦਨ ( ਲੰਡਨ) ਦੀ ਰੰਨ ਨਹੀਂ ਸੀ ਤਖ਼ਤ 'ਤੇ ਬਿਠਾਈ ਹੋਈ।"

# ਥੇਹਾਂ ਦਾ ਸਿੱਖਾਂ ਨੂੰ ਪੈਗਾਮ

**ਗੁਰਜੀਤ ਕੌਰ**
(713-469-2474)







ਹਰ ਕੌਮ ਦੀ ਇਕ ਵਿਲੱਖਣ ਵਿਰਾਸਤ ਹੁੰਦੀ ਹੈ ਅਤੇ ਵੱਖਰਾ ਇਤਿਹਾਸ। ਇਤਿਹਾਸ ਸਿਰਫ਼ ਜਾਣਕਾਰੀ ਦੀ ਹੱਦ ਤੱਕ ਸੀਮਤ ਹੁੰਦਾ ਹੈ ਪਰ ਜਦੋਂ ਇਹ ਦੇ ਨਾਲ ਵਿਰਾਸਤ ਸ਼ਬਦ ਆਣ ਜੁੜਦਾ ਹੈ ਤੇ ਇਹ ਹਰ ਨਸਲ ਨੂੰ ਕੌਮ ਦੀ ਵਿਰਾਸਤ ਸਾਂਭਣ ਦਾ ਬੋਧ ਵੀ ਕਰਾਉਂਦਾ ਹੈ। ਬਦਕਿਸਮਤੀ ਨਾਲ ਜੇ ਕਿਸੇ ਇਕ ਪੀੜ੍ਹੀ ਨੇ ਨਾਗਾ ਪਾ ਦਿੱਤਾ ਤੇ ਫੇਰ ਇਤਿਹਾਸ ਦਾ ਰੁਲਣਾ ਤੇ ਵਿਰਾਸਤ ਦਾ ਕਿਸੇ ਅੰਨ੍ਹੇ ਖੂਹ ਵਿਚ ਡਿੱਗ ਪੈਣਾ ਤੈਅ ਹੁੰਦਾ ਹੈ। ਜੇ ਅਗਲੀ ਨਸਲ ਨੂੰ ਆਪ ਹੀ ਵਿਰਾਸਤ ਸਾਂਭਣ ਦਾ ਚੇਤਾ ਆ ਵੀ ਜਾਵੇ ਤੇ ਫੇਰ ਸਾਂਭਣ ਜੋਗਾ ਕੁਝ ਬਚਦਾ ਨਹੀਂ। ਕੁਝ ਇਹੋ ਜਿਹਾ ਹੀ ਹੋਇਆ ਸਾਡੇ ਸਿੱਖਾਂ ਨਾਲ ਜੋ ਕਿ ਅਮਰਦੀਪ ਸਿੰਘ ਨੇ ਆਪਣੀ ਪਾਕਿਸਤਾਨ ਦੀ ਫੇਰੀ ਤੇ ਲਿਖੀਆਂ ਕਿਤਾਬਾਂ ਵਿਚ ਬਿਆਨਿਆਂ ਹੈ।

ਕੁਝ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਮੈਂ ਕਾਰੋਬਾਰ ਪ੍ਰਬੰਧਨ (Business Management) ਦੀ ਡਿਗਰੀ ਕਰ ਰਹੀ ਸੀ। ਜਮਾਤ ਦੀ ਸ਼ੁਰੂਆਤ ਦੇ ਪ੍ਰਸ਼ਨ ਵਿਚ ਉਸਤਾਦ ਨੇ ਸਾਰਿਆਂ ਨੂੰ ਉਨ੍ਹਾਂ ਸੁਪਨਿਆਂ ਦੇ ਸ਼ਹਿਰ ਬਾਰੇ ਪੁੱਛਿਆ। ਸਾਰੇ ਯੂਰਪ ਤੇ ਅਮਰੀਕਾ ਨਾਲ ਲਗਦੇ ਟਾਪੂਆਂ ਤੇ ਘੁੰਮਦੇ ਰਹੇ ਪਰ ਇਕੱਲੀ ਮੈਂ ਸੀ ਜਿਸ ਨੇ ਕਿਹਾ, ਲਾਹੌਰ! ਸਾਰਿਆਂ ਦੇ ਚਿਹਰੇ ਮੇਰੇ ਵੱਲ ਘੁੰਮ ਗਏ ਤੇ ਉਨਾਂ ਮੇਰੇ ਵੱਲ ਇਸ ਤਰ੍ਹਾਂ ਵੇਖਿਆ ਜਿਸ ਤਰ੍ਹਾਂ ਮੈਂ ਮੰਗਲ ਗ੍ਰਹਿ ਤੇ 'ਵਾਲਮਾਰਟ' ਖੁੱਲ੍ਹਣ ਦੀ ਗੱਲ ਕੀਤੀ ਹੋਵੇ। ਭਾਵੇਂ ਕਿ ਮੇਰਾ ਮਿਲਣ ਵਰਤਣ ਲਹਿੰਦੇ ਪੰਜਾਬ ਦੇ ਵਸਨੀਕਾਂ ਨਾਲ ਬਹੁਤ ਜ਼ਿਆਦਾ ਹੈ ਪਰ ਜਿਸ ਨੁਕਤਾ ਨਜ਼ਰ ਨਾਲ ਕਿਸੇ ਸਿੱਖ ਨੇ ਉਸ ਧਰਤੀ ਵੱਲ ਵੇਖਣਾ ਹੈ, ਉਹ ਬਿਆਨੋਂ ਪਰ੍ਹੇ ਹੈ। ਕਿਉਂਕਿ ਇਕ ਵਰਗ ਨੇ ਉਸ ਧਰਤੀ ਵੱਲ ਚਮਕਦੀਆਂ ਅੱਖਾਂ ਅਤੇ ਅਪਣਾਇਤ ਨਾਲ ਵੇਖਣਾ ਹੈ ਅਤੇ ਦੂਜੇ ਨੇ ਹਉਕਾ ਲੈ ਕੇ ਸਿੱਲ੍ਹੀਆਂ ਅੱਖਾਂ ਨਾਲ। ਕੁਝ ਸਾਲ ਹੋਏ ਲੇਖਕ ਨੂੰ ਮਿਲਣ ਦਾ ਮੌਕਾ ਮਿਲਿਆ। ਗੁਰਦੁਆਰੇ ਤੋਂ ਬਿਜਲਈ ਖਤ ਆਇਆ ਕਿ ਕਿਸੇ ਅਮਰਦੀਪ ਸਿੰਘ ਨਾਂ ਦੇ ਵਿਅਕਤੀ ਨੇ ਪਾਕਿਸਤਾਨ ਦੀ ਫੇਰੀ ਉਤੇ ਕਿਤਾਬ ਲਿਖੀ ਹੈ ਤੇ ਉਹ ਹਿਊਸਟਨ ਵਿਚ ਇਕ ਸਮਾਗਮ ਵਿਚ ਸ਼ਿਰਕਤ ਕਰਨਗੇ। ਉਥੇ ਪਹੁੰਚ ਕੇ ਮੈਨੂੰ ਸਿੱਖ ਭਾਈਚਾਰੇ ਉਤੇ ਮਾਣ ਹੋਇਆ, ਜਿਨ੍ਹਾਂ ਮੇਰਾ ਆਪਣੇ ਆਪ ਤੇ ਭਰੋਸਾ ਨਹੀਂ ਟੁੱਟਣ ਦਿੱਤਾ। ਜੇ ਕਿਤੇ ਗੈਰ ਸਿੱਖ ਇਕੱਠ ਵਿਚੋਂ ਕੱਢ ਦਿੱਤੇ ਜਾਂਦੇ ਤਾਂ ਫੇਰ ਗਿਣਤੀ ਦੇ ਸਿੱਖ ਹੀ ਬਚਦੇ ਹਨ। ਹਾਂ ਜੇ ਕਿਤੇ ਲੇਖਕ ਦੇ ਮਗਰ ਸਾਜ਼ੀਆਂ ਦੀ ਕਤਾਰ ਖੜ੍ਹੀ ਹੁੰਦੀ ਤੇ ਉਹ ਸਿਲਕਾਂ ਸਿਤਾਰਿਆਂ ਵਾਲੇ ਕੱਪੜੇ ਪਾ ਕੇ ਆਪਣੇ ਆਪ ਨੂੰ ਸੱਭਿਆਚਾਰ ਦਾ ਸੇਵਕ ਸਾਬਤ ਕਰਦਾ ਹੁੰਦਾ ਤਾਂ ਫਿਰ ਭੀੜ ਲੱਗੀ ਹੋਣੀ ਸੀ।

"ਕਬੀਰਾ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸ ਬਜਾਈਐ ਫੂਕ॥"

ਚਲੋ ਜਨਾਬ, ਮੌਸੂਫ਼ ਨੇ ਬੜੀ ਗਰਮਜੋਸ਼ੀ ਨਾਲ ਆਪਣੀ ਕਿਤਾਬ, ਯਾਤਰਾ ਤੇ ਪਾਕਿਸਤਾਨ ਵਿਚ ਹੋਏ ਅਨੁਭਵਾਂ ਨੂੰ ਬਿਆਨਿਆਂ।

ਕੁਝ ਮਹੀਨੇ ਪਹਿਲਾਂ ਏਦਾਂ ਦਾ ਇਤਫਾਕ ਫੇਰ ਬਣਿਆ ਤੇ ਹੁਣ ਤੱਕ ਉਨ੍ਹਾਂ ਦੋ ਕਿਤਾਬਾਂ ਲਿਖ ਛੱਡੀਆਂ ਸਨ। ਸਬੱਬ ਨਾਲ ਮੈਂ ਦੋਵੇਂ ਕਿਤਾਬਾਂ ਲੇਖਕ ਕੋਲੋਂ ਹੀ ਖਰੀਦੀਆਂ। ਇਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਸੁਆਲਾਂ ਦਾ ਇਕ ਅੰਦੋਲਨ ਜ਼ਿਹਨ ਵਿਚ ਛਿੜ ਗਿਆ। ਅਨੁਭਵ ਤਾਂ ਲੇਖਕ ਆਪਣੇ ਮੂੰਹੋਂ ਹੀ ਦੱਸ ਬੈਠਾ ਸੀ ਪਰ ਹੁਣ ਅਗਲੀ ਗੱਲ ਵੇਖਣ ਵਾਲੀ ਇਹ ਸੀ ਕਿ ਪਾਠਕ ਅਮਰਦੀਪ ਸਿੰਘ ਵਲੋਂ ਵਿਖਾਏ ਛੇ ਨੂੰ ਆਪਣੇ ਨਜ਼ਰੀਏ ਨਾਲ ਨੌਂ ਬਚਨ ਦਿੰਦਾ ਹੈ ਜਾਂ ਨਹੀਂ। ਹਰ ਇਕ ਇਨਸਾਨ ਨੇ ਆਪਣੇ ਨਜ਼ਰੀਏ ਮੁਤਾਬਕ ਇਨ੍ਹਾਂ ਕਿਤਾਬਾਂ ਦਾ ਹੁਣ ਤਸਕਰਾ ਕਰਨਾ ਹੈ ਤੇ ਇਕ ਗੱਲ ਮੈਂ ਸ਼ੁਰੂਆਤ ਵਿਚ ਸਪੱਸ਼ਟ ਕਰਦਿਆਂ ਕਿ ਜੇ ਕਿਸੇ ਨੇ ਇਨ੍ਹਾਂ ਕਿਤਾਬਾਂ ਵੱਲ ਕਿਸੇ ਮਜ਼ਹਬੀ ਦਾਇਰੇ ਵਿਚ ਫਸ ਕੇ ਵੇਖਣਾ ਹੈ ਤੇ ਇਹ ਕਿਤਾਬਾਂ ਉਨ੍ਹਾਂ ਲਈ ਨਹੀਂ ਹਨ। ਸਿੱਖੀ ਸਾਂਝੀਵਾਲਤਾ ਉਤੇ ਅਧਾਰਤ ਹੈ। ਲੇਖਕ ਪਹਿਲੀ ਕਿਤਾਬ ਦੀ ਸ਼ੁਰੂਆਤ ਅਤੇ ਦੂਜੀ ਕਿਤਾਬ ਦੇ ਅੰਤ ਤੱਕ ਇਹ ਵਿਚਾਰਧਾਰਾ ਆਪਣੇ-ਆਪ ਤੋਂ ਅਲਹਿਦਾ ਨਹੀਂ ਹੋਣ ਦਿੰਦਾ। ਇਸ ਗੱਲ ਤੋਂ ਤੇ ਮੁੱਕਰਿਆ ਹੀ ਨਹੀਂ ਜਾ ਸਕਦਾ ਕਿ ਕੋਈ ਵਿਚਾਰਧਾਰਾ ਜਾਂ ਇਮਾਰਤਾਂ, ਜੋ ਕਿਸੇ ਕੌਮ ਵਿਸ਼ੇਸ਼ ਦੇ ਵਿਰਸੇ ਦਾ ਪ੍ਰਗਟਾਵਾ ਕਰਦੇ ਹਨ, ਉਨ੍ਹਾਂ ਦੀ ਉਸਾਰੀ ਵਿਚ ਬਾਕੀ ਕੌਮਾਂ ਦੀ ਹਿੱਸੇਦਾਰੀ ਨਹੀਂ ਹੁੰਦੀ। ਜੇ ਗੱਲ ਸੰਨ 1947 ਦੀ ਕਰੀਏ ਤੇ ਮੁਲਕ ਦੇ ਨਾਂ ਹੇਠ ਹੋਈ ਪੰਜਾਬ ਦੀ ਵੰਡ ਅਤੇ ਭੂਗੋਲਿਕ ਨਕਸ਼ੇ ਉਤੇ ਖਿੱਚੀ ਲਕੀਰ ਨੇ ਸਿਰਫ਼ ਇਕ ਫਿਰਕੇ ਨੂੰ ਹੀ ਨਹੀਂ ਬਲਕਿ ਬਾਕੀ ਫਿਰਕਿਆਂ ਨੂੰ ਵੀ ਸੰਤਾਪ ਦੇ ਉਸ ਵਿਚ ਖੂਹ ਵਿਚ ਸੁੱਟਿਆ ਜਿਸ ਅੱਗੇ ਦੋਜ਼ਖ ਸ਼ਬਦ ਵੀ ਬਹੁਤ ਬੌਣਾ ਜਾਪਦਾ ਹੈ। ਇਹੋ ਬਿਆਨਦੀ ਅਮਰਦੀਪ ਸਿੰਘ ਦੀ ਖੋਜ ਰੂਪੀ ਕਿਤਾਬ ਦੀ ਜਿਲਦ ਬੰਦ ਕਰਨ ਤੋਂ ਬਾਅਦ ਹਰ ਪਾਸੇ ਸਿਵਿਆਂ ਵਰਗੀ ਸੁੰਨਸਾਨ ਵਰਤੀ ਜਾਪਦੀ ਹੈ ਤੇ ਸਰੀਰ ਸੁੰਨ ਹੋਇਆ ਮਹਿਸੂਸ ਹੁੰਦਾ ਹੈ।

ਲੇਖਕ ਇਸ ਗੱਲ ਲਈ ਮੁਬਾਰਕਬਾਦ ਦਾ ਪਾਤਰ ਹੈ ਕਿ ਉਹ ਆਪਣੇ ਕਿਤਾਬੀ ਸਫ਼ਰ ਦੌਰਾਨ ਪਾਠਕ ਨੂੰ ਕੋਲ ਨਹੀਂ, ਨਾਲ ਹੋਣ ਦਾ ਅਹਿਸਾਸ ਕਰਾਉਂਦਾ ਹੈ। ਉਸ ਦੀ ਪਹਿਲੀ ਕਿਤਾਬ ਉਸ ਦੀ ਨਿੱਜੀ ਖੁਆਹਿਸ਼ ਤੋਂ ਸ਼ੁਰੂ ਹੁੰਦੀ ਹੈ ਜੋ ਕਿ ਉਸ ਦੀ ਜੱਦੀ ਮਿੱਟੀ ਦੀ ਛੋਹ ਪ੍ਰਾਪਤ ਕਰਨ ਦੀ ਹੈ ਪਰ ਖਤਮ ਹੁੰਦੀ ਹੈ ਇਕ ਹਸਰਤ ਉਤੇ, ਜਿਸ ਨਾਲ ਇਕ ਅਜ਼ੀਮ ਵਿਰਾਸਤ ਅਤੇ ਸੱਭਿਆਚਾਰ ਦਾ ਥੇਹ ਹੋਣਾ ਜੁੜਿਆ ਹੈ। ਦੂਜੇ ਅਰਥਾਂ ਵਿਚ ਪਹਿਲੀ ਕਿਤਾਬ ਜਾਣਕਾਰੀ ਦੇ ਇਰਦ-ਗਿਰਦ ਘੁੰਮਦੀ ਹੈ ਤੇ ਦੂਜੀ ਟੀਸਾਂ ਤੇ ਵਿਰਲਾਪ ਦੇ। ਉਸ ਨੇ ਇਕ ਗੱਲ ਪ੍ਰਮਾਣ ਸਹਿਤ ਸਾਬਤ ਕੀਤੀ ਕਿ ਇਕ ਅਜ਼ੀਮ ਵਿਰਾਸਤ ਦੀ ਇਕ ਵਰਗ ਨੇ ਕਦਰ ਨਹੀਂ ਕੀਤੀ ਤੇ ਦੂਜੇ ਵਰਗ ਨੇ ਕਦਰ ਪਾਈ ਨਹੀਂ। ਲੇਖਕ ਦੇ ਮਨ ਅੰਦਰ ਇਕ ਨਿਰਾਸ਼ਾਜਨਕ ਪ੍ਰਸ਼ਨ ਉਠਦਾ ਹੈ ਕਿ ਉਸ ਦੇ ਵਰਗਾ ਉਦਮ ਧਰੋਹਰ ਦੇ ਅਸਲ ਮਾਲਕਾਂ ਨੇ ਕਿਉਂ ਨਾ ਕੀਤਾ। ਮੇਰੇ ਮੁਤਾਬਕ ਇਸ ਦਾ ਕਾਰਨ ਇਕ ਸੀਮਤ ਜਿਹਾ ਨਹੀਂ ਹੋ ਸਕਦਾ। ਲਹਿੰਦੇ ਪੰਜਾਬ ਤੋਂ ਆਏ ਪਰਿਵਾਰਾਂ ਨੂੰ ਕਈ ਸਾਲ ਤਾਂ ਇਸ ਖੁਸ਼ਗੁਮਾਨੀ ਨੇ ਹੀ ਘੇਰੀ ਰੱਖਿਆ ਕਿ ਹਾਲਾਤ ਠੀਕ ਹੋਣ ਤੋਂ ਬਾਅਦ ਉਨ੍ਹਾਂ ਵਾਪਸ ਪਰਤ ਜਾਣਾ ਹੈ। ਜਿਨ੍ਹਾਂ ਆਪਣਾ ਘਰ ਬਾਰ, ਪਰਿਵਾਰ ਗੁਆ ਲਿਆ ਸੀ, ਉਹ ਮਾਨਸਿਕ ਸਦਮੇ ਵਿਚ ਸਨ। ਸੁੰਨੇ ਹੱਥ ਅਤੇ ਸੁੰਨ ਦਿਮਾਗ, ਕੋਈ ਸਿਰਜਣਾ ਕਰਨ ਦੇ ਸਮਰੱਥ ਹੀ ਨਹੀਂ ਹੁੰਦੇ। ਦੇਸ਼ ਪੰਜਾਬ ਖੁਸ ਚੁੱਕਾ ਸੀ ਤੇ ਮੁੜ ਵਸੇਬੇ ਦੀਆਂ ਚੁਣੌਤੀਆਂ ਵਿਕਰਾਲ ਰੂਪ ਧਾਰੀ ਸਾਹਮਣੇ ਖੜ੍ਹੀਆਂ ਸਨ। ਆਪਣੀ ਧਰਤੀ ਖੋਹ ਕੇ ਇਕ ਨਵੀਂ ਭੂਗੋਲਿਕ ਹੱਦਬੰਦੀ ਉਨ੍ਹਾਂ ਉਤੇ ਥੋਪ ਦਿੱਤੀ ਗਈ ਜੋ ਕਿ ਉਨ੍ਹਾਂ ਦੀ ਤਕਦੀਰ ਬਣਨ ਲਈ ਤਿਆਰ ਖੜ੍ਹੀ ਸੀ। ਜੁਆਨ ਧੀਆਂ ਦੇ ਵਿਛੋੜੇ ਦਾ ਸਦਮਾ ਸੀ, ਜਿਨ੍ਹਾਂ ਵਿਚੋਂ ਥੋੜ੍ਹੀਆਂ ਮਾਪਿਆਂ ਨੇ ਆਪ ਕਤਲ ਕਰ ਦਿੱਤੀਆਂ, ਕਈਆਂ ਆਤਮਘਾਤ ਕਰ ਲਏ ਤੇ ਕਈ ਅਸਬਾਬ ਵਾਂਗੂ ਲੁੱਟ ਲਈਆਂ ਗਈਆਂ। ਸਭ ਤੋਂ ਵੱਡੀ ਠੇਸ ਪਹੁੰਚੀ ਸੀ ਗੈਰਤ ਨੂੰ, ਜਿਹੜੇ ਹੱਥ ਹਮੇਸ਼ਾ ਲੋੜਵੰਦਾਂ ਦੀ ਮਦਦ ਲਈ ਉਠੇ, ਅੱਜ ਉਹ ਆਪਣਾ ਢਿੱਡ ਭਰਨ ਦੇ ਸਮਰੱਥ ਨਹੀਂ ਸਨ। ਬਾਕੀ ਦੀ ਕਸਰ ਕੱਢ ਦਿੱਤੀ ਮੁਹਾਜ਼ਿਰ ਹੋਣ ਦੇ ਠੱਪੇ ਨੇ। ਇਸ ਠੱਪੇ ਨੇ ਉਨ੍ਹਾਂ ਨੂੰ ਹਮਗੁਲਾਮਾਂ ਦੀ ਗੁਲਾਮੀ ਕਰਨ ਲਈ ਮਜਬੂਰ ਕੀਤਾ। ਉਦਾਹਰਨ ਵਜੋਂ ਮੇਰੇ ਨਾਨਾ ਜੀ ਦੀ ਪਿੰਡ ਵਿਚ ਬਹੁਤ ਇੱਜ਼ਤ ਸੀ। ਉਸ ਜ਼ਮਾਨੇ ਵਿਚ ਉਨ੍ਹਾਂ ਕੋਲ ਸਾਇਕਲ, ਤਵਿਆਂ ਵਾਲਾ ਵਾਜਾ (ਗਰਾਮੋਫੋਨ) ਤੇ ਘੜੀ ਸੀ। ਦਿੱਲੀ ਆਉਣ ਉਤੇ ਮੇਰੇ ਮੰਮੀ ਤੇ ਨਾਨੀ ਨੇ ਸਾਰਾ ਦਿਨ ਅਨੰਦ ਪਰਬਤ ਉਤੇ ਪੱਥਰ ਤੋੜ ਕੇ ਥਾਂ ਪੱਧਰੀ ਕਰਨੀ ਕਿ ਇੱਥੇ ਝੁੱਗੀ ਪਾਉਣੀ ਹੈ। ਡੈਡੀ ਮੇਰੇ ਨੇ ਇਕ-ਇਕ ਰੁਪਏ ਉਤੇ ਦਿਹਾੜੀ ਕੀਤੀ। ਹੁਣ ਇਸ ਜੱਦੋ-ਜਹਿਦ ਵਿਚ ਕੋਈ ਆਪਣੀ ਵਿਰਾਸਤ ਬਾਰੇ ਸਿਰਫ਼ ਵਿਰਲਾਪ ਕਰ ਸਕਦਾ ਹੈ, ਨਾ ਕਿ ਉਸ ਦੀ ਸਾਂਭ ਸੰਭਾਲ। ਹਰ ਵੇਲੇ ਇਕ ਅਨਿਸ਼ਚਿਤਤਾ ਦੀ ਸਥਿਤੀ ਕੌਮੀ ਉਸਾਰੀ ਵੱਲ ਕਿਸੇ ਦਾ ਧਿਆਨ ਹੀ ਨਹੀਂ ਸੀ ਆਉਣ ਦੇ ਰਹੀ। ਉਹ ਲੋਕ ਤੇ ਸਾਰੀ ਉਮਰ ਗੱਲ ਗੱਲ ਉਤੇ ਅੱਖਾਂ ਭਰਨ ਜੋਗੇ ਹੀ ਰਹਿ ਗਏ।

ਇਕ ਤੋਂ ਦੂਜੀ ਕਿਤਾਬ ਵੱਲ ਜਾਂਦਿਆਂ ਮੈਨੂੰ ਆਪਣੇ ਬਜ਼ੁਰਗਾਂ ਪਾਸੋਂ ਦੁਹਰਾਈ ਜਾਂਦੀ ਇਕ ਹਾਸੋਹੀਣੀ ਕਹਾਵਤ ਲੇਖਕ ਤੇ ਢੁਕਦੀ ਪ੍ਰਤੀਤ ਹੋਈ, ਅਖੇ "ਧੰਨ ਬੀਬੀ ਫੱਤੀ, ਬੋਹੜ ਚੜ੍ਹੀ ਤੇ ਪਿੱਪਲ ਲੱਥੀ"।

ਕਿੱਥੇ ਉਹ ਤੁਰੇ ਆਪਣੇ ਜੱਦੀ ਘਰ ਦੀ ਤਲਾਸ਼ ਵਿਚ ਪਰ ਬਾਹਰ ਨਿਕਲੇ ਜਮਰੌਦ ਦੇ ਕਿਲ੍ਹੇ ਥਾਣੀ। ਪਰ ਉਨ੍ਹਾਂ ਦੀ ਖੋਜ ਵਿਚੋਂ ਇਕ ਗੱਲ ਜੋ ਬਹੁਤ ਉਭਰ ਕੇ ਸਾਹਮਣੇ ਆਈ, ਉਹ ਹੈ ਲੋਕਾਂ ਦੀ ਰਵਾਇਤੀ ਸੋਚ ਵਿਚ ਤਬਦੀਲੀ ਲਿਆਉਣ ਦੀ ਕੋਸ਼ਿਸ਼। ਹੁਣ ਤੱਕ ਲੋਕ ਜਦੋਂ ਪਾਕਿਸਤਾਨ ਨੂੰ ਸਿਰਫ਼ ਗੁਰਦੁਆਰਿਆਂ ਕਰਕੇ ਹੀ ਚੇਤੇ ਕਰਦੇ ਸਨ, ਲੇਖਕ ਨੇ ਉਨ੍ਹਾਂ ਦਾ ਧਿਆਨ ਪਾਕਿਸਤਾਨ ਵਿਚ ਥੇਹਾਂ ਉਤੇ ਬਲਦੇ ਅਮਰਦੀਪਾਂ ਵੱਲ ਵੀ ਦੁਆਇਆ। ਮੈਨੂੰ ਇਥੇ ਗੁਰੂ ਸਾਹਿਬ ਦਾ ਫੁਰਮਾਨ ਯਾਦ ਆਇਆ,

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥

ਕਿਤਾਬਾਂ ਵਿਚ ਦਰਜ ਤਸਵੀਰਾਂ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਨੇ ਉਨ੍ਹਾਂ ਗੁਰਦੁਆਰਿਆਂ ਵਿਚ ਵੀ ਸੋਨੇ ਉਤੇ ਮੋਟੀ ਰਕਮ ਖਰਚ ਕੇ ਆਪਣੀ ਤੰਗ ਅਕਲੀ ਦਾ ਸਬੂਤ ਦਿੱਤਾ। ਕੀ ਅਰਦਾਸ ਵਿਚ ਕੇਵਲ ਪਹਿਲੇ ਅਤੇ ਪੰਜ ਪਾਤਸ਼ਾਹੀਆਂ ਦਾ ਹੀ ਜ਼ਿਕਰ ਆਉਂਦਾ ਹੈ, ਸ਼ਹੀਦਾਂ ਦਾ ਨਹੀਂ? ਭਾਈ ਮਨੀ ਸਿੰਘ ਵਰਗੇ ਮਰਜੀਵੜਿਆਂ ਦੇ ਸ਼ਹੀਦੀ ਅਸਥਾਨਾਂ ਉਤੇ ਅੱਜ ਖਰਾਦਾਂ ਤੇ ਲੇਥ ਮਸ਼ੀਨਾਂ ਚੱਲ ਰਹੀਆਂ ਨੇ। ਕੀ ਇਹ ਵਿਚਾਰਨਯੋਗ ਮੁੱਦਾ ਨਹੀਂ? ਗੁਰੂ ਸਹਿਬਾਨ ਨੇ ਕਿਸ ਅਸਥਾਨ ਉਤੇ ਜਨਮ ਲਿਆ, ਉਥੇ ਸੋਨਾ ਚੜ੍ਹਨਾ ਚਾਹੀਦਾ ਹੈ ਪਰ ਜਿੱਥੇ ਉਹਨਾਂ ਸਿੱਧਾਂ ਨੂੰ ਚਾਨਣ ਕਰਵਾਇਆ, ਉਸ ਜਗ੍ਹਾ ਨੂੰ ਮਿੱਟੀ ਵਿਚ ਰੁਲਣ ਲਈ ਛੱਡ ਦੇਣਾ ਕੀ ਇਹ ਸਿਆਣਪ ਹੈ? ਪੰਜਾਬ ਆਖਰੀ ਸੂਬਾ ਸੀ, ਬ੍ਰਿਟਿਸ਼ ਰਾਜ ਵਿਚ ਸ਼ਾਮਲ ਹੋਣ ਵਾਲਾ। ਸੰਨ 1839 ਈਸਵੀ ਵਿਚ ਸ਼ੇਰ-ਏ-ਪੰਜਾਬ ਇਸ ਦੁਨੀਆ ਤੋਂ ਰੁਖਸਤ ਹੁੰਦੇ ਨੇ ਤੇ ਇਤਿਹਾਸਕਾਰ ਕਹਿੰਦੇ ਨੇ ਕਿ ਦਸ ਸਾਲ ਤੱਕ ਉਨ੍ਹਾਂ ਦੀ ਮੜ੍ਹੀ ਨੇ ਪੰਜਾਬ ਉਤੇ ਰਾਜ ਕੀਤਾ। ਅੱਜ ਉਨ੍ਹਾਂ ਦੀਆਂ ਸਮਾਧਾਂ ਜਿਹੜੀ ਬਦਹਾਲੀ ਦਾ ਸ਼ਿਕਾਰ ਨੇ, ਅਮਰਦੀਪ ਸਿੰਘ ਦੇ ਉਪਰਾਲੇ ਨੇ ਮੌਜੂਦਾ ਪ੍ਰਸ਼ਾਸਨ ਅਤੇ ਮੀਡੀਆ ਦਾ ਧਿਆਨ ਉਸ ਵੱਲ ਦਿਆਇਆ ਹੈ। ਸਾਡੀ ਬਦਕਿਸਮਤੀ ਰਹੀ ਕਿ ਹਮਗੁਲਾਮਾਂ ਦੀ ਗੁਲਾਮੀ ਵਿਚ ਸਾਡੇ ਪਾਠਕ੍ਰਮ ਵੀ ਇਹੋ ਜਿਹੇ ਸਿਰਜ ਦਿੱਤੇ ਗਏ, ਜਿਨ੍ਹਾਂ ਵਿਚ ਸਾਡੀ ਅਜ਼ੀਮ ਵਿਰਾਸਤ ਗਾਇਬ ਸੀ। ਸਮਾਜਿਕ ਤੇ ਧਾਰਮਿਕ ਢਾਂਚੇ ਵਿਚ ਬਹੁਤੀ ਪ੍ਰੌੜ੍ਹਤਾ ਪਹਿਲੇ ਤੇ ਦਸਵੇਂ ਪਾਤਸ਼ਾਹ ਨੂੰ ਹੀ ਮਿਲੀ। ਭੌਤਿਕ ਦੌੜ ਵਿਚ ਆਪਣਾ ਸਰਮਾਇਆ ਦਰਸਾਉਣ ਦੇ ਪ੍ਰਤੀਕ ਵੱਡੇ ਘਰ, ਪਹਿਰਾਵਾ ਤੇ ਮਹਿੰਗੇ ਵਾਹਨ ਹੋ ਗਏ। ਰਾਜਨੀਤਕ ਪ੍ਰਬੰਧ ਬੌਣੇ ਲੋਕਾਂ ਦੇ ਹੱਥ ਆ ਗਿਆ, ਜਿਨ੍ਹਾਂ ਦੀ ਛਾਲ ਲੰਗਰ ਤੇ ਨਗਰ ਕੀਰਤਨ ਤੱਕ ਰਹੀ ਅਤੇ ਵਿਰਾਸਤ ਦੇ ਨਾਂ 'ਤੇ ਧਿਆਨ ਕੇਵਲ ਉਨ੍ਹਾਂ ਗੁਰਦੁਆਰਿਆਂ ਉਤੇ ਰਿਹਾ ਜਿਨ੍ਹਾਂ ਦਾ ਜ਼ਿਕਰ ਅਰਦਾਸ ਵਿਚ ਆਉਂਦਾ ਹੈ।

ਅਮਰਦੀਪ ਸਿੰਘ ਨੇ ਕਈ ਉਨ੍ਹਾਂ ਥਾਵਾਂ ਦਾ ਵੀ ਜ਼ਿਕਰ ਕੀਤਾ ਹੈ, ਜਿਨ੍ਹਾਂ ਦੇ ਵਸਨੀਕਾਂ ਨੂੰ ਮੈਂ ਦਿੱਲੀ ਵਿਚ ਜਾਣਦੀ ਸਾਂ ਕਿਉਂਕਿ ਇਕ ਖੂਬੀ ਰਹੀ ਕਿ ਸਾਡੇ ਬਜ਼ੁਰਗ ਦਿੱਲੀ ਆ ਕੇ ਵੀ ਅਗਲੇ ਨੂੰ ਉਸ ਦੇ ਪਿੰਡ ਸਮੇਤ ਮੁਖਾਤਿਬ ਹੁੰਦੇ ਸਨ, ਮਸਲਨ ਗਲੋਟੀਆਂ ਵਾਲੇ। ਮੈਂ ਕਾਫ਼ੀ ਛੋਟੀ ਸੀ ਜਦੋਂ ਇਨ੍ਹਾਂ ਦੇ ਘਰ ਬਾਹਰ ਖੇਡਦੀ ਹੁੰਦੀ ਸੀ। ਦਰਿਆ ਰਾਵੀ ਦੀਆਂ ਯਾਦਾਂ ਦੇ ਘੁੱਟ ਉਹ ਆਪਣੇ ਜੀਵਨ ਦੇ ਅੰਤਿਮ ਪੜਾਅ ਤੱਕ ਭਰਦੇ ਰਹੇ ਤੇ ਆਜ਼ਾਦ ਮੁਲਕ ਦੀ ਗੁਲਾਮੀ ਵੀ ਨਾਲ-ਨਾਲ ਚਲਦੀ ਰਹੀ।

ਜਿਵੇਂ ਜਿਵੇਂ ਲੇਖਕ ਆਪਣੀ ਖੋਜ ਅੱਗੇ ਤੋਰੀ ਜਾਂਦਾ ਹੈ, ਇੰਝ ਜਾਪਦਾ ਹੈ ਕਿ ਪਿੱਛੇ ਰਹਿ ਗਈ ਸਾਡੀ ਵਿਰਾਸਤ ਦੀ ਹਾਲਤ ਬਲਵਾਈਆਂ ਪਾਸੋਂ ਅਗਵਾ ਕੀਤੀਆਂ ਗਈਆਂ ਉਨ੍ਹਾਂ ਔਰਤਾਂ ਵਰਗੀ ਬਣ ਗਈ ਹੈ, ਜਿਹੜੀਆਂ ਥੋੜ੍ਹੇ ਦਿਨ ਰੋਈਆਂ ਪਿੱਟੀਆਂ, ਉਨ੍ਹਾਂ ਮਿਲ ਕੇ ਭੱਜਣ ਦੇ ਮਨਸੂਬੇ ਵੀ ਬਣਾਏ ਪਰ ਆਖਰ ਆਪਣੀ ਵਾਹ ਨਾ ਚਲਦੀ ਵੇਖ ਕੇ ਮੌਜੂਦਾ ਹਾਲਾਤ ਨੂੰ ਆਪਣੀ ਹੋਣੀ ਸਮਝ ਕੇ ਪ੍ਰਵਾਨ ਕਰ ਲਿਆ ਤੇ ਫਿਰ ਉਨ੍ਹਾਂ ਵਰਗੀਆਂ ਹੀ ਹੋ ਗਈਆਂ। ਇਹੀ ਕਦਮ ਜੇ ਸੱਤਰਵਿਆਂ ਵਿਚ ਚੁੱਕੇ ਹੁੰਦੇ ਤਾਂ ਸ਼ਾਇਦ ਅੱਜ ਹਾਲਾਤ ਕੁਝ ਹੋਰ ਹੁੰਦੇ। ਅਸਲ ਵਿਚ ਨੀਅਤਾਂ ਨੂੰ ਹੀ ਭਾਗ ਹੁੰਦੇ ਨੇ। ਇਸ ਗੱਲ ਦਾ ਗਵਾਹ ਸਾਡਾ ਇਤਿਹਾਸ ਹੈ ਕਿ ਨੀਅਤ ਬਣਾਓ ਤਾਂ ਸਹੀ, ਕਰਤਾ ਪੁਰਖ ਆਪ ਨਾਲ ਆ ਖਲੋਂਦਾ ਹੈ। ਕੁਝ ਨਾ ਕਰਨਾ ਹੋਵੇ ਤਾਂ ਬਹਾਨੇ ਬੜੇ ਨੇ। ਜਦੋਂ ਧਰਮ ਤੇ ਮਜ਼ਹਬ ਦਾ ਅੰਤਰ ਨਹੀਂ ਸਮਝ ਆਵੇਗਾ, ਤਾਂ ਸਭਿੱਆਤਾਵਾਂ ਖਰਾਬ ਹੋਵਣਗੀਆਂ ਹੀ ਹੋਵਣਗੀਆਂ। ਜਦੋਂ ਸੰਗਮਰਮਰ ਵੇਖ ਕੇ ਮਨ ਲਲਚਾਵੇਗਾ ਤਾਂ ਨਾਨਕਸ਼ਾਹੀ ਇੱਟਾਂ ਭੁੱਲਣਗੀਆਂ ਹੀ ਭੁੱਲਣਗੀਆਂ। ਇਹ ਵੀ ਇਕ ਕਾਰਨ ਬਣਿਆ ਪਿੱਛਲਝਾਤ ਨਾ ਮਾਰਨ ਦਾ। ਵੰਡ ਤੋਂ ਬਾਅਦ ਉਜੜੀ ਘੱਟਗਿਣਤੀ ਦੀ ਕਿਸਮਤ ਹੁਣ ਬਹੁਗਿਣਤੀ ਨੇ ਇਹ ਕਹਿ ਕੇ ਲਿਖਣੀ ਸੀ ਕਿ ਉਹ ਉਸ ਦਾ ਹੀ ਹਿੱਸਾ ਨੇ। ਨਤੀਜੋ ਵਜੋਂ ਸਾਡੀਆਂ ਨਵੀਆਂ ਸਾਂਝਾਂ ਨੇ ਸਾਡਾ ਧਿਆਨ ਗੁਰੂ ਦੀ ਮੰਨਣ ਦੀ ਬਜਾਏ ਗੁਰੂ ਨੂੰ ਮੰਨਣ ਪਾਸੇ ਕਰ ਦਿੱਤਾ।

ਅਮਰਦੀਪ ਸਿੰਘ ਦੇ ਉਪਰਾਲੇ ਵਿਚ ਈਮਾਨਦਾਰੀ ਦਾ ਜਜ਼ਬਾ ਹਰ ਪੰਕਤੀ, ਹਰ ਤਸਵੀਰ ਵਿਚ ਝਲਕਦਾ ਹੈ। ਇਸ ਵਿਚ ਪੱਖਪਾਤ ਦੀ ਗੁੰਜਾਇਸ਼ ਰੀਣ ਮਾਤਰ ਵੀ ਨਹੀਂ। ਲਫ਼ਜਾਂ ਦੀ ਬਿਆਨਬਾਜ਼ੀ ਤੇ ਵਰਤਾਰਿਆਂ ਦੀ ਪੇਸ਼ਕਾਰੀ ਸ਼ੁਰੂ ਤੋਂ ਲੈ ਕੇ ਅੰਤ ਤੱਕ ਇਕ ਈਮਾਨਦਾਰ ਪਾਠਕ ਦੇ ਸਾਹ ਵਿਚ ਸਾਹ ਨਹੀਂ ਰਲਣ ਦਿੰਦੀ। ਮੈਂ ਸੁਣਿਆ ਹੈ ਕਿ ਪਾਕਿਸਤਾਨ ਗਏ ਯਾਤਰੀ ਖਾਲਸਾ ਰਾਜ ਦੇ ਕਿਲ੍ਹੇ ਅਤੇ ਤੋਪਾਂ ਨੂੰ ਵੇਖ ਕੇ ਫੁੱਟ ਫੁੱਟ ਕੇ ਰੋਂਦੇ ਨੇ। ਪਰ ਗੱਲ ਇਹ ਵੀ ਝੂਠ ਨਹੀਂ ਕਿ ਅਮਰਦੀਪ ਸਿੰਘ ਦੀ ਖੋਜ ਵੇਖ ਕੇ ਫੁੱਟ-ਫੁੱਟ ਕੇ ਰੋਣ ਵਾਲੀ ਕੈਫ਼ੀਅਤ ਨਹੀਂ ਹੁੰਦੀ, ਕਿਉਂਕਿ ਉਸ ਵੇਲੇ ਸਿਰਫ਼ ਇਕੋ ਉਜਾੜਾ ਨਹੀਂ ਚੇਤੇ ਆਉਂਦਾ, ਬਲਕਿ ਕਈ ਹੋਰ ਵੇਦਨਾਵਾਂ ਨਾਲ ਆ ਕੇ ਰਲ ਜਾਂਦੀਆਂ ਨੇ। ਮਸਲਨ ਸਿੱਖ ਕੌਮ ਨਾਲ ਹੋਈ ਹਰ ਕਦਮ ਉਤੇ ਵਧੀਕੀ। ਅਜੇ ਉਹ ਸੰਤਾਲੀ ਭੁੱਲੇ ਨਹੀਂ ਤੇ ਚੁਰਾਸੀ ਆ ਜੁੜਦੀ ਹੈ। ਕਿਤੇ ਉਨਾਂ ਤੋਂ ਧਰਤੀ ਖੋਹੀ ਜਾਂਦੀ ਹੈ ਤੇ ਕਿਤੇ ਉਨ੍ਹਾਂ ਤੋਂ ਪਾਣੀ। ਸੰਤਾਲੀ ਸੁੱਤ ਨਿਗਲ ਜਾਂਦੀ ਹੈ ਤੇ ਚੁਰਾਸੀ ਪੁੱਤ। ਅਖ਼ੀਰ ਹੱਥ ਫੇਰ ਖਾਲੀ ਦੇ ਖਾਲੀ। ਲੇਖਕ ਦੀ ਯਾਤਰਾ ਵਿਚ ਕਈ ਥਾਵਾਂ 'ਤੇ ਪਾਕਿਸਤਾਨੀਆਂ ਦੀ ਪ੍ਰਾਹੁਣਚਾਰੀ ਦਾ ਵੀ ਤਸਕਰਾ ਹੈ ਕਿ ਸੰਤਾਪ ਭੋਗਣ ਵਾਲੀ ਨਸਲ ਭਾਵੇਂ ਕਿਸੇ ਹੱਦ ਤੱਕ ਅਲੋਪ ਹੋ ਚੁੱਕੀ ਹੈ ਪਰ ਮੌਜੂਦਾ ਨਸਲਾਂ ਵਿਚ ਗਰਮਜੋਸ਼ੀ ਅਜੇ ਵੀ ਬਾਕੀ ਹੈ।

"ਆਦਤੋਂ ਨਸਲੋਂ ਕਾ ਪਤਾ ਦੇਤੀਂ ਹੈ,
ਮੱਥੇ ਪੇ ਕਿਸੇ ਕੁਛ ਲਿਖਾ ਨਹੀਂ ਹੋਤਾ।"

ਲੇਖਕ ਦੀ ਉਤਸੁਕਤਾ ਇਸ ਗੱਲ ਦਾ ਪ੍ਰਮਾਣ ਦੇਣੋਂ ਨਹੀਂ ਰਹਿੰਦੀ ਕਿ ਪੀੜ ਬਿਆਨਣ ਲਈ ਕਿਸੇ ਯੂਨੀਵਰਸਿਟੀ ਜਾਂ ਕਾਲਜ ਤੋਂ ਸਾਹਿਤ ਵਿਚ ਡਿਗਰੀ ਲੈਣ ਦੀ ਲੋੜ ਨਹੀਂ। ਜਦੋਂ ਸੱਟ ਤਨ ਨਾਲੋਂ ਜ਼ਿਆਦਾ ਮਨ ਵਲੂੰਧਰ ਜਾਵੇ ਤਾਂ ਅਹਿਸਾਸ ਸ਼ਬਦਾਂ ਦਾ ਰੂਪ ਮੱਲੋ ਮੱਲੀ ਲੈ ਜਾਂਦੇ ਨੇ। ਇਕ ਪ੍ਰਸ਼ਨ ਜਿਹੜਾ ਕਿ ਲੱਠ ਵਾਂਗ ਮੇਰੇ ਸਿਰ ਵਿਚ ਸ਼ੁਰੂਆਤ ਵਿਚ ਹੀ ਵੱਜਾ, ਉਹ ਇਹ ਕਿ ਸਾਰਾਗੜ੍ਹੀ ਵਿਚ ਸਿੱਖਾਂ ਦੀ ਬਹਾਦਰੀ ਦੇ ਪ੍ਰਦਰਸ਼ਨ ਦੇ ਸੋਹਲੇ ਤਾਂ ਸਾਰੇ ਹੀ ਗਾਉਂਦੇ

ਬਾਕੀ ਸਫ਼ਾ 28 'ਤੇ


Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Nº 1001
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਬਾਬਰੀ ਮਸਜਿਦ ਬਾਰੇ ਫੈਸਲਾ ਆਪਸੀ ਸਹਿਮਤੀ ਨਾਲ ਹੋਵੇ

ਇਸ ਲਈ ਇਸ ਕੇਸ ਦੀ ਸੁਣਵਾਈ 7 ਜੱਜਾਂ ਦੀ ਸੰਵਿਧਾਨਕ ਬੈਂਚ ਦੇ ਸਾਹਮਣੇ ਹੋਣੀ ਚਾਹੀਦੀ ਹੈ। 7 ਕਿਉਂ, ਕਿਉਂਕਿ ਪਿਛਲੀ ਸੁਣਵਾਈ ਪੰਜ ਜੱਜਾਂ ਨੇ ਕੀਤੀ ਸੀ।

ਜੁਲਾਈ 2016 ਦੌਰਾਨ ਬਾਬਰੀ ਮਸਜਿਦ ਦੇ ਮਾਮਲੇ 'ਤੇ ਸਭ ਤੋਂ ਬਜ਼ੁਰਗ ਵਾਦੀ ਹਾਸ਼ਿਮ ਅਨਸਾਰੀ ਦਾ ਦਿਹਾਂਤ ਹੋ ਗਿਆ।

21 ਮਾਰਚ 2017 ਦੌਰਾਨ ਸੁਪਰੀਮ ਕੋਰਟ ਨੇ ਆਪਸੀ ਸਹਿਮਤੀ ਨਾਲ ਵਿਵਾਦ ਸੁਲਝਾਉਣ ਦੀ ਗੱਲ ਕਹੀ।

19 ਅਪਰੈਲ 2017 ਦੌਰਾਨ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਡੇਗੇ ਜਾਣ ਦੇ ਮਾਮਲੇ ਵਿਚ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਉਮਾ ਭਾਰਤੀ ਸਹਿਤ ਭਾਜਪਾ ਤੇ ਆਰ ਐਸ ਐਸ ਦੇ ਕਈ ਨੇਤਾਵਾਂ ਦੇ ਖਿਲਾਫ਼ ਅਪਰਾਧਿਕ ਕੇਸ ਚਲਾਉਣ ਦਾ ਹੁਕਮ ਦਿੱਤਾ।

20 ਨਵੰਬਰ 2017 ਉਤਰ ਪ੍ਰਦੇਸ਼ ਸੈਂਟਰਲ ਵਕਫ਼ ਬੋਰਡ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅਯੁੱਧਿਆ ਵਿਚ ਮੰਦਰ ਬਣਾਇਆ ਜਾ ਸਕਦਾ ਹੈ ਤੇ ਲਖਨਊ ਵਿਚ ਮਸਜਿਦ।

6 ਅਪ੍ਰੈਲ 2018 ਦੌਰਾਨ 1994 ਦੇ ਫੈਸਲੇ ਦੇ ਪੁਨਰ ਵਿਚਾਰ ਲਈ ਮਾਮਲਾ ਵੱਡੇ ਬੈਂਚ ਨੂੰ ਭੇਜੇ ਜਾਣ ਦਾ ਫੈਸਲਾ ਕੀਤਾ।

27 ਸਤੰਬਰ 2018 ਦੌਰਾਨ ਸੁਪਰੀਮ ਕੋਰਟ ਨੇ ਮਾਮਲਾ 5 ਜੱਜਾਂ ਦੀ ਸੰਵਿਧਾਨ ਬੈਂਚ ਨੂੰ ਭੇਜਣ ਤੋਂ ਇਨਕਾਰ ਕੀਤਾ। ਫੈਸਲਾ ਸੁਣਾਇਆ ਜਾਣਾ ਸੀ 1994 ਦੇ ਫੈਸਲੇ 'ਤੇ ਨਾ ਕਿ ਰਾਮ ਮੰਦਰ ਜਾਂ ਬਾਬਰੀ ਮਸਜਿਦ ਦੇ ਉੱਪਰ। ਫੈਸਲਾ ਆਇਆ ਕਿ 1994 ਵਿਚ ਆਇਆ ਫੈਸਲਾ ਸਹੀ ਸੀ। 7 ਜੱਜਾਂ ਦਾ ਸੰਵਿਧਾਨਕ ਬੈਂਚ ਬਨਾਉਣ ਦੀ ਜ਼ਰੂਰਤ ਨਹੀਂ ਹੈ। ਦੋ ਜੱਜ ਦੀਪਕ ਮਿਸ਼ਰਾ ਤੇ ਅਸ਼ੋਕ ਭੂਸ਼ਣ ਇਸ ਦੇ ਉੱਪਰ ਇਕ ਰਾਇ ਸਨ। ਅਸ਼ੋਕ ਭੂਸ਼ਣ ਨੇ ਕਿਹਾ ਕਿ ਸਾਰੇ ਧਰਮਾਂ ਤੇ ਧਾਰਮਿਕ ਸਥਾਨਾਂ ਦਾ ਬਰਾਬਰ ਸਨਮਾਨ ਹੋਣਾ ਚਾਹੀਦਾ ਹੈ। ਸਮਰਾਟ ਅਸ਼ੋਕ ਨੇ ਦੂਸਰਿਆਂ ਦੇ ਵਿਸ਼ਵਾਸ ਦੇ ਪ੍ਰਤੀ ਅਜ਼ਾਦੀ ਦਿੱਤੀ। ਇਹ ਕੇਸ ਅਯੁੱਧਿਆ ਟਾਈਟਲ ਸੂਟ ਦੇ ਨਾਲ ਜੁੜਿਆ ਹੋਇਆ ਨਹੀਂ ਹੈ। ਹਾਲਾਂ ਕਿ ਜਸਟਿਸ ਨਾਜੀਰ ਨੇ ਇਨ੍ਹਾਂ ਤੋਂ ਅਲੱਗ ਰਾਇ ਰੱਖੀ ਤੇ ਕਿਹਾ ਕਿ ਧਰਮ ਨਾਲ ਜੁੜੇ ਹੋਏ ਸਾਹਿਤ ਤੇ ਇਤਿਹਾਸ ਦਾ ਅਧਿਐਨ ਕਰਕੇ ਫੈਸਲਾ ਦੇਣਾ ਚਾਹੀਦਾ ਹੈ। ਇਸ ਨੂੰ ਵੱਡੇ ਬੈਂਚ ਕੋਲ ਭੇਜਿਆ ਜਾਣਾ ਚਾਹੀਦਾ ਹੈ। ਨਾਜੀਰ ਨੇ ਕਿਹਾ ਕਿ ਉਹ ਆਪਣੇ ਦੋਨੋਂ ਸਾਥੀ ਜੱਜਾਂ ਦੇ ਫੈਸਲੇ ਨਾਲ ਸਹਿਮਤ ਨਹੀਂ।

ਜੇਕਰ ਇਸ ਕੇਸ ਨੂੰ ਸਤ ਜੱਜਾਂ ਦੀ ਸੰਵਿਧਾਨਕ ਬੈਂਚ ਦੇ ਕੋਲ ਭੇਜਿਆ ਜਾਂਦਾ ਹੈ ਤਾਂ ਰਾਮ ਜਮਨ ਭੂਮੀ ਵਿਵਾਦ ਕੇਸ ਅੱਗੇ ਚਲਦਾ ਹੈ। ਪਰ ਹੁਣ ਅਜਿਹਾ ਨਹੀਂ ਹੋਵੇਗਾ। 29 ਅਕਤੂਬਰ ਨੂੰ ਵਿਵਾਦਿਤ ਜ਼ਮੀਨ ਨੂੰ ਲੈ ਕੇ ਸੁਣਵਾਈ ਹੋਵੇਗੀ। 2 ਅਕਤੂਬਰ ਨੂੰ ਚੀਫ ਜਸਟਿਸ ਦੀਪਕ ਮਿਸ਼ਰਾ ਰਿਟਾਇਰਡ ਹੋ ਰਹੇ ਹਨ। ਰੰਜਨ ਗੰਗੋਈ ਨਵੇਂ ਸੀਜੇ ਆਈ ਬਣਨ ਵਾਲੇ ਹਨ। ਅਜਿਹੀ ਸਥਿਤੀ ਵਿਚ ਇਕ ਨਵਾਂ ਬੈਂਚ ਬੈਠ ਕੇ ਸੁਣਵਾਈ ਕਰੇਗਾ।

## ਪੰਜਾਬਾਂ 'ਚ ਵਸਦੇ ਪੰਜਾਬੀਆਂ ਦੀਆਂ ਲੋੜਾਂ ਤੇ ਦੁਖਾਂਤ

ਨੌਜਵਾਨਾਂ ਨੇ ਉਥੇ ਸਿਟੀਜਨ ਬਣਨ ਲਈ ਠੇਕਾ ਵਿਆਹ ਵਿਧੀ ਅਪਣਾਈ ਹੈ। ਉਹਨਾਂ ਵਿੱਚੋਂ ਬਹੁਤ ਸਾਰੇ ਇਧਰ ਵਿਆਹੇ ਹੋਏ ਸਨ, ਬਾਲ ਬੱਚੇਦਾਰ ਸਨ। ਉਹਨਾਂ ਨੇ ਮਾਂ-ਬਾਪ ਤੇ ਪਤਨੀ ਦੀ ਰਜ਼ਾਮੰਦੀ ਨਾਲ ਕਾਗਜ਼ੀ ਤਲਾਕ ਲੈ ਕੇ ਉਧਰ ਉਥੋਂ ਦੀਆਂ ਗੋਰੀਆਂ/ਕਾਲੀਆਂ ਨਾਲ ਠੇਕੇ ਦੀ ਨਿਸ਼ਚਤ ਰਕਮ ਤਹਿ ਕਰਕੇ ਵਿਆਹ ਰਚਾਏ ਤੇ ਪੱਕੇ ਹੋਏ। ਓਹਲੇ ਜਾਂ ਪਿਛਲੇ ਪਰਿਵਾਰ ਦੀ ਰਜ਼ਾਮੰਦੀ ਨਾਲ ਪੱਕੇ ਹੋਣ ਤੱਕ ਜਾਂ ਉਸ ਪਿੱਛੋਂ ਕੀ ਵਾਪਰਿਆ, ਲੂੰ-ਕੰਡੇ ਖੜੇ ਕਰ ਦੇਣ ਵਾਲੀਆਂ ਦੁਖਦਾਈ ਦਾਸਤਾਨਾਂ ਬਿਆਨੋਂ ਬਾਹਰ ਹਨ। ਇਹਨਾਂ ਅਜਬ ਵਿਆਹ ਵਿਧੀਆਂ ਤੋਂ ਉਤਪੰਨ ਸਥਿਤੀਆਂ ਨੇ ਵਿਆਹ ਵਰਗੀ ਪਵਿੱਤਰ ਰੀਤ, ਅਤਿ ਨਿਕਟ ਸਾਕਾਦਾਰੀ ਤੇ ਜ਼ਿੰਦਗੀ ਵਿਚ ਵੱਡੇ ਮਾਣ ਵਾਲੀ ਸੰਸਥਾ ਨੂੰ ਕਿੰਨਾ ਤਹਿਸ-ਨਹਿਸ ਕੀਤਾ ਤੇ ਸਮੁੱਚੀ ਜੀਵਨ ਜਾਚ ਦੇ ਮੂਲ ਕੇਂਦਰ ਨੂੰ ਕਿੰਨਾ ਵਿਸਥਾਪਿਤ ਕੀਤਾ, ਇਹ ਦੱਸਣੋਂ ਮਹਿਸੂਸਣੋ ਬਾਹਰ ਦੀ ਗੱਲ ਹੈ।

ਪੰਜਾਬੀ ਜੀਵਨ ਤੇ ਪਰਵਾਸੀ ਵਰਤਾਰੇ ਦਾ ਇਕ ਹੋਰ ਆਰਥਿਕ ਪਾਸਾਰ ਅੰਨ੍ਹੇਵਾਹ ਬਾਹਰ ਜਾਣ ਲਈ ਏਜੰਟਾਂ ਦੇ ਉਸ ਗ਼ੈਰ-ਕਾਨੂੰਨੀ ਕਾਰੋਬਾਰ ਨਾਲ ਸੰਬੰਧਿਤ ਹੈ, ਜਿਸ ਨੇ ਵਿਸ਼ੇਸ਼ ਕਰਕੇ ਪੇਂਡੂ ਪੰਜਾਬੀ ਜਨਤਾ ਨੂੰ ਉਸ ਵਿੱਚੋਂ ਵੀ ਨਿਮਨ ਕਿਰਸਾਨੀ ਨੂੰ ਤੇ ਇਸ ਦੀ ਅਨਪੜ੍ਹ ਨੌਜਵਾਨ ਪੀੜ੍ਹੀ ਨੂੰ ਆਪਣੀ ਗ੍ਰਿਫ਼ਤ ਵਿੱਚ ਲਿਆ ਹੈ। ਹਰ ਰੋਜ਼ ਚੌਂਕਾ ਦੇਣ ਵਾਲੀਆ ਮੌਤਾਂ, ਦੁਰਘਟਨਾਵਾਂ, ਠੱਗੀਆਂ ਨੂੰ ਅੱਖਾਂ ਸਾਹਮਣੇ ਵੇਖਣ ਦੇ ਬਾਵਜੂਦ ਪੰਜਾਬੀ ਬੰਦਾ ਇਸ ਗੱਲ ਦਾ ਕਾਇਲ ਹੈ ਕਿ ਇਹ ਸਭ ਕੁਝ ਦੂਜੇ ਨਾਲ ਵਾਪਰੇਗਾ, ਉਹਦੇ ਨਾਲ ਨਹੀਂ। ਨਤੀਜੇ ਵਜੋਂ ਨਾ ਸਿਰਫ਼ ਆਮ ਜਨਤਾ ਦਾ ਅਰਬਾਂ-ਖਰਬਾਂ ਧਨ ਠੱਗਿਆ ਜਾ ਚੁਕਿਆ ਹੈ, ਸਗੋਂ ਨੌਜਵਾਨ ਪੀੜ੍ਹੀ ਆਪਣਾ ਵਰਤਮਾਨ ਤੇ ਭਵਿਖ ਜੂਏ ਵਾਂਗ ਦਾਅ ਤੇ ਲਾਈ ਜਾਂਦੀ ਹੈ। ਨੇਤਾਵਾਂ, ਪੁਲੀਸ ਤੇ ਹੋਰ ਸਰਕਾਰੀ ਮਸ਼ੀਨਰੀ ਦਾ ਅਤਿਅੰਤ ਕੁਰੱਪਟ ਹੋ ਜਾਣਾ ਇਹਨਾਂ ਏਜੰਟਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ।

ਪੰਜਾਬੀ ਡਾਇਸਪੋਰਾ ਜਨਮਭੂਮੀ ਵਲ ਅਹੁਲਦਾ ਹੈ ਤੇ ਨਵੀਆਂ ਮਨੋ-ਗੁੰਝਲਾਂ ਅਤੇ ਅਜਬ ਵਰਤਾਰੇ ਉਤਪੰਨ ਹੋਣ ਲਗਦੇ ਹਨ। ਪਰਵਾਸੀ ਪੰਜਾਬੀ ਦਾ ਸੰਕਟ ਉਦੋਂ ਪੈਦਾ ਹੁੰਦਾ ਹੈ, ਜਦੋਂ ਉਹ ਆਪਣੇ ਘਰ ਜ਼ਮੀਨ ਜਾਇਦਾਦ ਉੱਤੇ ਆਪਣਾ ਹੱਕੀ ਦਾਅਵਾ ਜਤਾਉਂਦੇ ਹਨ, ਪਰ ਏਧਰਲੇ ਪੰਜਾਬੀ ਸਾਕ ਆਪਣੇ ਸਵਾਰਥ, ਲਾਲਚ, ਧੌਂਸ, ਧੱਕੇ ਦੇ ਬਲਬੂਤੇ ਉਸ ਲਈ ਅਣਗਿਣਤ ਸੰਕਟ ਤੇ ਦੁਸ਼ਵਾਰੀਆਂ ਪੈਦਾ ਕਰਨ ਲੱਗ ਪੈਂਦੇ ਹਨ। ਨਾਲੋ-ਨਾਲ ਕਬਜ਼ਿਆਂ, ਲੜਾਈਆਂ, ਝਗੜੇ, ਦੁੱਖ, ਕਲੇਸ਼, ਕੇਸ, ਮੁਕੱਦਮੇ ਤੇ ਮਰਨ ਮਰਾਉਣ ਤੱਕ ਦੀਆਂ ਸਥਿਤੀਆਂ ਵੀ ਘੱਟ ਉਭਰਵੀਆਂ ਨਹੀਂ। ਇਸ ਕਰਕੇ ਆਮ ਪਰਵਾਸੀ ਦਾ ਬਹੁਤੀ ਵਾਰੀ ਪੰਜਾਬ ਨਾਲੋਂ ਮੋਹਭੰਗ ਹੁੰਦਾ ਹੈ ਅਤੇ ਉਸ ਦੇ ਮਨ ਵਿੱਚ ਪੰਜਾਬ ਤੇ ਪੰਜਾਬੀ ਭਾਈਚਾਰੇ ਪ੍ਰਤਿ ਇਕ ਡੂੰਘੀ ਨਫ਼ਰਤ ਦੀ ਭਾਵਨਾ ਰਿਸਦੀ ਰਹਿੰਦੀ ਹੈ।

ਪੰਜਾਬੀ ਡਾਇਸਪੋਰੇ ਨੇ ਉਹਨਾਂ ਅਮੀਰ ਮੁਲਕਾਂ ਦੀ ਕਾਰਜ ਕੁਸ਼ਲਤਾ, ਵਿਸ਼ਵਾਸਯੋਗਤਾ, ਈਮਾਨਦਾਰੀ ਅਤੇ ਕਾਫ਼ੀ ਹੱਦ ਤੱਕ ਕਾਨੂੰਨੀ ਵਿਵਸਥਾ ਦੇ ਚੰਗੇਰੇ ਪ੍ਰਸੰਗ ਉਭਾਰੇ ਹਨ। ਨਸਲੀ ਵਿਤਕਰੇ ਨੂੰ ਝੇਲਦਿਆਂ ਵੀ ਪੰਜਾਬੀ ਡਾਇਸਪੋਰਾ ਵਧੇਰੇ ਮੌਕਿਆਂ ਨੂੰ ਤੇ ਵਡੇਰੀਆਂ ਪ੍ਰਾਪਤੀਆਂ ਨੂੰ ਸਰ ਕਰਨ ਉਪਰੰਤ ਪੰਜਾਬ ਦੀ ਆਰਥਿਕਤਾ ਤੇ ਰਾਜਸੀ ਵਿਵਸਥਾ ਨੂੰ ਉੱਚੀ ਸੁਰ ਵਿੱਚ ਨਿੰਦਦਾ ਹੈ। ਸ਼ਾਇਦ ਕਾਫ਼ੀ ਹਦ ਤੱਕ ਠੀਕ ਨਿੰਦਦਾ ਹੈ। ਸਾਡੀ ਖ਼ਤਰਨਾਕ ਹੱਦ ਤੱਕ ਭ੍ਰਿਸ਼ਟ ਹੋ ਚੁੱਕੀ ਲੀਡਰਸ਼ਿਪ, ਮੰਦੀ ਆਰਥਕ ਰਾਜਸੀ ਸਥਿਤੀ, ਅਯਾਸ਼ ਤੇ ਨਾਲਾਇਕ ਅਫਸਰਸ਼ਾਹੀ ਦੀ ਤੁਲਨਾ ਵਿੱਚ ਪੰਜਾਬੀ ਡਾਇਸਪੋਰਾ ਉਹਨਾਂ ਮੁਲਕਾਂ ਦੀ ਦਫਤਰੀ ਕੁਸ਼ਲਤਾ ਤੇ ਅਨੁਸ਼ਾਸਨਬਧਤਾ ਨੂੰ ਸਲਾਹੁੰਦਾ ਹੈ।

ਨਿਸ਼ਚਿਤ ਤੌਰ 'ਤੇ ਪੰਜਾਬੀ ਡਾਇਸਪੋਰੇ ਨੇ ਪੰਜਾਬ ਲਈ ਵੱਡੀਆਂ ਆਰਥਿਕ ਪੁਲਾਂਘਾਂ ਦੇ ਪ੍ਰਵੇਸ਼ ਦੁਆਰ ਖੋਲ੍ਹੇ ਹਨ। ਉਹਨਾਂ ਦੀ ਸਰਗਰਮੀ ਨੇ ਪੰਜਾਬੀ ਵਿੱਚ ਵੱਡੀ ਖੱਪਤ ਮੰਡੀ ਨੂੰ ਜਨਮ ਦਿੱਤਾ ਹੈ, ਜਿਸ ਦੇ ਬਹੁਤ ਸਾਰੇ ਚੰਗੇ ਪਰਿਣਾਮ ਵੀ ਨਿਕਲੇ ਹਨ, ਭਾਵੇਂ ਇਸ ਦੇ ਬਹੁਤ ਵੱਡੇ ਪਹਿਲੂਆ ਤੋਂ ਗੰਭੀਰ ਨੁਕਸਾਨ ਵੀ ਹੋਏ ਹਨ/ਹੋ ਰਹੇ ਹਨ। ਪੰਜਾਬੀ ਡਾਇਸਪੋਰਾ ਨੇ ਪੰਜਾਬੀ ਸਮਾਜ ਤੇ ਸੱਭਿਆਚਾਰ ਨੂੰ ਵਿਸ਼ਵ ਪ੍ਰਸੰਗਾਂ ਦੇ ਰੂਬਰੂ ਲਿਆ ਖਲਾਰਿਆ ਹੈ ਤੇ ਨਵੇਂ ਸੰਸਾਰ ਨਾਲ ਬਰ ਮੇਚਣ ਦੀ ਇੱਛਾ ਨੂੰ ਵੀ ਪ੍ਰਚੰਡ ਕੀਤਾ ਹੈ। ਬੰਦ ਸਭਿਆਚਾਰਾਂ ਦਾ ਜ਼ਮਾਨਾ ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਸੰਭਵ ਨਹੀਂ। ਇਸ ਮੁਕਾਬਲੇ ਦੇ ਦੌਰ ਵਿਚ ਪੰਜਾਬੀ ਡਾਇਸਪੋਰਾ ਨੇ ਜੇ ਪੰਜਾਬੀ ਸਭਿਆਚਾਰ ਦੀਆਂ ਘਰ ਪਰਿਵਾਰ ਸਾਕਾਦਾਰੀ ਤਰਕੀਬਾਂ ਨੂੰ ਅਪਨਾ ਜਾਂ ਤਿਆਗ ਕੇ ਵੱਡੀਆਂ ਸਫਲਤਾਵਾਂ ਹਾਸਲ ਕੀਤੀਆਂ ਹਨ।

## ਥੇਹਾਂ ਦਾ ਸਿੱਖਾਂ ਨੂੰ ਪੈਗਾਮ

ਨੇ ਅਤੇ ਇਹ ਗੱਲ ਤਕਰੀਬਨ ਹਰ ਸਿੱਖ ਬੜੇ ਮਾਣ ਨਾਲ ਕਹਿੰਦਾ ਹੈ ਕਿ ਉਥੇ ਸ਼ਹੀਦ ਹੋਏ ਸਾਰਿਆਂ ਸਿਪਾਹੀਆਂ ਨੂੰ ਅੰਗਰੇਜ਼ੀ ਸਰਕਾਰ ਵਲੋਂ ਤਮਗੇ ਦਿੱਤੇ ਗਏ। ਦੂਸਰੇ ਪਾਸੇ ਖਾਲਸਾ ਸਰਕਾਰ ਦੀਆਂ ਜਿੰਨੀਆਂ ਵੀ ਜੰਗਾਂ ਅੰਰਗੇਜ਼ਾਂ ਦੇ ਖਿਲਾਫ਼ ਹੋਈਆਂ, ਕਿਸੇ ਵੀ ਲੜਾਈ ਦੌਰਾਨ ਸਿੱਖਾਂ ਵਿਚ ਬਹਾਦਰੀ ਦਾ ਜਜ਼ਬਾ ਕਿਤੇ ਠੰਢਾ ਨਹੀਂ ਪਿਆ। ਅਮਰਦੀਪ ਸਿੰਘ ਦੀ ਕਿਤਾਬ ਵਿਚ ਦਰਜ ਜਲ੍ਹਿਆਂਵਾਲਾ ਦੇ ਸਮਾਰਕ ਦੀ ਤਸਵੀਰ ਸਾਨੂੰ ਇਹ ਸੋਚਣ ਤੇ ਮਜਬੂਰ ਕਰਦੀ ਹੈ ਕਿ ਸਿੱਖਾਂ ਦੀ ਬਹਾਦਰੀ ਦੇ ਸੋਹਲੇ ਉਦੋਂ ਹੀ ਕਿਉਂ ਗਾਏ ਗਏ ਜਦੋਂ ਉਨ੍ਹਾਂ ਕਿਸੇ ਦੇ ਹਿੱਤ ਕਾਰਨ ਜਾਨਾਂ ਵਾਰੀਆਂ। ਜਦੋਂ ਉਨ੍ਹਾਂ ਆਪਣੀ ਆਜ਼ਾਦੀ ਲਈ ਸ਼ਹੀਦੀਆਂ ਦਿੱਤੀਆਂ ਉਥੇ ਬਹਾਦਰੀ ਦਾ ਤਾਜ ਹਮਲਾਵਰਾਂ ਨੇ ਆਪਣੇ ਸਿਰ ਬੰਨ੍ਹਿਆ। ਉਥੇ ਕਿਉਂ ਨਹੀਂ ਸਾਰੀਆਂ ਤਖਤੀਆਂ ਸਿੱਖਾਂ ਦਿਆਂ ਨਾਵਾਂ ਦੀਆਂ ਲੱਗੀਆਂ ? ਅੰਗਰੇਜ਼ ਤਾਂ ਜਿੱਤੇ ਹੀ ਗਦਾਰਾਂ ਦੇ ਸਿਰ ਉਤੇ ਸਨ।

ਗੱਲ ਇਕੱਲੇ ਪਾਠਕਾਂ ਦੀ ਨਹੀਂ, ਅਮਰਦੀਪ ਸਿੰਘ ਨੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਪੀਐਚਡੀ ਦੇ ਵਿਸ਼ੇ ਚੁਣ ਕੇ ਦਿੱਤੇ ਨੇ। ਹੁਣ ਸਿਰਫ਼ ਹੰਭਲਾ ਮਾਰਨ ਦੀ ਲੋੜ ਹੈ। ਪਾਕਿਸਤਾਨ ਵਿਚ ਬਣੀਆਂ ਦਸਤਾਵੇਜ਼ੀ ਫਿਲਮਾਂ ਤੇ ਸ਼ਿਲਾਲੇਖਾਂ ਵਿਚ ਸਿੱਖਾਂ ਨੂੰ ਜਰਾਇਮਪੇਸ਼ਾ ਤੇ ਵਹਿਸ਼ੀ ਕਰਾਰ ਦਿੱਤਾ ਗਿਆ। ਬੜੇ ਪੁਰਜ਼ੋਰ ਤਰੀਕੇ ਨਾਲ ਕਈ ਭੁਲੇਖੇ ਸ਼ਰੇਆਮ ਲੋਕਾਂ ਦੇ ਮਨਾਂ ਵਿਚ ਵਿਚ ਖ਼ਾਲਸਾ ਸਰਕਾਰ ਪ੍ਰਤੀ ਪਾਏ ਹੋਏ ਹਨ। ਇਹ ਕਿਤਾਬਾਂ ਉਨ੍ਹਾਂ ਭੁਲੇਖਿਆਂ ਨੂੰ ਕੱਢਣ ਵਿਚ ਬਹੁਤ ਸਹਾਈ ਹੋਣਗੀਆਂ। ਲੇਖਕ ਦੀ ਲੇਖਣੀ ਉਹ ਦੇ ਆਪਣੇ ਗੁਰੂ 'ਤੇ ਅੰਤਾਂ ਦੇ ਭਰੋਸੇ ਨੂੰ ਦਰਸਾਉਂਦੀ ਹੈ, ਤਾਂ ਹੀ ਉਸ ਸਮੇਂ ਦੇ ਹਰ ਇਕ ਸਮਾਜਿਕ ਵਰਤਾਰੇ ਨਾਲ ਉਹ ਗੁਰੂ ਦੇ ਫੁਰਮਾਨ ਜੋੜਦਾ ਹੈ।

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਅਮਰਦੀਪ ਸਿੰਘ ਨੇ ਜੋ ਬਿਆਨਿਆ ਹੈ, ਉਹ ਤੱਥਾਂ ਸਮੇਤ ਬਿਆਨਿਆਂ ਹੈ। ਗੱਲ ਨਾ ਹੀ ਮਸਾਲੇ ਲਾ ਕੇ ਦੱਸੀ ਗਈ, ਨਾ ਹੀ ਕਿਸੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਹੋਈ। ਹੁਣ ਆਮ ਪਾਠਕ ਦਾ ਫਰਜ਼ ਬਣਦਾ ਹੈ ਕਿ ਜੇ ਇਸ ਦੀ ਅਲੋਚਨਾ ਕਰਨੀ ਵੀ ਹੋਵੇ ਤਾਂ ਉਹ ਹਾਂਪੱਖੀ ਹੋਵੇ, ਤਾਂ ਜੋ ਅਜੇ ਵੀ ਜਿਹੜੇ ਉਮੀਦ ਦੇ ਤੱਤ ਬਚੇ ਹੋਏ ਨੇ, ਉਨ੍ਹਾਂ ਨੂੰ ਖੇਹ ਵਿਚ ਰਲਣ ਤੋਂ ਬਚਾਇਆ ਜਾ ਸਕੇ। ਬਾਕੀਆਂ ਤੋਂ ਉਮੀਦਾਂ ਛੱਡੀਏ ਤੇ ਗੁਰੂ ਦੀ ਮੰਨੀਏ।

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।।

ਅਤੇ ਇਕ ਪ੍ਰਸ਼ਨ ਹਮੇਸ਼ਾ ਆਪਣੇ ਜ਼ਿਹਨ ਵਿਚ ਰੱਖੀਏ ਕਿ ਹਮੇਸ਼ਾ ਅਸੀਂ ਹੀ ਕਿਉਂ ?

## ਯੂਬਾ ਸਿਟੀ ਵਿਚ ਬਣੇਗਾ ਗੁਰੂ ਗ੍ਰੰਥ ਸਾਹਿਬ ਭਵਨ

ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲੇ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਇਕ ਵਫ਼ਦ ਪਾਕਿਸਤਾਨ ਭੇਜਿਆ ਜਾਵੇਗਾ, ਜੋ ਉਥੋਂ ਦੀ ਸਰਕਾਰ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਾਬਤਾ ਬਣਾ ਕੇ ਪਾਕਿਸਤਾਨ ਵਿਖੇ ਸਮਾਗਮ ਕਰਵਾਉਣ ਦਾ ਪ੍ਰਸਤਾਵ ਰੱਖੇਗਾ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਜੱਲਾ, ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ, ਭਗਵੰਤ ਸਿੰਘ ਸਿਆਲਕਾ, ਲਖਬੀਰ ਸਿੰਘ ਅਰਾਈਆਂਵਾਲਾ, ਗੁਰਤੇਜ ਸਿੰਘ ਢੱਡੇ, ਨਵਤੇਜ ਸਿੰਘ ਕਾਉਣੀ, ਹਰਦੇਵ ਸਿੰਘ ਰੋਗਲਾ, ਸੱਜਣ ਸਿੰਘ ਬੱਜੂਮਾਨ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਬੀਬੀ ਗੁਰਪ੍ਰੀਤ ਕੌਰ, ਗੁਰਮੀਤ ਸਿੰਘ ਬੂਹ, ਰਵਿੰਦਰ ਸਿੰਘ ਚੱਕ ਤੇ ਅਮਰੀਕ ਸਿੰਘ ਸ਼ਾਹਪੁਰ (ਸਾਰੇ ਮੈਂਬਰ ਅੰਤਿੰਗ ਕਮੇਟੀ) ਹਾਜ਼ਰ ਸਨ।

## ਜਬਰ-ਜਨਾਹ ਦੇ ਦੋਸ਼ਾਂ 'ਚ ਘਿਰਿਆ ਪੰਜਾਬ ਪੁਲਿਸ ਦਾ ਏਆਈਜੀ ਉਪਲ ਫਰਾਰ

ਅਤੇ ਪਰਮਿੰਦਰ ਸਿੰਘ ਸ਼ਾਮਲ ਹਨ। ਪੀੜਤ, ਜੋ ਕਿ ਛੇ ਸਾਲ ਦੇ ਬੱਚੇ ਦੀ ਮਾਂ ਹੈ, ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਸੀ ਕਿ ਉਪਲ ਪਿਛਲੇ ਚਾਰ ਮਹੀਨਿਆਂ ਤੋਂ ਉਸ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ ਹੈ ਅਤੇ ਪੀੜਤ ਨੇ ਉਪਲ ਵੱਲੋਂ ਵਾਰ-ਵਾਰ ਕੀਤੀਆਂ ਗਈਆਂ ਕਾਲਾਂ ਦੇ ਸਕਰੀਨ ਸ਼ੌਟ ਵੀ ਪੁਲਿਸ ਨੂੰ ਮੁਹੱਈਆ ਕਰਵਾਏ ਹਨ। ਮਾਮਲੇ ਦੀ ਸ਼ਿਕਾਇਤ 17 ਸਤੰਬਰ ਨੂੰ ਅੰਮ੍ਰਿਤਸਰ ਪੁਲਿਸ ਨੂੰ ਦਿੱਤੀ ਗਈ ਸੀ ਜਿਸ ਤੋਂ ਬਾਅਦ ਪੀੜਤ ਨੇ ਪੁਲਿਸ ਹੈਲਪਲਾਈਨ ਨੰਬਰ 'ਤੇ ਵੀ ਪੁਲਿਸ ਨੂੰ ਸੂਚਿਤ ਕੀਤਾ ਸੀ। ਪੁਲਿਸ ਕਮਿਸਨਰ ਐਸਐਸ ਸ੍ਰੀਵਾਸਤਵਾ ਨੇ ਸ਼ਿਕਾਇਤ ਨੂੰ ਡੀਜੀਪੀ ਪੰਜਾਬ ਦੇ ਦਫਤਰ ਨੂੰ ਕਾਰਵਾਈ ਲਈ ਭੇਜ ਦਿੱਤਾ ਸੀ ਜਿਥੋਂ ਉਪਲ ਖਿਲਾਫ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

## ਬਾਦਲਾਂ ਦੀਆਂ ਬੱਸਾਂ ਨੂੰ ਬਰੇਕਾਂ ਲਾ ਦੇਵੇਗੀ ਨਵੀਂ ਟਰਾਂਸਪੋਰਟ ਨੀਤੀ

ਨੂੰ ਅਪਰੂਵ ਕਰੇਗਾ। ਸਾਂਝੇ ਟਾਈਮ ਟੇਬਲ ਵਿਚ 'ਇੱਕ ਬੱਸ ਇੱਕ ਪਰਮਿਟ' ਨੀਤੀ ਅਮਲ ਵਿਚ ਲਿਆਂਦੀ ਜਾ ਰਹੀ ਹੈ। ਹਰ ਟਾਈਮ 'ਤੇ ਇੱਕ ਪਰਮਿਟ ਤੇ ਇੱਕ ਬੱਸ ਦੇ ਨੰਬਰ ਦਾ ਇੰਦਰਾਜ ਹੋਵੇਗਾ। ਮੋਟਰ ਵਹੀਕਲ ਐਕਟ ਅਨੁਸਾਰ ਇੱਕ ਬੱਸ ਪਰਮਿਟ ਦੇ ਰੂਟ ਵਿਚ ਸਿਰਫ਼ ਇੱਕ ਵਾਰ ਐਕਸਟੇਸ਼ਨ ਕਰ ਕੇ 24 ਕਿਲੋਮੀਟਰ ਦਾ ਵਾਧਾ ਕੀਤਾ ਜਾ ਸਕਦਾ ਹੈ ਪ੍ਰੰਤੂ ਵੱਡੇ ਘਰਾਣਿਆਂ ਦੀਆਂ ਬੱਸਾਂ ਨੇ ਨਿਯਮਾਂ ਤੋਂ ਉਲਟ ਕਈ ਕਈ ਵਾਰ ਰੂਟਾਂ ਵਿਚ ਵਾਧਾ ਕਰ ਲਿਆ ਹੈ। ਕਾਂਗਰਸੀ ਲੀਡਰਾਂ ਦੀਆਂ ਬੱਸਾਂ ਨੂੰ ਵੀ ਮਾਰ ਪਵੇਗੀ। ਬਾਦਲਾਂ ਵੱਲੋਂ ਵਧਾਏ ਰੂਟਾਂ ਦਾ ਨਮੂਨਾ ਦੇਖੋ। ਇਸ ਘਰਾਣੇ ਕੋਲ ਇੱਕ ਮੂਲ ਰੂਟ ਪਰਮਿਟ ਨਾਭਾ ਤੋਂ ਪਟਿਆਲਾ ਸੀ ਜੋ ਕਿ ਹੁਣ ਵਧਾ ਕੇ ਬਠਿੰਡਾ ਤੋਂ ਪਟਿਆਲਾ ਹੋ ਗਿਆ ਹੈ। ਜਲਾਲਾਬਾਦ ਤੋਂ ਸੁਨਾਮ ਵਾਲਾ ਰੂਟ ਵਾਧੇ ਮਗਰੋਂ ਮੁਕਤਸਰ ਸਾਹਿਬ ਤੋਂ ਲੁਧਿਆਣਾ ਦਾ ਹੋ ਗਿਆ ਹੈ। ਸੰਗਰੂਰ ਤੋਂ ਪਟਿਆਲਾ ਵਾਲਾ ਰੂਟ ਵਾਧੇ ਮਗਰੋਂ ਪਟਿਆਲਾ ਤੋਂ ਬਠਿੰਡਾ ਹੋ ਗਿਆ ਹੈ। ਇਵੇਂ ਪਟਿਆਲਾ ਤੋਂ ਚੰਨੂ ਵਾਲਾ ਰੂਟ ਹੁਣ ਅਬੋਹਰ ਤੋਂ ਪਟਿਆਲਾ ਦਾ ਹੋ ਗਿਆ ਹੈ। ਬਠਿੰਡਾ ਨਵਾਂ ਸ਼ਹਿਰ ਰੂਟ ਹੁਣ ਫ਼ਾਜ਼ਿਲਕਾ ਤੋਂ ਨੰਗਲ ਡੈਮ ਹੋ ਗਿਆ ਹੈ। ਇਸੇ ਤਰ੍ਹਾਂ ਨਵੀਂ ਟਰਾਂਸਪੋਰਟ ਨੀਤੀ ਦੇ ਅਮਲ ਵਿਚ ਆਉਣ ਮਗਰੋਂ ਕਰੀਬ 6700 ਮਿੰਨੀ ਬੱਸਾਂ ਦੇ ਰਾਹ ਵੀ ਬੰਦ ਹੋ ਜਾਣੇ ਹਨ। ਔਰਬਿਟ ਅਤੇ ਡੱਬਵਾਲੀ ਬੱਸ ਕੰਪਨੀ ਦੇ ਲੁਧਿਆਣਾ, ਜਲੰਧਰ ਅਤੇ ਸੰਗਰੂਰ ਲਈ ਕਰੀਬ 34 ਰੂਟ ਬਠਿੰਡਾ ਤੋਂ ਹੀ ਚੱਲਦੇ ਹਨ। ਪਟਿਆਲਾ ਚੰਡੀਗੜ੍ਹ ਦੇ ਰੂਟ ਵੱਖਰੇ ਹਨ। ਵੇਰਵਿਆਂ ਅਨੁਸਾਰ ਪੀ.ਆਰ.ਟੀ.ਸੀ ਕੋਲ ਇਸ ਵੇਲੇ ਕਰੀਬ 1150 ਅਤੇ ਪੰਜਾਬ ਰੋਡਵੇਜ਼ ਕੋਲ ਕਰੀਬ 1800 ਬੱਸਾਂ ਹਨ।

ਸਾਂਝੇ ਟਾਈਮ ਟੇਬਲ ਤਿਆਰ: ਐਮ.ਡੀ ਪੀ.ਆਰ.ਟੀ.ਸੀ ਦੇ ਮੈਨੇਜਿੰਗ ਡਾਇਰੈਕਟਰ ਮਨਜੀਤ ਸਿੰਘ ਨਾਰੰਗ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਨਵੇਂ ਸਾਂਝੇ ਟਾਈਮ ਟੇਬਲ ਬਣਾ ਕੇ ਟਰਾਂਸਪੋਰਟ ਵਿਭਾਗ ਨੂੰ ਭੇਜ ਦਿੱਤੇ ਹਨ ਅਤੇ ਇੱਕ ਵਾਰ ਤੋਂ ਵੱਧ ਐਕਸ਼ਟੇਸ਼ਨ ਵਾਲੇ ਪਰਮਿਟਾਂ ਦਾ ਵੇਰਵਾ ਕਾਰਪੋਰੇਸ਼ਨ ਕੋਲ ਨਹੀਂ ਹੈ। ਉਨ੍ਹਾਂ ਦੱਸਿਆ ਕਿ ਨਵੀਂ ਪਾਲਿਸੀ ਤਹਿਤ ਨਿਯਮਾਂ ਤੋਂ ਉਲਟ ਵਧਾਏ ਰੂਟ ਪਰਮਿਟ ਹੁਣ ਕਿਤੇ ਟਿਕਣਗੇ ਨਹੀਂ।

## ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕੰਮਕਾਜ ਸ਼ੁਰੂ

ਸਹਿਜ ਪਾਠ ਜਾਂ ਅਖੰਡ ਪਾਠ ਸ਼ੁਰੂ ਕੀਤੇ ਜਾਣ ਬਾਰੇ ਕਿਹਾ ਗਿਆ ਜਿਨ੍ਹਾਂ ਦੇ ਭੋਗ ੧੧ ਅਕਤੂਬਰ ਨੂੰ ਪਾ ਕੇ ਸਾਰੀ ਮਨੁੱਖਤਾ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਜਾਵੇ ।

ਮਤਾ ਨੰਬਰ ਚਾਰ ਵਿਚ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ 'ਤੇ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾਂ ਖੋਲਣ ਦੀ ਦਿਖਾਈ ਫਰਾਖਦਿਲੀ ਦੀ ਸ਼ਲਾਘਾ ਕੀਤੀ ਗਈ ਹੈ । ਕਿਹਾ ਗਿਆ ਕਿ ਸਿੱਖ ਰੋਜ਼ਾਨਾ 'ਸਿੱਖਾਂ ਨਾਲੋਂ ਵਿਛੋੜੇ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ' ਲਈ ਗੁਰੂ ਸਾਹਿਬ ਅੱਗੇ ਅਰਦਾਸ ਕਰਦੇ ਹਨ । ਭਾਰਤ ਸਰਕਾਰ ਵੱਲੋਂ ਲਾਂਘੇ ਦਾ ਵਿਰੋਧ ਕਰਨਾ ਸਿੱਖਾਂ ਦੀ ਅਰਦਾਸ ਦੇ ਵਿਰੋਧ ਵਿੱਚ ਖੜ੍ਹਨਾ ਹੈ । ਅਕਾਲੀ ਦਲ ਬਾਦਲ ਵੱਲੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਵਿਰੋਧ ਕਰਨ ਦੀ ਵਰਲਡ ਸਿੱਖ ਪਾਰਲੀਮੈਂਟ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।

ਮਤਾ ਨੰਬਰ ਪੰਜ ਵਿਚ ਕਿਹਾ ਗਿਆ ਕਿ ਵਰਲਡ ਸਿੱਖ ਪਾਰਲੀਮੈਂਟ ਜੇਲ੍ਹਾਂ ਵਿੱਚ ਲੰਮੇ ਸਮੇਂ ਤੋਂ ਬੰਦ ਰਾਜਸੀ ਸਿੱਖ ਕੈਦੀਆਂ ਦੀ ਰਿਹਾਈ ਲਈ ਉਪਰਾਲੇ ਕਰਨ ਦੀ ਪੁਰਜ਼ੋਰ ਬੇਨਤੀ ਕਰਦੀ ਹੈ । ਬੰਦੀ ਸਿੰਘਾਂ ਦੀ ਰਿਹਾਈ ਅਤੇ ਉਹਨਾਂ ਦੇ ਪਰਿਵਾਰਾਂ ਦੇ ਮੁੜ ਵਸੇਬੇ ਬਾਰੇ ਉੱਦਮ ਉਪਰਾਲੇ ਕਰ ਰਹੀਆਂ ਸੰਸਥਾਵਾਂ ਦਾ ਸਿੱਖ ਕੌਮ ਪਹਿਲ ਦੇ ਅਧਾਰ ਉੱਤੇ ਸਾਥ ਦੇਵੇ ।

ਮਤਾ ਨੰਬਰ ਛੇ ਵਿਚ ਅਨੁਸਾਰ ਵਰਲਡ ਸਿੱਖ ਪਾਰਲੀਮੈਂਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰਬ ਸਾਂਝੀਵਾਲਤਾਂ ਦੇ ਉਪਦੇਸ਼ਾਂ ਅਨੁਸਾਰ ਰੰਘਰੇਟੇ ਗੁਰੂ ਕੇ ਬੇਟੇ, ਦਲਿਤ ਭਾਈਚਾਰੇ ਦੇ ਨਾਲ-ਨਾਲ ਸਿਕਲੀਗਰ ਵਣਜਾਰਿਆਂ ਨੂੰ ਸਿੱਖ ਪੰਥ ਨਾਲ ਜੋੜਨ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਤੇ ਇਸ ਪ੍ਰਤੀ ਸੇਵਾ ਨਿਭਾ ਰਹੀਆ ਸੰਸਥਾਵਾਂ ਦਾ ਸਹਿਯੋਗ ਕਰਨ ਦੀ ਵੀ ਬੇਨਤੀ ਕਰਦੀ ਹੈ ।

## ਅਕਾਲੀ ਦਲ ਅੰਮ੍ਰਿਤਸਰ (ਯੂਕੇ) ਵੱਲੋਂ ਬਰਗਾੜੀ ਮੋਰਚੇ 'ਤੇ ਡਟਣ ਦੀ ਅਪੀਲ

ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਪ੍ਰੈਸ ਬਿਆਨ ਰਾਹੀਂ ਕੀਤਾ। ਪ੍ਰੈਸ ਨੂੰ ਬਿਆਨ ਜਾਰੀ ਕਰਦੇ ਹੋਏ ਪਾਰਟੀ ਦੇ ਪ੍ਰੈਸ ਸਕੱਤਰ ਜਗਤਾਰ ਸਿੰਘ ਵਿਰਕ ਅਤੇ ਔਨ ਲਾਈਨ ਐਡਮਿਨ ਬਿਅੰਤ ਸਿੰਘ ਨੇ ਅੱਗੇ ਕਿਹਾ ਕਿ, "ਸਮੁੰਦਰ ਵਿੱਚ ਪੈਣ ਉਪਰੰਤ ਨਦੀਆਂ ਨਾਲਿਆਂ ਤੇ ਦਰਿਆਵਾਂ ਦੀ ਹੋਂਦ ਖਤਮ ਹੋ ਜਾਂਦੀ ਹੈ ਅਤੇ ਉਹ ਸਮੁੰਦਰ ਵਿਚ ਵਿਲੀਨ ਹੋ ਜਾਂਦੇ ਹਨ। ਇਸੇ ਪ੍ਰਕਾਰ ਸਰਬੱਤ ਖ਼ਾਲਸਾ ਵੱਲੋਂ ਅਪਣਾ ਲਏ ਜਾਣ ਉਪਰੰਤ ਜਥੇਬੰਦੀਆਂ ਦੇ ਮਤੇ ਨਹੀਂ ਰਹਿ ਜਾਂਦੇ, ਉਹ ਸਰਬੱਤ ਖ਼ਾਲਸਾ ਦੇ ਮਤੇ ਬਣ ਜਾਂਦੇ ਹਨ। ਸਮੁੰਦਰ ਵਿੱਚੋਂ ਪਾਣੀ ਆਪਣੇ ਆਪ ਮੁੜ ਦਰਿਆਵਾਂ ਅਤੇ ਨਦੀਆਂ-ਨਾਲਿਆਂ ਵੱਲ ਨੂੰ ਨਹੀਂ ਵਹਿ ਸਕਦਾ। ਇਸੇ ਤਰ੍ਹਾਂ ਮਤੇ ਆਪਣੇ ਆਪ ਜਥੇਬੰਦੀਆਂ ਵੱਲ ਨੂੰ ਨਹੀਂ ਪਰਤ ਸਕਦੇ।"

ਉਨ੍ਹਾਂ ਅੱਗੇ ਕਿਹਾ ਕਿ, "ਬਰਗਾੜੀ ਮੋਰਚੇ ਸਦਕਾ ਸੰਨ 1989 ਵਰਗੇ ਹਾਲਾਤ ਬਣੇ ਹੋਏ ਹਨ। ਸਿੱਖ ਕੌਮ ਨੇ ਸਮੇਂ ਮੁਤਾਬਕ ਸੜਕੀ ਤੇ ਰੇਲ ਰਸਤੇ ਰੋਕਣ ਤੋਂ ਇਲਾਵਾ ਹਥਿਆਰਬੰਦ ਸੰਘਰਸ਼ ਵੀ ਲੜਿਆ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ ਤੇ ਦੁਹਰਾਉਂਦਾ ਰਹੇਗਾ। ਇਸ ਕਰਕੇ ਸਿੱਖਾਂ ਨੂੰ ਅਪੀਲ ਹੈ ਕਿ ਉਹ ਸਰਬੱਤ ਖ਼ਾਲਸਾ ਸਮੇਂ ਵਿਧੀ ਵਿਧਾਨ ਦੀਆਂ ਗੱਲਾਂ ਵਾਂਗ ਕਿੰਤੂ-ਪ੍ਰੰਤੂ ਕਰਨ ਦੀ ਬਜਾਏ ਬਰਗਾੜੀ ਮੋਰਚੇ ਦਾ ਡਟ ਕੇ ਸਾਥ ਦੇਣਾ ਚਾਹੀਦਾ ਹੈ ਅਤੇ ਕੌਮ ਨੂੰ ਆਪਣਾ ਪ੍ਰੋਗਰਾਮ ਦੇਈਏ।"

ਪੰਥਕ ਆਗੂਆਂ ਨੇ ਅੱਗੇ ਕਿਹਾ ਕਿ, "ਜਿਸ ਬਾਦਲ ਦਲ ਨੂੰ ਹੁਣ ਲੋਕਤੰਤਰ ਦਾ ਘਾਣ ਨਜ਼ਰ ਆਉਣ ਲੱਗਾ ਹੈ, ਇਨ੍ਹਾਂ ਦੇ ਰਾਜਕਾਲ ਵਿੱਚ ਸੰਨ 2015 ਅਤਿਅੰਤ ਔਕੜਾਂ ਦੇ ਬਾਵਜੂਦ ਜਿਵੇਂ ਸਰਬੱਤ ਖ਼ਾਲਸਾ ਸਮਾਗਮ ਕਰਵਾਇਆ ਗਿਆ, ਸਭ ਨੂੰ ਪਤਾ ਹੈ। ਸਰਬੱਤ ਖ਼ਾਲਸਾ ਸਮਾਗਮ ਤੋਂ ਉਪਰੰਤ ਵੀ ਇਨ੍ਹਾਂ ਸਵੈ ਸਜੇ ਅਮਨ ਸ਼ਾਂਤੀ ਦੇ ਦੂਤਾਂ ਨੇ ਕਿਵੇਂ ਸਰਬੱਤ ਖ਼ਾਲਸਾ ਸਮਾਗਮ ਦੇ ਅਯੋਜਕਾਂ, ਨਿਯੁਕਤ ਕੀਤੇ ਗਏ ਜਥੇਦਾਰ ਸਾਹਿਬਾਨ ਅਤੇ ਦੇਸ਼ ਵਿਦੇਸ਼ ਤੋਂ ਹਿੱਸਾ ਲੈਣ ਪੁੱਜੇ ਸਿੰਘਾਂ ਉੱਪਰ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਸੀ ।ਸੰਨ 2016 ਵਿੱਚ ਸਰਬੱਤ ਖ਼ਾਲਸਾ ਸਮਾਗਮ ਕਰਵਾਉਣ ਦਾ ਐਲਾਨ ਹੋਣ ਉਪਰੰਤ ਤਾਂ ਆਪਸੀ ਸਦਭਾਵਨਾ ਦੇ ਮਸੀਹਿਆਂ ਨੇ ਜਬਰ-ਜ਼ੁਲਮ ਦੀ ਇੰਨੀ ਹੱਦ ਕਰ ਦਿੱਤੀ ਕਿ ਸਿੰਘਾਂ ਦੇ ਪੁਰਾਤਨ ਸਮੇਂ ਦੌਰਾਨ ਬੀਕਾਨੇਰ ਦੇ ਜੰਗਲਾਂ ਵਿੱਚ ਰੈਣ ਬਸੇਰੇ ਦੇ ਦਿਨ ਯਾਦ ਆ ਗਏ ਸਨ। ਇਸ ਕਰਕੇ ਅਸੀਂ ਹੁਕਮਰਾਨਾਂ ਦੀ ਪਾੜੋ ਅਤੇ ਰਾਜ ਕਰੋ ਦੀ ਨੀਤੀ ਦਾ ਹਿੱਸਾ ਨਾ ਬਣੀਏ, ਸਗੋਂ ਸ. ਬਘੇਲ ਸਿੰਘ ਦੀ ਤਰ੍ਹਾਂ ਸੰਘਰਸ਼ ਕਰੀਏ, ਵਾਹਿਗੁਰੂ ਜੀ ਫਤਿਹ ਬਖਸ਼ਣਗੇ।"

## ਬਰਗਾੜੀ ਮੋਰਚਾ : ਨਵੇਂ ਰਾਜਸੀ ਬਦਲ ਲਈ ਜ਼ਮੀਨ ਤਿਆਰ

ਬਦਲ ਰਹੇ ਸਿਆਸੀ ਹਾਲਾਤ ਵਿਚ ਇਸੇ ਕਰਕੇ ਬਾਦਲ ਦਲ ਅਤੇ ਕਾਂਗਰਸ ਵੱਲੋਂ ਮੋਰਚੇ ਨੂੰ ਫੇਲ੍ਹ ਕਰਨ ਦੀ ਰਣਨੀਤੀ ਉਤੇ ਕੰਮ ਕੀਤਾ ਜਾ ਰਿਹਾ ਹੈ। ਦੋਵੇਂ ਪਾਰਟੀਆਂ ਬਰਗਾੜੀ ਧਿਰਾਂ ਦੇ 7 ਅਕਤੂਬਰ ਦੇ ਰੋਸ ਮਾਰਚ ਵਾਲੇ ਦਿਨ ਹੀ ਕ੍ਰਮਵਾਰ ਲੰਬੀ ਅਤੇ ਪਟਿਆਲੇ ਵਿਚ ਰੈਲੀਆਂ ਕਰ ਰਹੀਆਂ ਹਨ। ਪੰਜਾਬ ਦੀ ਰਾਜਨੀਤੀ ਵਿਚ ਆਪਣੀ ਜ਼ਮੀਨ ਤਲਾਸ਼ ਰਹੇ 'ਆਪ' ਵਿਚੋਂ ਬਾਗੀ ਹੋਏ ਖਹਿਰਾ ਧੜੇ ਨੇ ਖੁੱਲ੍ਹ ਕੇ ਮੋਰਚੇ ਦੀ ਹਮਾਇਤ ਕੀਤੀ ਹੈ, ਜਦਕਿ ਆਮ ਆਦਮੀ ਪਾਰਟੀ ਦੂਰ ਖੜ੍ਹ ਕੇ ਨਿਰਪੱਖ ਰਹਿਣ ਦੇ ਯਤਨਾਂ ਵਿਚ ਹੈ। ਖੂਫੀਆ ਰਿਪੋਰਟਾਂ ਮਿਲਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵੀ ਖੁੱਲ੍ਹ ਕੇ ਬਰਗਾੜੀ ਮੋਰਚੇ ਦੇ ਖਿਲਾਫ ਖੜ੍ਹ ਗਈ ਹੈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਅਚਨਚੇਤ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਦੀ ਬਿਆਨਬਾਜ਼ੀ ਵੀ ਮੋਰਚੇ ਖਿਲਾਫ ਆ ਰਹੀ ਹੈ। ਬੇਅਦਬੀ ਮਾਮਲਿਆਂ ਦੀ ਜਾਂਚ ਲਈ ਗਠਿਤ ਰਿਟਾਇਰਡ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕਰਨ ਤੋਂ ਬਾਅਦ ਹੀ ਕਾਂਗਰਸ ਨੇ ਬਰਗਾੜੀ ਮੋਰਚੇ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਸੀ।

ਮੋਰਚਾ ਪੱਖੀਆਂ ਵੱਲੋਂ 14 ਅਕਤੂਬਰ ਨੂੰ ਬਹਿਬਲ ਕਲਾਂ ਕਾਂਡ ਦੀ ਬਰਸੀ ਮਨਾਈ ਜਾ ਰਹੀ ਹੈ। ਇਸ ਤੋਂ ਪਹਿਲਾਂ 7 ਅਕਤੂਬਰ ਨੂੰ ਇਸ ਬਰਸੀ ਸਬੰਧੀ ਮਾਰਚ ਕੱਢਿਆ ਜਾਵੇਗਾ, ਜਿਸ ਨੂੰ ਦੇਖਦੇ ਹੋਏ ਖੁਫੀਆ ਏਜੰਸੀਆਂ ਨੇ ਕੈਪਟਨ ਸਰਕਾਰ ਨੂੰ ਅਲਰਟ ਕਰ ਦਿੱਤਾ ਹੈ। ਏਜੰਸੀਆਂ ਨੇ ਸਰਕਾਰ ਨੂੰ ਦਿੱਤੀ ਰਿਪੋਰਟ ਵਿਚ ਕਿਹਾ ਹੈ ਕਿ ਗੋਲੀਕਾਂਡ ਦੀ ਬਰਸੀ 'ਤੇ ਪੰਜਾਬ ਦਾ ਮਾਹੌਲ ਖਰਾਬ ਹੋ ਸਕਦਾ ਹੈ।

ਏਜੰਸੀਆਂ ਦਾ ਕਹਿਣਾ ਹੈ ਕਿ ਬਾਦਲ ਦਲ ਤੇ ਗਰਮ ਖਿਆਲੀ ਜਥੇਬੰਦੀਆਂ ਵਲੋਂ ਗੋਲੀਕਾਂਡ ਨੂੰ ਲੈ ਕੇ ਟਕਰਾਅ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬ ਪੁਲਸ ਦੇ ਇੰਟੈਲੀਜੈਂਸ ਵਿੰਗ ਨੇ ਸੂਬਾ ਸਰਕਾਰ ਨੂੰ ਭੇਜੀ ਰਿਪੋਰਟ ਵਿਚ ਸਾਫ ਕਰ ਦਿੱਤਾ ਹੈ ਕਿ ਬਰਗਾੜੀ ਵਿਚ ਬਹਿਬਲ ਕਲਾਂ ਗੋਲੀਕਾਂਡ ਦੀ ਤੀਜੀ ਬਰਸੀ 'ਤੇ ਹੋਣ ਵਾਲੇ ਪ੍ਰੋਗਰਾਮ ਦੌਰਾਨ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ ਅਤੇ ਸ਼ਰਾਰਤੀ ਤੱਤ ਮੌਕੇ ਦਾ ਫਾਇਦਾ ਚੁੱਕ ਕੇ ਮਾਹੌਲ ਨੂੰ ਖਰਾਬ ਕਰ ਸਕਦੇ ਹਨ, ਇਸ ਲਈ ਜੱਥੇਬੰਦੀਆਂ ਨਾਲ ਗੱਲਬਾਤ ਕਰਕੇ ਪ੍ਰੋਗਰਾਮ ਨੂੰ ਟਾਲ ਦਿੱਤਾ ਜਾਣਾ ਚਾਹੀਦਾ ਹੈ।

ਡੀਜੀਪੀ. ਇੰਟੈਲੀਜੈਂਸ ਦਿਨਕਰ ਗੁਪਤਾ ਵਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਗੁਪਤ ਰਿਪੋਰਟ ਭੇਜ ਦਿੱਤੀ ਗਈ ਹੈ।

**ਕੀ ਕਹਿੰਦੇ ਹਨ ਭਾਈ ਧਿਆਨ ਸਿੰਘ ਮੰਡ :** ਦੂਸਰੇ ਪਾਸੇ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਕਾਂਗਰਸ ਸਰਕਾਰ ਨੇ ਸਾਨੂੰ ਇਨਸਾਫ਼ ਨਹੀਂ ਦਿੱਤਾ, ਇਸੇ ਕਰਕੇ ਹੁਣ ਇਹ ਲੀਡਰ ਸਾਨੂੰ ਮੂੰਹ ਦਿਖਾਉਣ ਜੋਗੇ ਨਹੀਂ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਵਿੱਚ ਚੱਲ ਰਹੇ ਇਨਸਾਫ ਮੋਰਚੇ ਨੇ ਚਾਰ ਮਹੀਨੇ ਪੂਰੇ ਕਰਕੇ ਪੰਜਵੇਂ ਮਹੀਨੇ ਵਿੱਚ ਦਾਖਲਾ ਪਾ ਲਿਆ ਹੈ। ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਪੰਥ ਦੋਖੀਆਂ ਵੱਲੋਂ ਸਰਕਾਰਾਂ ਦਾ ਆਸਰਾ ਲੈ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਹੈ। ਜਦੋਂ ਸਰਕਾਰਾਂ ਗੁਰੂ ਘਰ ਨਾਲ ਮੱਥਾ ਲਾ ਲੈਣ, ਫਿਰ ਭਾਵੇਂ ਬਾਦਲ ਹੋਵੇ ਜਾਂ ਜਹਾਂਗੀਰ, ਉਹਨਾਂ ਦੀ ਜੜ੍ਹ ਨਹੀ ਲੱਗਦੀ। ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਸਿਮਰਨਜੀਤ ਸਿੰਘ ਮਾਨ ਦੀ ਖਾਲਿਸਤਾਨ ਲਈ ਸੰਘਰਸ਼ ਕਰਨ ਦੇ ਨਾਲ-ਨਾਲ ਭਾਰਤੀ ਜਮਹੂਰੀਅਤ ਅਨੁਸਾਰ ਚੋਣਾਂ ਲੜਨ ਦੀ ਰਣਨੀਤੀ ਨੁਕਸਦਾਰ ਹੈ। ਲੋਕਾਂ ਵਿਚ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਭਾਰਤੀ ਜਮਹੂਰੀਅਤ ਦੀਆਂ ਸੰਹੁਆਂ ਚੁੱਕਣ ਤੋਂ ਬਾਅਦ ਖਾਲਿਸਤਾਨ ਦਾ ਮੁੱਦਾ ਕਿਵੇਂ ਉਠਾ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਸਾਂਝਾਪੰਥਕ ਮੁਹਾਜ਼ ਬਣਨ ਦੇ ਸਬੰਧ ਵਿਚ ਉਹ ਆਪ ਵੀ ਯਤਨ ਕਰ ਰਹੇ ਹਨ।

ਇੱਥੋਂ ਤੱਕ ਕਿ ਅਕਾਲੀ ਦਲ-ਭਾਜਪਾ ਤੇ ਆਮ ਆਦਮੀ ਪਾਰਟੀ ਨੇ ਵੀ ਇਸ ਤੋਂ ਦੂਰੀ ਬਣਾਈ ਹੋਈ ਹੈ ਪਰ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ 'ਆਪ' ਦਾ ਬਾਗੀ ਧੜਾ ਮੋਰਚੇ ਦੇ ਸਮਰਥਨ ਵਿਚ ਖੁੱਲ੍ਹ ਕੇ ਆ ਰਿਹਾ ਹੈ। ਉੱਥੇ ਹੀ ਕਾਂਗਰਸ ਦੇ ਕੁਝ ਆਗੂਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਸਿਆਸਤ ਕਰਨ ਦਾ ਉਲਟਾ ਅਸਰ ਵੀ ਪੈ ਸਕਦਾ ਹੈ।

ਉਹਨਾਂ ਕਿਹਾ ਕਿ ਜਿੰਨਾਂ ਦੋਸ਼ੀਆਂ ਵੱਲੋਂ ਚੈਲਿੰਜ ਕਰਕੇ ਗੁਰੂ ਸਾਹਿਬ ਨੂੰ ਅਗਨ ਭੇਂਟ ਕਰਕੇ ਬੇਅਦਬੀ ਕੀਤੀ ਗਈ, ਰੂੜੀਆਂ ਵਿਚ ਦੱਬਿਆ ਗਿਆ, ਅੰਗ ਪਾੜ ਕੇ ਗਲੀਆਂ ਵਿੱਚ ਰੋਲਿਆ ਗਿਆ ਹੈ, ਉਹਨਾਂ ਦੀਆਂ ਕੁਲਾਂ ਵੀ ਖਤਮ ਹੋਣਗੀਆਂ। ਉਹਨਾਂ ਕੈਪਟਨ ਅਮਰਿੰਦਰ ਸਿੰਘ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਵਿਧਾਨ ਸਭਾ ਦੇ ਸ਼ੈਸ਼ਨ ਦੌਰਾਨ ਤੁਹਾਡੇ ਚਾਰ ਪੰਜ ਮੰਤਰੀਆਂ ਨੇ ਦੋਸ਼ੀਆਂ ਤੇ ਤੁਰੰਤ ਕਾਰਵਾਈ ਕਰਨ ਲਈ ਵੀ ਤੁਹਾਡੇ ਤਰਲੇ ਮਿੰਨਤਾਂ ਕੀਤੀਆਂ, ਪਰ ਤੁਸੀ ਅਜੇ ਤੱਕ ਕੋਈ ਕਾਰਵਾਈ ਨਹੀ ਕੀਤੀ। ਤੁਹਾਡੇ ਤੇ ਲੋਕਾਂ ਨੂੰ ਬਹੁਤ ਆਸਾਂ ਹਨ, ਇਸ ਲਈ ਤੁਸੀ ਸਿੱਖਾਂ ਨੂੰ ਇਨਸਾਫ ਦਿਓ ਧੋਖਾ ਦੇ ਕੇ ਸਿੱਖਾਂ ਦੀਆਂ ਆਸਾਂ ਨੂੰ ਤੋੜਨ ਦੀ ਗਲਤੀ ਨਾ ਕਰਿਓ। ਉਹਨਾਂ ਕਿਹਾ ਕਿ ਜੇਕਰ ਧੋਖਾ ਦਿੱਤਾ ਤਾਂ ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਿਹੜਾ ਹਾਲ ਅੱਜ ਬਾਦਲਾਂ ਦਾ ਹੋ ਰਿਹਾ ਹੈ, ਉਹ ਹੀ ਹਾਲ ਕੱਲ੍ਹ ਤੁਹਾਡਾ ਵੀ ਹੋਵੇਗਾ।

ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਕਿਹਾ ਬਾਦਲ ਕੇ ਅਤੇ ਕੈਪਟਨ ਨੇ ਮੋਰਚੇ ਨੂੰ ਤਾਰਪੀਡੋ ਕਰਨ ਲਈ ਹੀ ਰੈਲੀਆਂ ਦੀ ਸਾਜਿਸ਼ ਰਚੀ ਜਾ ਰਹੀ ਹੈ, ਤਾਂ ਕਿ ਸਿੱਖਾਂ ਨੂੰ ਰੈਲੀਆਂ ਵਿੱਚ ਉਲਝਾ ਕੇ ਪੰਥ ਦੀਆਂ ਤਿੰਨ ਮੰਗਾਂ ਮਨਵਾਉਣ ਲਈ ਲਾਏ ਮੋਰਚੇ ਨੂੰ ਬੇਅਸਰ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਸਰਕਾਰ ਅਤੇ ਬਾਦਲਕਿਆਂ ਨੂੰ ਸਬਕ ਸਿਖਾਉਣ ਲਈ ਦੋ ਸਤੰਬਰ,7 ਸਤੰਬਰ ਅਤੇ ਸ਼ਹੀਦਾਂ ਦੀ ਯਾਦ ਵਿੱਚ ਜੁੜਨ ਲਈ 14 ਸਤੰਬਰ ਨੂੰ ਬਰਗਾੜੀ ਵਿਖੇ ਵੱਖ ਵੱਖ ਸੂਬਿਆਂ ਸਮੇਤ ਪੰਜਾਬ ਦੇ ਕੋਨੇ ਕੋਨੇ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚਣ ਤਾਂ ਕਿ ਬਾਦਲਕਿਆਂ ਅਤੇ ਕੈਪਟਨ ਨੂੰ ਦੱਸਿਆ ਜਾ ਸਕੇ ਕਿ ਹੁਣ ਸਿੱਖ ਪੰਥ ਅਤੇ ਸਮੁੱਚਾ ਪੰਜਾਬ ਤੁਹਾਡੀਆਂ ਚਾਲਾਂ ਵਿੱਚ ਆਉਣ ਵਾਲਾ ਨਹੀ, ਹੁਣ ਖਾਲਸਾ ਪੰਥ ਹਰ ਹਾਲ ਵਿੱਚ ਇਨਸਾਫ ਲੈ ਕੇ ਰਹੇਗਾ।

**ਖਹਿਰਾ ਧੜੇ ਨੇ ਪੰਥਕ ਰਾਜਨੀਤੀ ਵੱਲ ਕਦਮ ਵਧਾਇਆ :** 'ਆਪ' ਪਾਰਟੀ ਤੋਂ ਬਾਗੀ ਹੋਏ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਦੀ ਅਗਵਾਈ ਵਿਚ ਜੁਆਇੰਟ ਐਕਸ਼ਨ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਵਿਧਾਇਕ ਪਿਰਮਲ ਸਿੰਘ, ਬਲਦੇਵ ਸਿੰਘ, ਜਗਦੇਵ ਸਿੰਘ ਕਮਾਲੂ, ਬਰਗਾੜੀ ਵਿਚ ਇਨਸਾਫ਼ ਮੋਰਚੇ ਦੀ ਅਗਵਾਈ ਕਰ ਰਹੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂ ਸ਼ਾਮਲ ਸਨ। ਖਹਿਰਾ ਨੇ ਕਿਹਾ ਕਿ 7 ਅਕਤੂਬਰ ਨੂੰ ਕੋਟਕਪੂਰਾ ਫੁਹਾਰਾ ਚੌਂਕ ਤੋਂ ਲੈ ਕੇ ਬਰਗਾੜੀ ਤੱਕ 25 ਕਿਲੋਮੀਟਰ ਲੰਬਾ ਰੋਸ ਮਾਰਚ ਕੱਢਿਆ ਜਾਵੇਗਾ। ਉਨ੍ਹਾਂ ਇਸ ਮਾਰਚ ਵਿਚ ਸਾਰੇ ਇਨਸਾਫ਼ ਪਸੰਦ ਲੋਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਇਸ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ, ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਕੋਈ ਨੁਮਾਇੰਦਾ ਸ਼ਾਮਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਬਰਗਾੜੀ ਅਤੇ ਬਹਿਬਲ ਕਾਂਡ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਇਹ ਰੋਸ ਮਾਰਚ ਕੱਢਿਆ ਜਾ ਰਿਹਾ ਹੈ। ਸੁਖਪਾਲ ਸਿੰਘ ਖਹਿਰਾ ਨੇ ਦਾਅਵਾ ਕੀਤਾ ਸੀ ਕਿ ਜੁਆਇੰਟ ਐਕਸ਼ਨ ਕਮੇਟੀ ਦੀ ਇਸ ਮੀਟਿੰਗ ਵਿਚ ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਸ਼ਾਮਲ ਹੋਣਗੇ ਪਰ ਉਹ ਇਸ ਮੀਟਿੰਗ ਵਿਚ ਨਹੀਂ ਆਏ।

## ਭਗਵਾਂ ਬ੍ਰਿਗੇਡ ਬਰਗਾੜੀ ਮੋਰਚੇ ਵਿਰੁਧ ਨਿਤਰਿਆ

ਗਿਆ ਕਿ ਪੰਜਾਬ ਸਰਕਾਰ ਰਣਜੀਤ ਸਿੰਘ ਰਿਪੋਰਟ ਰਾਹੀਂ ਭਾਵਨਾਤਮਕ ਮੁੱਦਿਆਂ 'ਤੇ ਸਿਆਸਤ ਖੇਡ ਰਹੀ ਹੈ, ਇਸ ਕਰਕੇ ਪਾਰਟੀ ਰਿਪੋਰਟ ਦਾ ਸਖਤ ਵਿਰੋਧ ਕਰਦੀ ਹੈ। ਮੀਟਿੰਗ ਵਿਚ ਭਾਜਪਾ ਦੇ ਸਾਬਕਾ ਪੰਜਾਬ ਪ੍ਰਧਾਨ ਕਮਲ ਸ਼ਰਮਾ ਨੇ ਕਿਹਾ ਕਿ ਅਸੀਂ ਵੀ ਚਾਹੁੰਦੇ ਹਾਂ ਕਿ ਬੇਅਦਬੀ ਮਾਮਲਿਆਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਪਰ ਕਾਂਗਰਸ ਦਾ ਇਸ ਰਿਪੋਰਟ ਦੀ ਆੜ ਵਿਚ ਗਰਮਖਿਆਲੀਆਂ ਨੂੰ ਖੁਸ਼ ਕਰਨ ਦਾ ਮਾਮਲਾ ਗੰਭੀਰ ਹੈ। ਕਾਂਗਰਸ ਅਜਿਹਾ ਕਰਕੇ ਗਰਮਖਿਆਲੀਆਂ ਦੇ ਹੱਥਾਂ ਵਿਚ ਖੇਡ ਰਹੀ ਹੈ। ਉਨ੍ਹਾਂ ਇਥੋਂ ਤਕ ਕਹਿ ਦਿੱਤਾ ਕਿ ਰਣਜੀਤ ਸਿੰਘ ਰਿਪੋਰਟ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਨਹੀਂ, ਸਗੋਂ ਸਿਆਸਤ ਖੇਡਣ ਲਈ ਹੀ ਤਿਆਰ ਕਰਵਾਈ ਗਈ ਹੈ। ਇਸ ਤਰ੍ਹਾਂ ਇਕ ਤਰ੍ਹਾਂ ਨਾਲ ਉਨ੍ਹਾਂ ਪੂਰੀ ਰਿਪੋਰਟ ਨੂੰ ਹੀ ਸਵਾਲਾਂ ਦੇ ਘੇਰੇ ਵਿਚ ਲੈ ਆਂਦਾ। ਭਾਜਪਾ ਦੀ ਮੀਟਿੰਗ ਦੌਰਾਨ ਬਹੁਤੇ ਆਗੂਆਂ ਨੂੰ ਬਰਗਾੜੀ ਮੋਰਚਾ ਖਾਸਾ ਚੁਭ ਰਿਹਾ ਸੀ। ਵਿਜੇ ਸਾਂਪਲਾ ਨੇ ਕਿਹਾ ਕਿ ਗਰਮਖਿਆਲੀਆਂ ਨੂੰ ਸ਼ਹਿ ਦੇ ਕੇ ਕਾਂਗਰਸ ਅੱਗ ਨਾਲ ਖੇਡ ਰਹੀ ਹੈ। ਉਹਨਾਂ ਤੱਥਾਂ ਤੋਂ ਕੋਰੀ ਨਿਰੀ ਸਿਆਸੀ ਭਾਸ਼ਣਬਾਜ਼ੀ ਵਿਚ ਕਿਹਾ ਕਿ ਕਾਂਗਰਸ ਬੀਤੇ ਵਿਚ ਕੀਤੀਆਂ ਆਪਣੀਆਂ ਪੁਰਾਣੀਆਂ ਗਲਤੀਆਂ ਦੁਹਰਾ ਰਹੀ ਹੈ ਜਦੋਂ ਇਸ ਨੇ ਖਾਲਿਸਤਾਨੀ ਹਮਾਇਤੀਆਂ ਨਾਲ ਹੱਥ ਮਿਲਾ ਕੇ ਸੂਬੇ ਨੂੰ ਸੰਕਟ ਵਿਚ ਪਾਇਆ ਸੀ। ਉਨ੍ਹਾਂ ਇਕ ਹੋਰ ਹਾਸੋਹੀਣੀ ਗੱਲ ਕੀਤੀ ਕਿ ਕਾਂਗਰਸ ਸੋਚੀ ਸਮਝੀ ਚਾਲ ਤਹਿਤ ਸਿੱਖ ਗਰਮ ਖਿਆਲੀਆਂ ਨਾਲ ਮਿਲ ਕੇ ਹਿੰਦੂ ਵੋਟ ਬੈਂਕ ਮੁੜ ਆਪਣੇ ਵੱਲ ਲਿਆਉਣਾ ਚਾਹੁੰਦੀ ਹੈ। ਇਹ ਕਿਵੇਂ ਹੋਵੇਗਾ, ਇਸ ਦਾ ਪਤਾ ਸ਼ਾਇਦ ਉਨ੍ਹਾਂ ਨੂੰ ਵੀ ਨਹੀਂ ਹੋਵੇਗਾ। ਭਾਜਪਾ ਆਗੂਆਂ ਨੇ ਬਰਗਾੜੀ ਵਿਚ ਧਰਨੇ 'ਤੇ ਬੈਠੇ ਗਰਮ ਖਿਆਲੀ ਲੀਡਰਾਂ ਧਿਆਨ ਸਿੰਘ ਮੰਡ ਤੇ ਬਲਜੀਤ ਸਿੰਘ ਦਾਦੂਵਾਲ ਖਿਲਾਫ ਵੀ ਭੜਾਸ ਕੱਢੀ।

## ਪੰਜਾਬ ਤੋਂ ਯੂਐਨਓ ਤਕ ਪਈ ਨਕੋਦਰ ਕਾਂਡ ਦੀ ਗੂੰਜ

ਧਾਰਮਿਕ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਲੋਕਤੰਤਰੀ ਤਰੀਕੇ ਨਾਲ ਵਿਰੋਧ ਕਰ ਰਹੇ ਸਨ। ਇਸ ਗੋਲੀ ਕਾਂਡ ਵਿਚ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਨ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਚਲਾਪੁਰ ਸ਼ਹੀਦ ਕੀਤੇ ਗਏ ਸਨ।

ਪੱਤਰ ਵਿਚ ਲਿਖਿਆ ਗਿਆ ਹੈ ਕਿ ਹਾਲਾਂਕਿ ਪਰਿਵਾਰ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਨੂੰ ਲੈਣ ਲਈ ਇੰਤਜ਼ਾਰ ਕਰ ਰਹੇ ਸਨ ਪਰ ਪੁਲਿਸ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ ਰਾਤ ਦੇ ਹਨੇਰੇ ਵਿਚ ਹੀ ਕਰ ਦਿੱਤਾ। ਉਨ੍ਹਾਂ ਲਿਖਿਆ ਹੈ ਕਿ, "ਅਸੀਂ ਇਸ ਕੇਸ ਨੂੰ ਸੰਯੁਕਤ ਰਾਸ਼ਟਰ ਮੂਹਰੇ ਭਾਰਤੀ "ਜਮਹੂਰੀਅਤ ਦੇ ਪਖੰਡ" ਅਤੇ ਉਸ ਦੀ "ਇਨਸਾਫ ਪ੍ਰਣਾਲੀ ਦੀ ਨਿਰਪੱਖਤਾ" ਦਾ ਪਰਦਾਫਾਸ਼ ਕਰਨ ਲਈ ਪੇਸ਼ ਕਰਦੇ ਹਾਂ, ਜੋ ਨਿਰਸੰਦੇਹ ਘੱਟ-ਗਿਣਤੀਆਂ ਦੇ ਬੁਨਿਆਦੀ ਅਧਿਕਾਰਾਂ ਤੋਂ ਇਨਕਾਰ ਕਰਦੀ ਹੈ। ਇਸ ਗੈਰਕਾਨੂੰਨੀ ਕਾਰਵਾਈ ਕਰ ਕੇ ਗੁਨਾਹਗਾਰਾਂ ਨੂੰ ਨੌਕਰੀਆਂ ਤੋਂ ਹਟਾਉਣ ਦੀ ਬਜਾਏ ਕਾਤਲਾਂ ਨੂੰ ਉਨ੍ਹਾਂ ਦੇ ਅਹੁਦਿਆਂ 'ਤੇ ਹੀ ਰੱਖਿਆ ਗਿਆ ਅਤੇ ਸਗੋਂ ਉਹਨਾਂ ਨੂੰ ਅਜਿਹੇ ਕੰਮਾਂ ਲਈ ਤਰੱਕੀ ਦੇ ਕੇ ਇਨਾਮ ਵੀ ਦਿੱਤਾ ਗਿਆ। ਸਰਕਾਰ ਦੀ ਆਪਣੀ ਨਿਆਂਇਕ ਜਾਂਚ ਦੀ ਰਿਪੋਰਟ ਵੀ ਜਨਤਾ ਦੀਆਂ ਅੱਖਾਂ ਤੋਂ ਦੂਰ ਹੈ ਅਤੇ 32 ਸਾਲਾਂ ਤੋਂ ਵੱਧ ਸਮੇਂ ਤੋਂ ਇਸ ਕਤਲ ਕਾਂਡ ਨੂੰ ਦਬਾਇਆ ਗਿਆ ਹੈ। ਅਸੀਂ, ਇਸ ਕਤਲ ਕਾਂਡ ਵਿਚ ਮਾਰੇ ਗਏ ਲੋਕਾਂ ਵਿਚ ਸ਼ਾਮਲ ਇਕ ਦੇ ਮਾਪੇ ਹਾਂ ਜੋ 32 ਸਾਲ ਤੋਂ ਨਿਆਂ ਲਈ ਲੜ ਰਹੇ ਹਾਂ, ਜਦਕਿ ਮਾਰੇ ਗਏ ਬਾਕੀ ਤਿੰਨ ਦੇ ਮਾਪੇ ਨਿਆਂ ਦੀ ਉਡੀਕ ਵਿਚ ਹੀ ਇਸ ਦੁਨੀਆ ਤੋਂ ਗੁਜ਼ਰ ਗਏ ਹਨ।"

ਪੱਤਰ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਲੰਘੀ 28 ਅਗਸਤ, 2018 ਨੂੰ ਪੰਜਾਬ ਅਸੰਬਲੀ ਸੈਸ਼ਨ ਵਿਚ ਦੋ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਵੀ ਉਕਤ ਕਾਂਡ ਵਿਚ ਪੁਲਿਸ ਹੱਥੋਂ ਚਾਰ ਨੌਜਵਾਨਾਂ ਦੀ ਹੱਤਿਆ ਤੋਂ ਬਾਅਦ ਵਾਪਰੀਆਂ ਘਟਨਾਵਾਂ ਬਾਰੇ ਸਰਕਾਰ ਦੀ ਆਪਣੀ ਨਿਆਂਇਕ ਜਾਂਚ ਰਿਪੋਰਟ ਜਾਰੀ ਕਰਨ ਦਾ ਮੁੱਦਾ ਚੁੱਕਿਆ ਸੀ। ਅਫ਼ਸੋਸ ਦੀ ਗੱਲ ਹੈ ਕਿ ਸੂਬਾ ਸਰਕਾਰ ਵੱਲੋਂ ਅਜਿਹਾ ਕਰਨ ਦੇ ਕੋਈ ਸੰਕੇਤ ਨਹੀਂ ਮਿਲੇ ਹਨ। ਪੀੜਤਾਂ ਨੇ ਕਿਹਾ ਕਿ, "ਸਾਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਤੁਸੀਂ ਅਕਤੂਬਰ ਵਿਚ ਭਾਰਤੀ ਉਪ-ਮਹਾਂਦੀਪ ਦੀ ਯਾਤਰਾ ਦੌਰਾਨ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਜਾ ਰਹੇ ਹੋ, ਕਿਰਪਾ ਕਰਕੇ ਸੰਨ 1986 ਦੇ ਨਕੋਦਰ ਕਤਲੇਆਮ ਬਾਰੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜਾਰੀ ਕਰਨ ਲਈ ਪੰਜਾਬ ਸਰਕਾਰ ਨੂੰ ਬੇਨਤੀ ਕਰਕੇ ਸਾਡੀ ਮਦਦ ਕਰੋ। ਅਸੀਂ ਆਪਣੀਆਂ ਅੱਖਾਂ ਬੰਦ ਕਰਨ ਤੋਂ ਪਹਿਲਾਂ ਇਹ ਜਾਣਨਾ ਚਾਹੁੰਦੇ ਹਾਂ ਕਿ ਕਿਸ ਨੇ ਸਾਡੇ ਨਿਰਦੋਸ਼ ਬੱਚਿਆਂ ਨੂੰ ਗੋਲੀਆਂ ਮਾਰਨ ਦਾ ਹੁਕਮ ਦਿੱਤਾ ਅਤੇ ਕਿਸ ਦੇ ਹੁਕਮਾਂ ਉਤੇ ਗੁਪਤ ਰੂਪ ਨਾਲ ਉਨ੍ਹਾਂ ਦੀਆਂ ਲਾਸ਼ਾਂ ਦਾ ਸਸਕਾਰ ਕਰ ਦਿੱਤਾ ਗਿਆ।"

## ਸਰਕਾਰ ਪੀੜਤ ਪਰਿਵਾਰਾਂ ਤੋਂ ਮੰਗੇ ਮੁਆਫੀ : ਕੰਵਰ ਸੰਧੂ

ਯਾਦ ਕਰਵਾਇਆ ਜਾਂਦਾ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਨੂੰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਅੱਗ ਦੇ ਹਵਾਲੇ ਕੀਤੇ ਜਾਣ ਤੋਂ ਬਾਅਦ ਗੋਲੀਬਾਰੀ ਦੀ ਇਹ ਘਟਨਾ ਵਾਪਰੀ ਸੀ। ਕੰਵਰ ਸੰਧੂ ਵੱਲੋਂ ਨੱਥੀ ਰਿਪੋਰਟ ਮੁਤਾਬਕ ਕਮਿਸ਼ਨ ਨੇ ਕਿਹਾ ਹੈ ਕਿ ਗੋਲੀਬਾਰੀ ਉਸ ਸਮੇਂ ਕੀਤੀ ਗਈ ਜਦੋਂ ਸਿੱਖ ਸੰਗਤ 4 ਫਰਵਰੀ ਨੂੰ ਪਵਿੱਤਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਜਾ ਰਹੀ ਸੀ। ਇਸ ਘਟਨਾ ਨੂੰ ਨਜਾਇਜ਼ ਮੰਨਦਿਆਂ ਨਾਲ ਹੀ ਕਮਿਸ਼ਨ ਨੇ ਇਹ ਵੀ ਮੰਨਿਆ ਕਿ ਇਸ ਗੋਲੀਬਾਰੀ ਵਿਚ ਚਾਰ ਲੋਕਾਂ ਦੀ ਮੌਤ ਹੋ ਗਈ ਸੀ ਅਤੇ 8 ਜ਼ਖਮੀ ਹੋ ਗਏ ਸਨ। ਕਮਿਸ਼ਨ ਮੁਤਾਬਕ ਇਹ ਫਾਇਰਿੰਗ ਲੋਕਾਂ ਨੂੰ ਮਾਰਨ ਦੇ ਮਕਸਦ ਨਾਲ ਕੀਤੀ ਗਈ ਸੀ। ਮਾਰੇ ਗਏ ਚਾਰ ਵਿਅਕਤੀਆਂ ਵਿੱਚ ਰਵਿੰਦਰ ਸਿੰਘ ਲਿੱਤਰਾਂ, ਝਿਲਮਨ ਸਿੰਘ ਗੋਰਸੀਆਂ, ਬਲਧੀਰ (ਜਾਂ ਬਲਬੀਰ ਸਿੰਘ) ਰਾਮਗੜ੍ਹ ਅਤੇ ਹਰਮਿੰਦਰ ਸਿੰਘ ਚਾਲੂਪੁਰ ਦੇ ਨਾਮ ਸ਼ਾਮਲ ਹਨ। ਸੰਧੂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਕਮਿਸ਼ਨ ਨੇ 31 ਅਕਤੂਬਰ, 1986 ਨੂੰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਸੀ।

ਉਸ ਵੇਲੇ ਦੀ ਬਰਨਾਲਾ ਸਰਕਾਰ ਦੁਆਰਾ ਵਿਧਾਨ ਸਭਾ ਦੇ ਸਾਹਮਣੇ ਇਹ ਰਿਪੋਰਟ ਨਹੀਂ ਰੱਖੀ ਗਈ। 11 ਮਈ 1987 ਨੂੰ ਇਹ ਸਰਕਾਰ ਬਰਖਾਸਤ ਕਰ ਦਿੱਤੀ ਗਈ ਸੀ ਅਤੇ ਪੰਜਾਬ ਵਿਚ ਰਾਸ਼ਟਰਪਤੀ ਸਾਸ਼ਨ ਲਾਗੂ ਕਰ ਦਿੱਤਾ ਗਿਆ ਸੀ।

ਮੁੱਖ ਮੰਤਰੀ ਨੂੰ ਲਿਖੇ ਆਪਣੇ ਪੱਤਰ ਵਿਚ ਸੰਧੂ ਨੇ ਕਿਹਾ ਹੈ ਕਿ ਗੋਲੀਬਾਰੀ ਅਤੇ ਸਮੁੱਚੀ ਘਟਨਾ ਲਈ ਕਮਿਸ਼ਨ ਨੇ ਉਸ ਸਮੇਂ ਦੇ ਐਸਪੀ (ਓਪਰੇਸ਼ਨਜ਼), ਏਕੇ. ਸ਼ਰਮਾ, ਐਸਐਸਪੀ ਇਜ਼ਹਾਰ ਆਲਮ (ਬਾਅਦ ਵਿਚ ਡੀਜੀਪੀ.) ਅਤੇ ਡੀਸੀ ਦਰਬਾਰਾ ਸਿੰਘ ਗੁਰੂ (ਬਾਅਦ ਵਿਚ ਮੁੱਖ ਮੰਤਰੀ ਦਾ ਪ੍ਰਿੰਸੀਪਲ ਸਕੱਤਰ), ਉਸ ਸਥਾਨ ਦੇ ਉਸ ਸਮੇਂ ਦੇ ਐਸਐਚਓ ਜਸਕੀਰਤ ਸਿੰਘ ਨੂੰ ਦੋਸ਼ੀ ਠਹਿਰਾਇਆ ਹੋਇਆ ਹੈ। ਉਨਾਂ ਦੋਸ਼ ਲਗਾਇਆ ਹੈ ਕਿ ਉਸ ਸਮੇਂ ਦੀ ਸਰਕਾਰ ਨੇ ਕਾਨੂੰਨੀ ਸਲਾਹਕਾਰ (ਐਲਆਰ) ਦੀ ਰਾਏ ਮੁਤਾਬਿਕ ਰਿਪੋਰਟ 'ਤੇ ਕਾਰਵਾਈ ਨਹੀਂ ਕੀਤੀ ਸੀ ਅਤੇ ਕਿਹਾ ਕਿ ਰਿਪੋਰਟ ਨੂੰ ਲਾਗੂ ਕਰਨਾ ਲਾਜ਼ਮੀ ਨਹੀਂ, ਇਸ ਨਾਲ ਪੁਲਿਸ ਅਧਿਕਾਰੀਆਂ ਦਾ ਮਨੋਬਲ ਡਿੱਗੇਗਾ। ਦੋਸ਼ੀਆਂ ਨੂੰ ਸਜ਼ਾ ਦਿੱਤੇ ਜਾਣ ਦੀ ਬਜਾਏ, ਇਜ਼ਹਾਰ ਆਲਮ ਅਤੇ ਡੀਐਸ. ਗੁਰੂ ਵਰਗੇ ਅਧਿਕਾਰੀ ਨਾ ਕੇਵਲ ਬਾਅਦ ਵਿਚ ਉਚੇ ਅਹੁਦਿਆਂ ਉਤੇ ਬਿਰਾਜਮਾਨ ਰਹੇ, ਬਲਕਿ ਉਨਾਂ ਨੂੰ ਸਿਆਸੀ ਸ਼ਹਿ ਅਤੇ ਰੁਤਬੇ ਵੀ ਮਿਲੇ। ਵਿਧਾਇਕ ਸੰਧੂ ਨੇ ਮੁੱਖ ਮੰਤਰੀ ਨੂੰ ਇਹ ਵੀ ਦੱਸਿਆ ਹੈ ਕਿ ਨਕੋਦਰ ਦੀ ਘਟਨਾ ਦਾ ਸੰਨ 2015 ਦੀਆਂ ਘਟਨਾਵਾਂ ਨਾਲ ਇਕ ਵਿਲੱਖਣ ਮੇਲ ਹੈ। ਦੋਹਾਂ ਮਾਮਲਿਆਂ ਵਿਚ ਗੋਲੀਬਾਰੀ ਦੀ ਕੋਈ ਜ਼ਰੂਰਤ ਨਹੀਂ ਸੀ ਅਤੇ ਦੋਵੇਂ ਥਾਂ ਹੀ ਗੋਲੀਬਾਰੀ ਸ਼ਾਂਤਮਈ ਲੋਕਾਂ ਉਤੇ ਕੀਤੀ ਗਈ। ਦੋਵਾਂ ਘਟਨਾਵਾਂ ਵਿਚ ਹੀ ਪੁਲਿਸ ਵਿਭਾਗ ਅਤੇ ਸਰਕਾਰ ਵਲੋਂ ਦੋਸ਼ੀਆਂ ਖਿਲਾਫ ਕਾਰਵਾਈ ਇਸ ਕਰਕੇ ਨਹੀਂ ਕੀਤੀ ਗਈ, ਕਿ ਪੁਲਿਸ ਅਧਿਕਾਰੀਆਂ ਦਾ ਮਨੋਬਲ ਡਿੱਗਣ ਦਾ ਖਦਸ਼ਾ ਸੀ। ਸੰਧੂ ਨੇ ਕਿਹਾ ਕਿ ਇਹ ਦਲੀਲਾਂ ਉਸ ਸਮੇਂ ਵੀ ਬੇਬੁਨਿਆਦ ਸਨ ਅਤੇ ਅੱਜ ਵੀ ਹਨ।

## ਆਰਗਨ ਨੈਸ਼ਨਲ ਲੈਬਾਰਟਰੀ 'ਚ ਸਿੱਖ ਧਰਮ ਅਤੇ ਸੱਭਿਆਚਾਰ ਬਾਰੇ ਸੈਮੀਨਾਰ

ਕੀਤਾ ਗਿਆ। ਦੁਪਹਿਰ ਦੇ ਖਾਣੇ ਦੇ ਮੇਜ਼ਾਂ 'ਤੇ ਸਵਾਲ-ਜਵਾਬ ਦਾ ਸੈਸ਼ਨ ਚੱਲਿਆ। ਚਰਚਾ ਦੌਰਾਨ ਸਿੱਖਾਂ ਬਾਰੇ ਕਈ ਗ਼ਲਤਫ਼ਹਿਮੀਆਂ ਨੂੰ ਦੂਰ ਕੀਤਾ ਗਿਆ। ਇਥੇ ਜਾਣਕਾਰੀ ਦਿੱਤੀ ਗਈ ਕਿ ਸਿੱਖ ਧਰਮ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ ਜੋ ਦੱਖਣੀ ਏਸ਼ੀਆ ਵਿਚ ਪੰਜਾਬ ਵਿਚ ਪੈਦਾ ਹੋਇਆ ਹੈ।

ਜ਼ਿਕਰਯੋਗ ਹੈ ਕਿ ਆਰਗਨ ਨੈਸ਼ਨਲ ਲੈਬੋਰੇਟਰੀ ਅਮਰੀਕਾ ਦੇ ਊਰਜਾ ਨਾਲ ਸਬੰਧਿਤ ਬਹੁ-ਵਿਧੀ ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਕੇਂਦਰ ਦਾ ਵਿਭਾਗ ਹੈ, ਜਿੱਥੇ ਪ੍ਰਤਿਭਾਸ਼ਾਲੀ ਖੋਜਕਰਤਾ ਮਨੁੱਖਤਾ ਦੇ ਸਾਹਮਣੇ ਖੜ੍ਹੇ ਵੱਡੇ ਸਵਾਲਾਂ ਦਾ ਜਵਾਬ ਦੇਣ ਲਈ ਇਕੱਠੇ ਕੰਮ ਕਰਦੇ ਹਨ। ਇਸ ਤਰ੍ਹਾਂ ਆਰਗਨ ਨੈਸ਼ਨਲ ਲੈਬੋਰੇਟਰੀ ਆਪਣੀ ਕਿਸਮ ਦੀ ਦੇਸ਼ ਦੀ ਪਹਿਲੀ ਕੌਮੀ ਪ੍ਰਯੋਗਸ਼ਾਲਾ ਹੈ।

## ਬਰਗਾੜੀ ਮੋਰਚਾ ਅਤੇ ਭਵਿੱਖ ਦੀ ਸਿੱਖ ਰਾਜਨੀਤੀ

ਸੁਖਦੇਵ ਸਿੰਘ ਢੀਂਡਸਾ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਕਰ ਲੈਣਗੀਆਂ ? ਬਰਗਾੜੀ ਮੋਰਚੇ ਨੇ ਪੰਥ ਦੀ ਨਵੀਂ ਰਾਜਨੀਤੀ ਲਈ ਇਕ ਅਜਿਹਾ ਮੰਚ ਜ਼ਰੂਰ ਤਿਆਰ ਕਰ ਦਿੱਤਾ ਹੈ, ਜਿਸ ਵਿਚ ਸਿੱਖ ਪੰਥ ਦੀ ਰਾਜਨੀਤੀ ਦੇ ਸੁਹਿਰਦ ਚਿਹਰੇ ਸ਼ਾਮਲ ਹੋ ਕੇ ਸਿੱਖ ਰਾਜਨੀਤੀ ਦੀ ਨਵੀਂ ਇਬਾਰਤ ਲਿਖ ਸਕਦੇ ਹਨ। 14 ਅਕਤੂਬਰ, 2018 ਨੂੰ ਬਰਗਾੜੀ ਮੋਰਚੇ ਦੇ ਪ੍ਰਬੰਧਕ ਬੇਅਦਬੀ ਕਾਂਡ ਦੌਰਾਨ ਹੋਈਆਂ ਸ਼ਹੀਦੀਆਂ ਦਾ ਤੀਸਰਾ ਸ਼ਹੀਦੀ ਸਮਾਗਮ ਕਰ ਰਹੇ ਹਨ। ਜ਼ਾਹਿਰ ਹੈ ਕਿ ਉਸ ਸਮੇਂ ਵੱਡੀ ਗਿਣਤੀ ਵਿਚ ਸਿੱਖ ਬਰਗਾੜੀ ਵਿਖੇ ਇਕੱਠੇ ਹੋਣਗੇ। ਜੇਕਰ ਉਸ ਸਮੇਂ ਤੱਕ ਅਕਾਲੀ ਹਲਕਿਆਂ ਵਿਚੋਂ ਢੀਂਡਸਾ ਵਰਗੇ ਹੋਰ ਆਗੂ ਵੀ ਬਾਹਰ ਆ ਜਾਂਦੇ ਹਨ ਅਤੇ ਉਹ ਸ. ਢੀਂਡਸਾ ਸਮੇਤ 14 ਅਕਤੂਬਰ ਦੇ ਸ਼ਹੀਦੀ ਸਮਾਗਮ ਵਿਚ ਸ਼ਾਮਲ ਹੁੰਦੇ ਹਨ ਤਾਂ ਇਹ ਮੋਰਚਾ ਯਕੀਨਨ ਸਿੱਖ ਰਾਜਨੀਤੀ ਨੂੰ ਭਵਿੱਖਮੁਖੀ ਦਿਸ਼ਾ ਦੇਣ ਵਾਲਾ ਇਕ ਨਵਾਂ ਅਧਿਆਇ ਸਾਬਤ ਹੋਏਗਾ।

ਪੰਥ ਦੇ ਅਜਿਹੇ ਹਾਲਾਤ ਵਿਚ ਸਿੱਖ ਰਾਜਨੀਤੀ ਨੂੰ, ਵਿਸ਼ੇਸ਼ ਕਰਕੇ ਸੰਘਰਸ਼ਸ਼ੀਲ ਧਿਰਾਂ ਨੂੰ ਹੁਣ, ਸੰਨ 2022 ਵਿਚ ਪੰਜਾਬ ਦੀ ਸੱਤਾ ਉੱਤੇ ਸਪੱਸ਼ਟ ਬਹੁਮਤ ਨਾਲ ਰਾਜ ਕਰਨ ਦੀ ਚੇਤਨਾ ਅਨੁਸਾਰ ਸੋਚਣਾ ਅਤੇ ਕੰਮ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਹਾਲਾਤ ਉਨ੍ਹਾਂ ਦੇ ਪੱਖ ਵੱਲ ਜਾ ਰਹੇ ਹਨ। ਪਰ ਕੀ ਇਸ ਸਬੰਧੀ ਉਹ ਪੰਜਾਬ ਵਾਸੀਆਂ ਨੂੰ ਇਕ ਨਵਾਂ ਵਿਜ਼ਨ ਦੇਣਗੇ? ਰਾਜਨੀਤੀ ਸੰਭਾਵਨਾਵਾਂ ਦੀ ਖੇਡ ਹੋਣ ਕਾਰਨ ਅਜਿਹੀ ਸੰਭਾਵਨਾ ਬਣ ਸਕਦੀ ਹੈ ਪਰ ਇਸ ਸਬੰਧੀ ਸਿੱਖ ਰਾਜਨੀਤੀ ਨੂੰ "ਨਵਾਂ ਦ੍ਰਿਸ਼ਟੀ ਦਸਤਾਵੇਜ਼ 2022" ਪੰਜਾਬ ਵਾਸੀਆਂ ਸਾਹਮਣੇ ਪੇਸ਼ ਕਰਨਾ ਹੋਏਗਾ। ਸੰਘਰਸ਼ਸ਼ੀਲ ਧਿਰਾਂ ਨੂੰ, ਨਾ ਕੇਵਲ ਬਾਦਲ ਸੱਭਿਆਚਾਰ ਵਾਲੇ ਆਗੂਆਂ, ਸਗੋਂ ਕਾਂਗਰਸ, ਬੀਜੇਪੀ ਤੇ ਭਾਰਤੀ ਮੀਡੀਆ ਦੇ ਇਕ ਵੱਡੇ ਹਿੱਸੇ ਵੱਲੋਂ, ਗਰਮ-ਖਿਆਲੀ, ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਵਾਲੇ ਨਾਂ ਦੇ ਕੇ ਹਮੇਸ਼ਾ ਬਦਨਾਮ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਯਕੀਨਨ ਇਹ ਸਮਾਂ ਸਿੱਖ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਦੀ ਰੌਸ਼ਨੀ ਵਿਚ ਪੰਜਾਬ ਆਧਾਰਿਤ ਇਕ ਨਵੇਂ ਸ਼ਾਸਕੀ ਮਾਡਲ ਨੂੰ ਸਾਕਾਰ ਕਰਨ ਦਾ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੋਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

**Priti Singh (925) 999-0823**

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ











ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

Satnam Singh Khalsa
510-706-1300






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


SHER ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM